ਪੂਰਨ ਸਿੰਘ

# ਬਾਬਾ ਰੂਨਾ ਅਤੇ ਹੋਰ ਕਹਾਣੀਆਂ



# ਬਾਬਾ ਰੂੜਾ
## ਅਤੇ ਹੋਰ ਕਹਾਣੀਆਂ

SIKHBOOKCLUB.COM

# ਬਾਬਾ ਰੂੜਾ

## ਅਤੇ ਹੋਰ ਕਹਾਣੀਆਂ

ਪੂਰਨ ਸਿੰਘ

SIKHBOOKCLUB.COM

ਸਿੰਘ ਬ੍ਰਦਰਜ਼
ਅੰਮ੍ਰਿਤਸਰ

BABA RURA ATE HOR KAHANIAN

[A Collection of Short Stories]

*by*

PURAN SINGH
41 NORTHFIELD ROAD,
LONDON E6 2AJ (U.K.)
TELE 0181 472 4466

© ਲੇਖਕ

ISBN 81-7205-246-4

SIKHBOOKCLUB.COM

ਪਹਿਲੀ ਵਾਰ ਅਗਸਤ 2000
ਮੁੱਲ : 100-00

ਪ੍ਰਕਾਸ਼ਕ :
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਛਾਪਕ :
ਪ੍ਰਿੰਟਵੈੱਲ, 146, ਇੰਡ. ਫੋਕਲ ਪੁਆਇੰਟ, ਅੰਮ੍ਰਿਤਸਰ

# ਕਹਾਣੀ-ਸੂਚੀ


- ਬਾਬਾ ਰੂੜਾ 7
- ਸੋਚ-ਸੰਸਕਾਰ 20
- ਵੱਡਾ ਭਰਾ 30
- ਇਕ ਅਨੂਠਾ ਆਗਮਨ 42
- ਬਿੱਲ ਉਦਾਸ ਹੋ ਗਿਆ 51
- ਸਾਰੇ ਦੇਸ਼ ਦੀ ਸੁੰਦਰਤਾ 60
- ਸੰਵੇਦਨਾ 70
- ਹਮਸਾਏ ਮਾਂ ਪਿਉ ਜਾਏ 77
- ਲੱਭੂ ਰਾਮ 82
- ਸੋਮਾਂ 91


SIKHBOOKCLUB.COM

# ਬਾਬਾ ਰੂੜਾ

"ਮੈਨੂੰ ਛੇਤੀ ਹੈ; ਮੈਂ ਚੱਲਨਾਂ," ਕਹਿ ਕੇ ਸੁਰਿੰਦਰ ਬਾਬੇ ਦੇ ਘਰੋਂ ਨਿਕਲ ਕੇ ਆਪਣੇ ਰਾਹੇ ਪੈ ਗਿਆ। ਬਾਬਾ ਰੂੜਾ ਇਹ ਉੱਤਰ ਸੁਣ ਕੇ ਬਹੁਤ ਉਦਾਸ ਹੋ ਗਿਆ। ਵਰਤਮਾਨ ਦਾ ਇਹ ਧੱਕਾ ਉਸਨੂੰ ਉਸਦੇ ਅਤੀਤ ਵਿਚ ਲੈ ਗਿਆ।

ਬੂਟਾ ਅਤੇ ਰੂੜਾ ਦੋ ਭਰਾ ਸਨ। ਬੂਟਾ ਵੱਡਾ ਸੀ ਅਤੇ ਰੂੜਾ ਉਸ ਤੋਂ ਚੌਦਾਂ ਕੁ ਸਾਲ ਛੋਟਾ। ਸਿੱਖਾਂ ਦੇ ਪਿੰਡ ਵਿਚ ਇਹ ਇਕੋ ਇਕ ਮੁਸਲਮਾਨ ਪਰਿਵਾਰ ਸੀ। ਬੂਟੇ ਦਾ ਪੂਰਾ ਨਾਂ ਮੁਹੰਮਦ ਬੂਟਾ ਸੀ। ਰੂੜੇ ਦੇ ਨਾਂ ਨਾਲ ਕਿਸੇ ਪ੍ਰਕਾਰ ਦਾ ਕੋਈ ਅਗੇਤਰ ਪਿਛੇਤਰ ਨਹੀਂ ਸੀ। ਜਿਹੜਾ ਕੰਮ ਧਰਮ ਨਹੀਂ ਸੀ ਕਰ ਸਕਿਆ, ਉਹ ਸਮੇਂ ਨੇ ਕਰ ਦਿੱਤਾ। ਬੁੱਢੇ ਵਾਰੇ ਉਸਦੇ ਨਾਂ ਨਾਲ 'ਬਾਬਾ' ਅਗੇਤਰ ਲਾ ਕੇ ਇਲਾਕੇ ਦੇ ਲੋਕਾਂ ਨੇ ਉਸਨੂੰ 'ਬਾਬਾ ਰੂੜਾ' ਕਹਿਣਾ ਸ਼ੁਰੂ ਕਰ ਦਿੱਤਾ।

ਰੂੜਾ ਦਸ ਕੁ ਸਾਲ ਦਾ ਸੀ, ਜਦੋਂ ਉਸਦੇ ਮਾਤਾ-ਪਿਤਾ ਅੱਗੜ-ਪਿੱਛੜ, ਇਕ ਸਾਲ ਦੇ ਅੰਦਰ ਅੰਦਰ, ਇਸ ਸੰਸਾਰ ਤੋਂ ਵਿਦਾ ਹੋ ਗਏ। ਉਹ ਸਮੇਂ ਚੰਗੇ ਸਨ, ਲੋਕ ਚੰਗੇ ਸਨ, ਬੂਟੇ ਅਤੇ ਉਸਦੀ ਘਰ ਵਾਲੀ ਹੱਸੋ (ਹਸਨ ਬੀਬੀ) ਨੇ ਰੂੜੇ ਨੂੰ ਮਾਤਾ ਪਿਤਾ ਦੀ ਘਾਟ ਮਹਿਸੂਸ ਨਾ ਹੋਣ ਦਿੱਤੀ। ਬੂਟੇ ਦਾ ਪਿਉ ਪੈਂਤੀ ਬੱਕਰੀਆਂ ਛੱਡ ਕੇ ਮਰਿਆ ਸੀ। ਉਹਨੀਂ ਦਿਨੀਂ ਇਹ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ। ਰੁੱਖਾਂ-ਬਿਰਖਾਂ ਅਤੇ ਮਲ੍ਹਿਆਂ ਝਾੜੀਆਂ ਦੇ ਪੱਤੇ ਖਾ ਕੇ ਦੁੱਧ ਦੇਣ ਦੀ ਜਾਦੂਗਰੀ ਜਾਂ ਕਲਾਕਾਰੀ ਕਰਨ ਵਾਲੀਆਂ ਬੂਟੇ ਦੀਆਂ ਬੱਕਰੀਆਂ ਤੋਂ ਪ੍ਰੇਰਣਾ ਲੈ ਕੇ ਹੀ ਸੋਹਲਾਂ ਦੇ ਇਕ ਜੱਟ, ਦਲੀਪ ਸਿੰਘ ਨੇ, ਵਾਹੀ ਛੱਡ ਕੇ ਅਜਾਲੀ ਦਾ ਕਿੱਤਾ ਅਪਣੌਂ ਲਿਆ ਸੀ। ਭਰਾ ਭਰਜਾਈ ਦੇ ਮਨਾਂ ਵਿਚ ਪਿਆਰ ਅਤੇ ਘਰ ਵਿਚ ਦੁੱਧ ਦੀ ਬਹੁਤਾਤ ਕਾਰਨ ਰੂੜਾ ਚੰਗਾ ਜੁਆਨ ਹੋ ਗਿਆ। ਜਦੋਂ ਬੂਟੇ ਦੇ ਘਰ ਗਾਮੇ (ਗ਼ੁਲਾਮ ਮੁਹੰਮਦ) ਦਾ ਜਨਮ ਹੋਇਆ, ਉਦੋਂ ਤਕ ਰੂੜਾ ਆਪਣੇ ਇਲਾਕੇ ਦਾ ਮੰਨਿਆ ਦੰਨਿਆ ਬਲਵਾਨ ਬਣ ਚੁੱਕਾ ਸੀ।

ਸਾਰੇ ਪਿੰਡ ਨੂੰ ਰੂੜੇ ਉੱਤੇ ਮਾਣ ਸੀ। ਹੋਲੀਆਂ, ਤੀਆਂ ਅਤੇ ਛਿੰਝਾਂ ਦੇ ਮੌਕੇ ਕੁਸ਼ਤੀਆਂ ਹੁੰਦੀਆਂ ਸਨ। ਰੂੜਾ ਮਾਲੀ ਲੈ ਕੇ ਆਉਂਦਾ ਸੀ। ਪਿੰਡ ਦੇ ਦਾਨੇ ਆਖਦੇ ਸਨ, "ਕਰਮੇ ਦੇ ਮੁੰਡੇ ਨੇ ਪਿੰਡ ਦਾ ਨਾਂ ਕੱਢ ਦਿੱਤਾ।" ਕਰਮ ਇਲਾਹੀ ਗ਼ਰੀਬੜਾ ਜਿਹਾ ਆਦਮੀ ਸੀ। ਭਲਮਣਸਊ, ਹਲੀਮੀ ਅਤੇ ਮਿਠਾਸ ਵਿਚ ਉਸ ਦੇ ਪੁੱਤਰ ਉਸ ਨਾਲੋਂ ਦੋ ਕਦਮ ਅਗੇਰੇ ਸਨ।

ਪਤਾ ਨਹੀਂ ਬਲਵਾਨੀ ਦੇ ਲੋਰ ਵਿਚ ਜਾਂ ਕਿਸੇ ਹੋਰ ਕਾਰਨ ਰੂੜੇ ਨੇ ਵਿਆਹ ਨਹੀਂ

ਸੀ ਕਰਵਾਇਆ ਜਾਂ ਉਸਦਾ ਵਿਆਹ ਨਹੀ ਸੀ ਹੋਇਆ। ਉਹ ਘੁਲਣ ਤੋਂ ਸਿਵਾ ਹੋਰ ਕੋਈ ਕੰਮ-ਧੰਦਾ ਨਹੀਂ ਸੀ ਕਰਦਾ। ਭਲਵਾਨੀ ਵਿਚ ਵਾਹ ਵਾਹ ਬਹੁਤ ਸੀ ਪਰ ਕਮਾਈ ਬਹੁਤੀ ਨਹੀਂ ਸੀ। ਵੱਡੇ ਭਰਾ ਦੀ ਹੋਂਦ ਅਤੇ ਆਪਣੇ ਟੱਬਰ ਦੀ ਅਣਹੋਂਦ ਕਾਰਨ ਉਸਨੂੰ ਕਮਾਈ ਦੀ ਬਹੁਤੀ ਲੋੜ ਵੀ ਨਹੀ ਸੀ। ਅਜੇ ਉਹ ਤਕੜਾ ਸੀ, ਘੁਲ ਸਕਦਾ ਸੀ, ਜਦੋਂ (ਇਕ ਉਚੇਚੇ ਕਾਰਣ-ਵੱਸ) ਪੈਂਤੀਆਂ ਤੋਂ ਟੱਪ ਕੇ, ਕੂੜੇ ਨੇ ਘੁਲਣਾ ਛੱਡ ਦਿੱਤਾ ਅਤੇ ਪੀਰ-ਪਹਿਲਵਾਨ ਬਣ ਗਿਆ। ਪਿੰਡ ਵਿਚ ਅਖਾੜਾ ਤਾਂ ਪਹਿਲਾਂ ਹੀ ਸੀ ਅਤੇ ਗਭਰੂ ਮੁੰਡੇ ਕਸਰਤ ਵੀ ਕਰਦੇ ਸਨ ਪਰ ਅੱਗੇ ਤੋਂ ਕੂੜੇ ਨੇ ਇਸ ਕਿਰਿਆ ਨੂੰ ਨਵਾਂ ਰੂਪ ਦੇਣਾ ਆਰੰਭ ਕਰ ਦਿੱਤਾ। ਉਸਨੇ ਕਬੱਡੀ ਦੀ ਟੋਲੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸਦੇ ਨਾਲ ਨਾਲ ਇਕ ਟੋਲੀ ਭੰਗੜੇ ਦੀ ਵੀ। ਜੇ ਕਦੇ ਪਿੰਡ ਦਾ ਕੋਈ ਸਿਆਣਾ ਪੁੱਛ ਬਹਿੰਦਾ, "ਇਹ ਕਿਹੜੇ ਕੰਮ ਵਿਚ ਪੈ ਗਿਆਂ, ਭਲਵਾਨਾ ?" ਤਾਂ ਕੂੜਾ ਅੱਗੋਂ ਹਲੀਮੀ ਨਾਲ ਕਹਿੰਦਾ, "ਚਾਚਾ, ਭੰਗੜਾ ਐਵੇਂ ਬਹਾਨਾ ਈ ਆ; ਮੂਲ ਮੁੱਦਾ ਤਾਂ ਕਸਰਤ ਆ।" ਮੂਲ ਮੁੱਦਾ ਕੁਝ ਵੀ ਸੀ, ਭੰਗੜੇ ਨੇ ਕੂੜੇ ਵਿਚਲੇ ਕੁਦਰਤੀ ਕਲਾਕਾਰ ਨੂੰ ਪਰਗਟ ਕਰਨ ਦਾ ਕਮਾਲ ਕਰ ਵਿਖਾਇਆ।

ਇਕ ਵੇਰ ਰੇਲਵੇ ਲਾਈਨ ਦੇ ਨਾਲ ਲਗਦੀ ਥਾਂ ਵਿਚ ਬੱਕਰੀਆਂ ਚਾਰਦਿਆਂ ਕੂਟਾ ਟਾਹਲੀ ਦੀ ਛਾਵੇਂ ਸੌਂ ਗਿਆ। ਉਸਦੀਆਂ ਚਾਰ ਬੱਕਰੀਆਂ ਔਜਲਿਆਂ ਵਾਲੇ ਜਗੀਰੇ ਦੀ ਫ਼ਸਲੇ ਜਾ ਪਈਆਂ। ਜਗੀਰੇ ਨੇ ਚਹੁੰਆਂ ਦੇ ਗਲ ਰੱਸਾ ਪਾ ਲਿਆ ਅਤੇ ਆਪਣੇ ਪਿੰਡ ਨੂੰ ਲੈ ਤੁਰਿਆ। ਜਦੋਂ ਬਾਕੀ ਬੱਕਰੀਆਂ ਨੇ ਵੇਖਿਆ ਕਿ ਉਨ੍ਹਾਂ ਦੀਆਂ ਸਾਥਣਾਂ ਨੂੰ ਕੋਈ ਓਪਰਾ ਆਦਮੀ ਲਈ ਜਾ ਰਿਹਾ ਹੈ ਤਾਂ ਉਹ ਵੀ ਜਗੀਰੇ ਦੇ ਪਿੱਛੇ ਹੋ ਤੁਰੀਆਂ। ਉਸਨੇ ਉਨ੍ਹਾਂ ਨੂੰ ਪਿੱਛੇ ਮੋੜਨ ਦਾ ਬਥੇਰਾ ਜਤਨ ਕੀਤਾ ਪਰ ਉਹ ਨਾ ਮੁੜੀਆਂ। ਉਹ ਜਿਧਰ ਨੂੰ ਜਾਵੇ, ਸਾਰਾ ਇੱਜੜ ਉਸਦੇ ਪਿੱਛੇ ਹੋ ਤੁਰੇ। ਜੇ ਉਹ ਪਿੰਡ ਵੱਲ ਨੂੰ ਮੁੜੇ ਤਾਂ ਸਾਰੀਆਂ ਬੱਕਰੀਆਂ, ਫ਼ਸਲਾਂ ਦੇ ਵਿਚਦੀ, ਉਸਦੇ ਪਿੱਛੇ ਹੋ ਤੁਰਨ। ਏਨੀਆਂ ਬੱਕਰੀਆਂ ਨੂੰ ਕਾਬੂ ਕਰਨਾ ਉਸ ਲਈ ਔਖਾ ਹੋ ਗਿਆ। ਉਸਨੂੰ ਫ਼ਿਕਰ ਪੈ ਗਿਆ ਕਿ ਲੋਕਾਂ ਦੀਆਂ ਫ਼ਸਲਾਂ ਉਜਾੜਨ ਦੀ ਸਾਰੀ ਜ਼ਿੰਮੇਦਾਰੀ ਉਸ ਉੱਤੇ ਆ ਪੈਣੀ ਹੈ। ਉਹ ਬੂਟੇ ਦੀਆਂ ਬੱਕਰੀਆਂ ਨੂੰ ਲੈ ਕੇ ਮੁੜ ਬੂਟੇ ਕੋਲ ਆ ਗਿਆ ਅਤੇ ਆਖਿਆ, "ਉੱਠ ਭਰਾਵਾ, ਇਨ੍ਹਾਂ ਬੱਕਰੀਆਂ ਤੋਂ ਮੇਰਾ ਪਿੱਛਾ ਛੁਡਾ।"

ਇਕ ਸਾਲ ਦੀ ਮਿਹਨਤ ਨਾਲ ਕੂੜੇ ਨੇ ਆਪਣੇ ਭਰਾ ਦੀਆਂ ਬੱਕਰੀਆਂ ਨਾਲ ਵਾਪਰੀ ਇਸ ਘਟਨਾ ਨੂੰ ਭੰਗੜੇ ਵਿਚ ਢਾਲ ਲਿਆ। ਮਿਹਨਤ ਦੇ ਨਾਲ ਨਾਲ ਉਸਨੂੰ ਖ਼ਰਚ ਵੀ ਕਰਨਾ ਪਿਆ, ਜਿਸ ਵਿਚ ਉਸਦੇ ਸ਼ਾਗਿਰਦਾਂ ਨੇ ਉਸਦੀ ਬਹੁਤ ਸਹਾਇਤਾ ਕੀਤੀ। ਨਤੀਜਾ ਇਹ ਹੋਇਆ ਕਿ ਤਾਲਬਪੁਰ ਪੰਡੋਰੀ ਦੀ ਵਿਸਾਖੀ ਉੱਤੇ ਕੂੜੇ ਦੇ ਭੰਗੜੇ ਦੀਆਂ ਧੁੰਮਾਂ ਪੈ ਗਈਆਂ। ਸਾਰਾ ਮੇਲਾ ਕੂੜੇ ਦੇ ਭੰਗੜੇ ਵੱਲ ਟੁੱਟ ਕੇ ਪੈ ਗਿਆ। ਮਿਸਤਰੀਆਂ ਦੇ ਜੀਤੇ ਨੇ ਬੱਕਰੀਆਂ ਦੀ ਇਸ ਕਹਾਣੀ ਨੂੰ ਹਾਸ-ਰਸੀ ਕਵਿਤਾ ਦਾ ਰੂਪ ਦੇ ਲਿਆ ਸੀ। ਜਦੋਂ ਭੰਗੜੇ ਦੀ ਸਾਰੀ ਟੋਲੀ ਜਗੀਰੇ ਅਤੇ ਬੱਕਰੀਆਂ ਦੀ ਨਕਲ ਕਰਦੀ ਸੀ, ਜੀਤਾ ਆਪਣੀ ਕਵਿਤਾ ਪੜ੍ਹ ਕੇ ਇਸ ਖੇਡ ਨੂੰ, ਅਣਜਾਣੇ ਹੀ, ਪੰਜਾਬੀ ਕੱਥਕ ਦਾ ਰੂਪ ਦੇਈ ਜਾਂਦਾ ਸੀ।

ਮੇਲੇ ਦੇ ਅਖੀਰਲੇ ਦਿਨ ਜ਼ਿਲੇ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਵੀ ਪੰਡੋਰੀ ਗਿਆ। ਉਸਨੂੰ ਰੂੜੇ ਦਾ ਭੰਗੜਾ ਵਿਖਾਉਣ ਦਾ ਉਚੇਚਾ ਇੰਤਜ਼ਾਮ ਕੀਤਾ ਗਿਆ। ਪੁਲੀਸ ਨੇ ਵੱਡੇ ਅਖਾੜੇ ਦਾ ਪ੍ਰਬੰਧ ਕੀਤਾ। ਟੋਲੀ ਨੇ ਖ਼ੂਬ ਰੰਗ ਬੰਨ੍ਹਿਆ। ਡਿਪਟੀ ਕਮਿਸ਼ਨਰ ਬਹੁਤ ਖ਼ੁਸ਼ ਹੋਇਆ। ਉਹ ਕੁਰਸੀ ਤੋਂ ਉੱਠ ਕੇ ਰੂੜੇ ਕੋਲ ਗਿਆ ਅਤੇ ਉਸਨੂੰ ਥਾਪੀ ਦਿੱਤੀ। ਪੰਜਾਹ ਰੁਪਏ ਇਨਾਮ ਦੇ ਕੇ ਉਸ ਨਾਲ ਹੱਥ ਵੀ ਮਿਲਾਇਆ। ਡਿਪਟੀ ਕਮਿਸ਼ਨਰ ਦੇ ਜਾਣ ਪਿੱਛੋਂ ਥਾਣੇਦਾਰ ਨੇ ਕੁਰਸੀ ਸੰਭਾਲ ਲਈ ਅਤੇ ਅਖਾੜਾ ਕਾਇਮ ਰੱਖਿਆ। ਅੰਤ ਵਿਚ ਉਸਨੇ ਪੰਜ ਰੁਪਏ ਆਪਣੇ ਵੱਲੋਂ ਦੇ ਕੇ ਲੋਕਾਂ ਨੂੰ ਆਖਿਆ ਕਿ ਉਨ੍ਹਾਂ ਨੂੰ ਵੀ ਇਸ ਟੀਮ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਰੂੜੇ ਦਾ ਸਾਰਾ ਖ਼ਰਚਾ ਪੂਰਾ ਹੋ ਗਿਆ।

ਡਿਪਟੀ ਕਮਿਸ਼ਨਰ ਨੇ ਥਾਪੀ ਕੀ ਦਿੱਤੀ, ਰੂੜੇ ਵਿਚਲਾ ਕਲਾਕਾਰ ਸੁੰਦਰਤਾ ਦੀ ਸੇਧ ਵਿਚ ਸਰਪੱਟ ਦੌੜ ਪਿਆ। ਉਸਨੇ ਵਾਹੀ, ਬਿਜਾਈ, ਗੋਡੀ ਅਤੇ ਗਹਾਈ-ਉਡਾਈ ਦੀਆਂ ਕਿਰਿਆਵਾਂ ਨੂੰ ਭੰਗੜੇ ਦੀ ਬੋਲੀ ਪੜ੍ਹਾ ਦਿੱਤੀ। ਵਾਗਾਂ, ਜੰਞਾਂ ਅਤੇ ਲਾਵਾਂ ਨੂੰ ਨੱਚਣਾ ਸਿਖਾ ਦਿੱਤਾ। ਰੂੜੇ ਕੋਲੋਂ ਪ੍ਰੇਰਣਾ ਪਾ ਕੇ ਜੀਤਾ ਕਵੀ ਬਣ ਗਿਆ। ਕਲਾਕਾਰ ਹੋਣ ਦੇ ਨਾਲ ਨਾਲ ਰੂੜਾ ਸਦਾਚਾਰੀ ਵੀ ਸੀ। ਉਸਦਾ ਮਜ਼ਹਬ ਉਸਨੂੰ ਸ਼ਰਾਬ ਪੀਣੋਂ ਰੋਕਦਾ ਸੀ ਅਤੇ ਸਿੱਖਾਂ ਦੇ ਪਿੰਡ ਵਿਚ ਹਲਾਲ ਗੋਸ਼ਤ ਉਪਲਬਧ ਨਹੀਂ ਸੀ। ਜੁਆਨੀ ਵਿਚ ਸਰੀਰਕ ਸ਼ਕਤੀ ਵਧਾਉਣ ਦੀ ਲਗਨ ਨੇ ਅਤੇ ਅੱਧਖੜ ਉਮਰ ਵਿਚ ਕਲਾਤਮਕ ਸੁੰਦਰਤਾ ਦੀ ਉਪਾਸਨਾ ਨੇ ਉਸਦੇ ਮਨ ਨੂੰ ਹਰ ਬੁਰਾਈ ਵੱਲੋਂ ਹੋੜੀ ਰੱਖਿਆ। ਉਹ ਪਿੰਡ ਦੇ ਮੁੰਡਿਆਂ ਨੂੰ ਸ਼ਰਾਬ ਨਹੀਂ ਸੀ ਪੀਣ ਦਿੰਦਾ; ਪੂਰਾ ਪਹਿਰਾ ਦਿੰਦਾ ਸੀ ਉਨ੍ਹਾਂ ਦੇ ਮਨਾਂ ਉੱਤੇ। ਪਿੰਡ ਦੇ ਲੋਕ ਰੂੜੇ ਦੇ ਰਿਣੀ ਸਨ। ਰੂੜੇ ਨੂੰ ਪਿਆਰ ਅਤੇ ਸਤਿਕਾਰ ਦੇ ਕੇ ਉਹ ਆਪਣਾ ਰਿਣ ਚੁਕਤਾ ਕਰਨ ਦੀ ਚਿੰਤਾ ਕਰਦੇ ਰਹਿੰਦੇ ਸਨ।

ਵਿਸਾਖੀ ਦੇ ਮੇਲੇ ਤੋਂ ਮਹੀਨਾ ਕੁ ਮਗਰੋਂ ਡਿਪਟੀ ਕਮਿਸ਼ਨਰ ਨੇ ਪਿੰਡ ਦੇ ਨੰਬਰਦਾਰ ਨੂੰ ਕਚਹਿਰੀ ਸੱਦ ਕੇ ਆਖਿਆ ਕਿ ਉਹ ਇਸ ਸਾਲ ਦੁਸਹਿਰੇ ਉੱਤੇ ਰੂੜੇ ਦੀ ਟੀਮ ਦਾ ਭੰਗੜਾ ਪੁਆਉਣਾ ਚਾਹੁੰਦਾ ਹੈ। ਨਿਰਾ ਨੰਬਰਦਾਰ ਹੀ ਨਹੀਂ, ਸਾਰਾ ਪਿੰਡ ਧਰਤੀਓਂ ਗਿੱਠ ਉੱਚਾ ਹੋ ਗਿਆ। ਰੂੜੇ ਦੀ ਟੀਮ ਨੇ ਰਾਮ ਦੀ ਅਯੁੱਧਿਆ ਤੋਂ ਬਨਬਾਸ ਲਈ ਵਿਦਾ ਹੋਣ ਦੀ ਘਟਨਾ ਨੂੰ ਭੰਗੜੇ ਦੇ ਰੂਪ ਵਿਚ ਨੱਚ ਕੇ ਵਿਖਾਇਆ। ਜੀਤੇ ਦੀ ਕਵਿਤਾ ਨੇ ਅਯੁੱਧਿਆ ਦੇ ਲੋਕਾਂ ਦੇ ਦੁਖ ਨੂੰ ਕਵਿਤਾ ਵਿਚ ਗਾ ਕੇ ਕਰੁਣਾ ਦਾ ਰਸ ਬੰਨ੍ਹ ਦਿੱਤਾ। ਲੋਕਾਂ ਨੇ ਡਿਪਟੀ ਕਮਿਸ਼ਨਰ ਨੂੰ ਰੁਮਾਲ ਨਾਲ ਅੱਖਾਂ ਪੂੰਝਦਿਆਂ ਵੇਖਿਆ। ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕੰਮ ਕਰਨ ਵਾਲੀ ਦੁਸਹਿਰਾ ਕਮੇਟੀ ਵੱਲੋਂ ਰੂੜੇ ਨੂੰ, ਇਲਾਕੇ ਦੇ ਪਰਵੈਂਤੇ ਸਰਦਾਰ ਸੂਰਤ ਸਿੰਘ ਹੱਥੀਂ ਇਕ ਪੱਗ ਅਤੇ ਇਕ ਸੌ ਇਕ ਰੁਪਿਆ ਭੇਟਾ ਕੀਤਾ ਗਿਆ।

ਉਹ ਡਿਪਟੀ ਕਮਿਸ਼ਨਰ ਸਾਧਾਰਣ ਅੰਗਰੇਜ਼ ਨਹੀਂ ਸੀ। ਉਹ ਉਨ੍ਹਾਂ ਅੰਗਰੇਜ਼ਾਂ ਵਿਚੋਂ ਸੀ, ਜਿਨ੍ਹਾਂ ਨੂੰ ਭਾਰਤੀ ਕਲਾ ਅਤੇ ਕਲਚਰ ਨਾਲ ਉਚੇਚਾ ਲਗਾਉ ਸੀ। ਰੂੜੇ ਨੂੰ ਸਰੋਪਾ ਦਿੱਤੇ ਜਾਣ ਸਮੇਂ ਉਸਨੇ ਪੰਜਾਬੀ ਬੋਲੀ ਵਿਚ ਨਿੱਕਾ ਜਿਹਾ ਭਾਸ਼ਣ ਦਿੰਦਿਆਂ



WWW.SIKHBOOKCLUB.COM

ਆਖਿਆ, "ਮਿਸਟਰ ਰੂੜਾ ਕਮਾਲ ਦਾ ਆਦਮੀ ਹੈ। ਉਹ ਪੜ੍ਹਿਆ ਲਿਖਿਆ ਨਹੀਂ ਪਰ ਉਸ ਕੋਲ ਇਨਟਵੀਸ਼ਨ ਹੈ, ਜਿਸਦੀ ਮਦਦ ਨਾਲ ਉਹ ਮਨੀਪੁਰੀ ਅਤੇ ਕੱਥਕ ਨੂੰ ਮਿਲਾ ਕੇ ਇਕ ਨਵੀਂ ਕਿਸਮ ਦੇ ਨਾਚ ਦੀ ਨੀਂਹ ਰੱਖ ਰਿਹਾ ਹੈ। ਦਲਜੀਤ ਸਿੰਘ ਦੀ ਕਵਿਤਾ ਵਿਚ ਮੈਨੂੰ ਸਰ ਵਾਲਟਰ ਸਕਾਟ ਵਾਲੇ ਗੁਣ ਦਿੱਸਦੇ ਹਨ। ਮਿਸਟਰ ਰੂੜਾ ਦੀ ਸਾਰੀ ਟੀਮ ਵੰਡਰਫੁਲ ਹੈ। ਮੈਂ ਸਭ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਇਨ੍ਹਾਂ ਦੀ ਮਦਦ ਕਰ ਕੇ ਮੈਨੂੰ ਖ਼ੁਸ਼ੀ ਹੋਵੇਗੀ।"

ਰੂੜੇ ਦੀ ਪ੍ਰਸੰਨਤਾ ਦੀ ਹੱਦ ਨਾ ਰਹੀ। ਜੀਵਨ ਵਿਚ ਪਹਿਲੀ ਵੇਰ ਉਹ ਆਪੇ ਤੋਂ ਬਾਹਰ ਹੋਇਆ। ਸ਼ਹਿਰੋਂ ਪਿੰਡ ਨੂੰ ਆਉਂਦਿਆਂ ਜਦੋਂ ਠੇਕੇ ਦੇ ਸਾਹਮਣਿਉਂ ਲੰਘਣ ਲੱਗੇ ਤਾਂ ਰੂੜੇ ਨੇ ਆਪਣੀ ਜੇਬ ਵਿਚੋਂ ਵੀਹ ਰੁਪਏ ਕੱਢ ਕੇ ਜੀਤੇ ਨੂੰ ਦਿੰਦਿਆਂ ਆਖਿਆ, "ਜਾਹ ਫੜ ਲਿਆ ਚਾਰ ਬੋਤਲਾਂ। ਅੱਜ ਤੁਹਾਨੂੰ ਖੁੱਲ੍ਹੀ ਛੁਟੀ ਆ; ਮੌਜ ਕਰੋ; ਪਰ ਖਰੂਦ ਨਾ ਕਰਿਓ।"

ਠੇਕੇ ਵੱਲ ਜਾਣ ਦੀ ਥਾਂ ਜੀਤਾ ਲੱਭੂ ਰਾਮ ਹਲਵਾਈ ਦੀ ਹੱਟੀ ਵੱਲ ਚਲਾ ਗਿਆ ਅਤੇ ਦਸ ਸੇਰ ਲੱਡੂ ਲਿਆ ਕੇ ਰੂੜੇ ਦੇ ਸਾਹਮਣੇ ਰੱਖ ਦਿੱਤੇ। ਰੂੜੇ ਨੇ ਪੁੱਛਿਆ, "ਇਹ ਕੀ ?" ਟੀਮ ਦੇ ਮੁੰਡਿਆਂ ਨੇ ਆਖਿਆ, "ਬਲਵਾਨ ਜੀ, ਸਾਡੇ ਲਈ ਤੁਹਾਡੀ ਖ਼ੁਸ਼ੀ ਦਾ ਨਸ਼ਾ ਈ ਬਹੁਤ ਆ। ਅਸਾਂ ਸ਼ਰਾਬ ਨਹੀਂ ਪੀਣੀ।" ਰੂੜੇ ਨੇ ਇਕ ਇਕ ਨੂੰ ਗਲ ਲਾਇਆ ਅਤੇ ਆਖਿਆ, "ਸ਼ਾਬਾਸ਼ੇ, ਰੱਬ ਦਿਉ ਬੰਦਿਓ; ਅੱਜ ਤੁਸਾਂ ਰੂੜੇ ਦੀ ਪੱਤ ਰੱਖ ਲਈ। ਆਹ ਲਓ ਪੈਸੇ; ਹੋਰ ਲੱਡੂ ਲਿਆਉ; ਸਾਰੇ ਪਿੰਡ ਵਿਚ ਵੰਡਾਂਗੇ; ਮਜ਼ਾ ਆ ਜੂ ਦੁਸਹਿਰੇ ਦਾ।"

ਘਰ ਆ ਕੇ ਰੂੜੇ ਨੇ ਪੱਗ ਅਤੇ ਇਕ ਸੌ ਇਕ ਰੁਪਏ ਆਪਣੇ ਭਰਾ ਅਤੇ ਭਰਜਾਈ ਦੇ ਪੈਰਾਂ ਉੱਤੇ ਰੱਖ ਕੇ ਸਿਰ ਝੁਕਾਇਆ ਤਾਂ ਹਸਨ ਬੀਬੀ ਨੇ ਉਸਨੂੰ ਗਲਵਕੜੀ ਵਿਚ ਲੈ ਕੇ ਆਖਿਆ, "ਵੇ ਰੂੜਿਆ, ਕੀ ਪਿਆ ਕਰਨਾਂ ਕਰਮਾਂ ਵਾਲਿਆ ? ਤੂੰ ਤੇ ਕੋਈ ਅੱਲਾ ਲੋਕ ਏਂ। ਸਾਨੂੰ ਸਿਜਦਾ ਕਰ ਕੇ ਗੁਨਾਹਗਾਰ ਨਾ ਬਣਾ।"

ਅਗਲੇ ਦਿਨ ਬੂਟਾ ਅਤੇ ਹਸਨ ਬੀਬੀ ਰੂੜੇ ਨੂੰ ਨਾਲ ਲੈ ਕੇ ਨੰਬਰਦਾਰ ਦੇ ਘਰ ਗਏ। ਇਕ ਸੌ ਇਕ ਰੁਪਏ ਅਤੇ ਪੱਗ ਉਸਨੂੰ ਦੇ ਕੇ ਉਨ੍ਹਾਂ ਆਖਿਆ, "ਨੰਬਰਦਾਰ ਜੀ, ਇਹ ਪਿੰਡ ਦੇ ਮੁੰਡਿਆਂ ਦਾ ਅਨਾਮ ਆ; ਸਾਰੇ ਪਿੰਡ ਦਾ ਸਾਂਝਾ। ਇਹਦਾ ਜੋ ਕਰਨਾ ਤੁਸੀਂ ਕਰੋ। ਰੂੜਾ ਕਹਿੰਦਾ ਮੈਂ ਨਹੀਂ ਰੱਖਣਾ।"

ਰੂੜਾ ਸਿਰ ਝੁਕਾਈ ਖਲੋਤਾ ਧਰਤੀ ਵੱਲ ਵੇਖਦਾ ਰਿਹਾ। ਪਿੰਡ ਦੇ ਜੁਆਨ ਮੁੰਡਿਆਂ ਨੂੰ ਮੱਤਾਂ ਦੇਣ ਵਾਲਾ ਰੂੜਾ ਆਪਣੇ ਭਰਾ-ਭਰਜਾਈ ਸਾਹਮਣੇ ਨਿੱਕਾ ਜਿਹਾ ਬਾਲ ਬਣਿਆ ਖਲੋਤਾ ਸੀ। ਨੰਬਰਦਾਰ ਨੇ ਚੰਗੀ ਵਿਉਂਤ ਸੋਚ ਲਈ। ਉਸੇ ਦਿਨ ਪਿੰਡ ਦੇ ਲੋਕਾਂ ਨੂੰ ਇਕੱਠੇ ਕਰ ਕੇ ਬੂਟੇ ਦੇ ਵਾੜੇ ਦੇ ਨਾਲ ਲੱਗਦੀ ਸ਼ਾਮਲਾਟ ਰੂੜੇ ਦੇ ਨਾਂ ਕਰਨ ਦਾ ਫ਼ੈਸਲਾ ਕਰ ਲਿਆ। ਪਿੰਡ ਵਿਚ ਉਗਰਾਹੀ ਲਾ ਦਿੱਤੀ। ਦੋ ਮਹੀਨਿਆਂ ਦੇ ਵਿਚ ਵਿਚ ਰੂੜੇ ਲਈ ਪੱਕਾ ਕਮਰਾ ਪੁਆ ਕੇ ਚਾਰ ਦੀਵਾਰੀ ਵੀ ਕਰਵਾ ਦਿੱਤੀ ਅਤੇ ਵਿਹੜੇ ਵਿਚ ਨਲਕਾ ਵੀ ਲਵਾ ਦਿੱਤਾ।


WWW.SIKHBOOKCLUB.COM

ਕੂੜੇ ਦਾ ਨਵਾਂ ਘਰ ਵੇਖ ਕੇ ਸਾਰਾ ਪਿੰਡ ਖ਼ੁਸ਼ ਸੀ। ਹਰ ਇਕ ਆਦਮੀ ਇਉਂ ਉਤਸ਼ਾਹਿਆ ਹੋਇਆ ਸੀ ਜਿਵੇਂ ਉਸਦਾ ਆਪਣਾ ਘਰ ਬਣ ਗਿਆ ਹੋਵੇ। ਮਾਘ ਦੀ ਸੰਗਰਾਂਦ ਵਾਲੇ ਦਿਨ ਪਿੰਡ ਦੇ ਲੋਕ ਨਵੇਂ ਘਰ ਵਿਚ ਇਕੱਠੇ ਹੋਏ। ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕੀਤੀ ਗਈ ਅਤੇ ਅਰਦਾਸ ਕਰ ਕੇ ਪ੍ਰਸ਼ਾਦਿ ਵੰਡ ਕੇ ਨਵਾਂ ਘਰ ਕੂੜੇ ਨੂੰ ਸੌਂਪਿਆ ਗਿਆ। ਕੂੜਾ ਹੌਲੀ ਨਾਲ ਉੱਠਿਆ ਅਤੇ ਇਸਤ੍ਰੀਆਂ ਵਿਚ ਬੈਠੀ ਆਪਣੀ ਭਰਜਾਈ ਦੇ ਪੈਰ ਫੜ ਕੇ ਬੁਸਕਣ ਲੱਗ ਪਿਆ। ਭਰਜਾਈ ਨੇ ਸਿਰ 'ਤੇ ਪਿਆਰ ਦੇ ਕੇ ਕਿਹਾ, "ਰੋ ਨਾ, ਕੂੜਿਆ; ਖ਼ੁਸ਼ ਹੋ; ਵੇਖ ਰੱਬ ਨੇ ਤੈਨੂੰ ਕਿੰਨਾ ਭਾਗ ਲਾਇਆ। ਮੇਰੇ ਜੀਂਦੇ ਜੀ ਤੇਰਾ ਘਰ ਬਣ ਗਿਆ; ਸ਼ੁਕਰ ਅੱਲਾ ਦਾ! ਅਸੀਂ ਸੁਰਖ਼ਰੂ ਹੋ ਗਏ।"

ਕੂੜੇ ਦੀਆਂ ਧਾਹੀਂ ਨਿਕਲ ਗਈਆਂ, "ਬੇਬੇ, ਮੈਨੂੰ ਨਹੀਂ ਲੋੜ ਘਰ ਦੀ। ਤੇਰੇ ਪੈਰਾਂ ਵਿਚ ਮੇਰੀ ਜੰਨਤ ਆ। ਮੈਂ ਬਾਅ ਨਾਲੋਂ ਵੱਖ ਨਹੀਂ ਹੋਣਾ। ਤੁਸੀਂ ਏਨੀਆਂ ਬੱਕਰੀਆਂ ਸਾਂਭਦੇ ਓ; ਮੈਂ ਕਿਤੇ ਭਾਰਾ ਆਂ ? ਇਹ ਘਰ ਗਾਮੇ ਨੂੰ ਦੇ ਦਿਉ।"

ਪਰ ਗਾਮਾ ਉਥੇ ਕਿੱਥੇ ਸੀ। ਉਹ ਆਪਣੇ ਵੱਡੇ ਸਾਲੇ ਦੇ ਕਹਿਣ ਉੱਤੇ ਵਿਆਹ ਤੋਂ ਸਾਲ ਕੁ ਮਗਰੋਂ ਹੀ ਲਾਹੌਰ ਚਲਾ ਗਿਆ ਸੀ। ਉਸਦਾ ਸਾਲਾ ਲਾਹੌਰ ਦੇ ਰੇਲਵੇ ਸਟੇਸ਼ਨ ਉੱਤੇ ਕੁਲੀ ਦਾ ਕੰਮ ਕਰਦਾ ਸੀ। ਉਸਦੀ ਨੌਕਰੀ ਪੱਕੀ ਸੀ। ਉਸਦੀ ਸਹਾਇਤਾ ਨਾਲ ਗਾਮੇ ਨੇ ਇਕ ਖੋਖਾ ਜਿਹਾ ਲੈ ਕੇ ਮੁਨਿਆਰੀ ਦੀ ਦੁਕਾਨ ਪਾ ਲਈ ਸੀ। ਇਥੇ ਵੀ ਉਹ ਪਿੰਡਾਂ ਵਿਚ ਫੇਰੀ ਲਾ ਕੇ ਮੁਨਿਆਰੀ ਵੇਚਦਾ ਹੁੰਦਾ ਸੀ। ਉਸ ਨੂੰ ਲਾਹੌਰ ਗਿਆਂ ਚਾਰ ਸਾਲ ਹੋ ਗਏ ਸਨ। ਇਕ ਵੇਰ ਪਿੰਡੋਂ ਜਾ ਕੇ ਉਸਨੇ ਵੱਟੀ ਨਹੀਂ ਸੀ ਵਾਹੀ।

ਕੂੜਾ ਆਪਣੀ ਬੇਬੇ ਕੋਲ ਹੀ ਰਿਹਾ। ਉਸਨੂੰ ਨਵੇਂ ਘਰ ਦੀ ਨਵੀਂ ਵਰਤੋਂ ਸੁੱਝ ਪਈ। ਭੰਗੜੇ ਦੀ ਟੀਮ ਦਾ ਸਾਰਾ ਸਾਮਾਨ (ਢੋਲ, ਘੁੰਗਰੂ ਅਤੇ ਕੱਪੜੇ ਆਦਿਕ) ਪਿੰਡ ਦੇ ਘਰਾਂ ਵਿਚ ਰੱਖਿਆ ਹੋਇਆ ਸੀ। ਹੁਣ ਉਹ ਇਸ ਨਵੇਂ ਬਣੇ ਘਰ ਵਿਚ ਆ ਗਿਆ। ਮੁੰਡਿਆਂ ਦੀ ਕਸਰਤ ਦਾ ਪ੍ਰਬੰਧ ਵੀ ਏਸੇ ਘਰ ਵਿਚ ਕਰ ਲਿਆ ਗਿਆ। ਮੁੰਡਿਆਂ ਨੂੰ ਕਹਿ ਕੇ ਕੂੜੇ ਨੇ ਚਾਰ ਦੀਵਾਰੀ ਦੇ ਨਾਲ ਨਾਲ ਧਰੇਕਾਂ ਲੁਆ ਲਈਆਂ। ਇਹ ਘਰ ਸਾਰੇ ਇਲਾਕੇ ਦਾ ਕੇਂਦਰ-ਬਿੰਦੂ ਬਣ ਗਿਆ। ਆਉਂਦੇ ਜਾਂਦੇ ਰਾਹੀ ਮੁਸਾਫ਼ਰਾਂ ਲਈ ਸਰਾਂ। ਦੋ ਤਿੰਨ ਤਖ਼ਤਪੋਸ਼ ਬਣਵਾ ਲਏ ਗਏ; ਵਿਹਲੇ ਸਮੇਂ ਧਰੇਕਾਂ ਦੀ ਛਾਵੇਂ ਬੈਠ ਕੇ ਗੱਲਾਂ-ਬਾਤਾਂ ਲਈ। ਕੂੜਾ ਫਿਰ ਤੁਰ ਕੇ ਪਤਾ ਕਰ ਲੈਂਦਾ ਸੀ ਕਿ ਕਿਸੇ ਪਿੰਡ ਵਿਚ ਕਿਸੇ ਘਰ ਨੂੰ, ਕਿਸੇ ਔਖੇ ਭਾਰੇ ਕੰਮ ਲਈ ਮਦਦ ਦੀ ਲੋੜ ਤਾਂ ਨਹੀਂ। ਜੇ ਕਿਸੇ ਨੂੰ ਵਾਢੀ ਲਈ ਮੰਗ ਚਾਹੀਦੀ ਹੋਵੇ; ਕਿਸੇ ਨੇ ਆਪਣੇ ਨਵੇਂ ਬਣੇ ਕੋਠੇ-ਮਠਲੇ ਦੀ ਛੱਤ ਉੱਤੇ ਮਿੱਟੀ ਪੁਆਉਣੀ ਹੋਵੇ ਜਾਂ ਪਿੰਡਾਂ ਦੀਆਂ ਗਲੀਆਂ ਅਤੇ ਪਹਿਆਂ ਵਿਚੋਂ ਚਿੱਕੜ-ਚੋਭਾ ਹਟਾਉਣਾ ਹੋਵੇ ਤਾਂ ਕੂੜਾ ਬਿਨ ਬੁਲਾਇਆਂ ਹੀ ਆਪਣੀ ਟੋਲੀ ਲੈ ਕੇ ਉਥੇ ਪੁੱਜ ਜਾਂਦਾ ਸੀ। ਲੋਕ ਵੀ ਉਸਦੀ ਟੋਲੀ ਦੀ ਮਿਹਨਤ ਦਾ ਮੁੱਲ ਪਾਉਂਦੇ ਸਨ। ਕੋਈ ਦੋ ਸੇਰ ਘਿਉ ਦੇ ਦਿੰਦਾ ਸੀ, ਕੋਈ ਚਾਰ ਸੇਰ ਸ਼ੱਕਰ; ਕੋਈ ਤੇਲ ਦੀ ਘਾਣੀ ਕਢਵਾ ਦਿੰਦਾ ਸੀ, ਕੋਈ ਨਕਦ ਪੈਸੇ ਦੇ ਦਿੰਦਾ ਸੀ। ਸਾਰੇ ਬਾਹਰੇ ਵਿਚ ਕੂੜੇ ਦੀ ਸੋਭਾ ਸੀ।

ਕੂੜੇ ਦੀ ਨਿੱਕੀ ਜਿਹੀ ਦੁਨੀਆਂ ਪ੍ਰਸਿੱਧੀ, ਪ੍ਰਸੰਨਤਾ ਅਤੇ ਸੁੰਦਰਤਾ ਦੀ ਸਿਖਰ

ਉੱਤੇ ਸੀ, ਜਦੋਂ ਉਸਦੀ ਬੇਬੇ, ਹਸਨ ਬੀਬੀ, ਰੱਬ ਨੂੰ ਪਿਆਰੀ ਹੋ ਗਈ। ਕੋਈ ਅੰਤ ਸੀ ਰੂੜੇ ਦੇ ਦੁਖ ਦਾ! ਪਰ ਇਸ ਵੇਰ ਉਸਦਾ ਇਹ ਦੁਖ ਹੰਝੂਆਂ ਰਾਹੀਂ ਪਰਗਟ ਨਹੀਂ ਸੀ ਹੋਇਆ। ਉਸਦਾ ਮਨ ਰੋਇਆ ਅਤੇ ਅੱਖਾਂ ਉਦਾਸ ਹੋਈਆਂ। ਉਹ ਆਪਣੇ ਭਰਾ ਨੂੰ ਗਲ ਵਿਚ ਲੈ ਕੇ ਉਵੇਂ ਹੀ ਧਰਵਾਸਾਂ ਦੇਣ ਲੱਗ ਪਿਆ, ਜਿਵੇਂ ਉਸਦੀ ਬੇਬੇ ਉਸਨੂੰ ਧਰਵਾਸਾਂ ਦਿੰਦੀ ਹੁੰਦੀ ਸੀ। ਹੁਣ ਤਕ ਆਪਣੀ ਬੇਬੇ ਦੇ ਸਿਰ ਉੱਤੇ ਬੇਪਰਵਾਹੀਆਂ ਕਰਦਾ ਆਇਆ ਰੂੜਾ ਅਚਾਨਕ ਸਿਆਣਾ ਅਤੇ ਜ਼ਿੰਮੇਦਾਰ ਬਣ ਗਿਆ। ਸੱਤਰਾਂ ਸਾਲਾਂ ਦੇ ਬੂਟੇ ਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਵੀ ਸੀ। ਲੋੜ ਤਾਂ ਉਸਨੂੰ ਆਪਣੇ ਪੁੱਤਰ ਗਾਮੇ ਦੇ ਸਾਥ ਦੀ ਵੀ ਸੀ; ਪਰ ਇਹ ਉਸਦੇ ਵੱਸ ਵਿਚ ਨਹੀਂ ਸੀ। ਗਾਮੇ ਨੇ ਮਾਂ ਦੀ ਮੌਤ ਦੀ ਚਿੱਠੀ ਪੜ੍ਹ ਕੇ ਅਫ਼ਸੋਸ ਦੀ ਚਿੱਠੀ ਲਿਖ ਦਿੱਤੀ ਸੀ ਅਤੇ ਸਮਝ ਲਿਆ ਸੀ ਕਿ ਉਸਦਾ ਫ਼ਰਜ਼ ਪੂਰਾ ਹੋ ਗਿਆ ਹੈ।

ਹੌਲੀ ਹੌਲੀ ਬੂਟਾ ਅੰਦਰੋਂ ਟੁੱਟਣ ਲੱਗ ਪਿਆ। ਉਸਨੂੰ ਜਦੋਂ ਵੀ ਮੌਕਾ ਮਿਲਦਾ, ਉਹ ਰੂੜੇ ਨੂੰ ਘਰ ਬਾਰੇ ਅਤੇ ਹਸਨ ਬੀਬੀ ਦੇ ਪੇਕਿਆਂ ਬਾਰੇ ਗੱਲਾਂ ਦੱਸਦਾ ਰਹਿੰਦਾ। ਬਹੁਤੀ ਚਿੰਤਾ ਉਸਨੂੰ ਆਪਣੀਆਂ ਬੱਕਰੀਆਂ ਦੀ ਸੀ। ਉਸਦੀਆਂ ਬਹੁਤੀਆਂ ਗੱਲਾਂ ਆਪਣੀਆਂ ਬੱਕਰੀਆਂ ਬਾਰੇ ਹੁੰਦੀਆਂ ਸਨ। ਉਸਨੇ ਪਚਵੰਜਾ ਬੱਕਰੀਆਂ ਦੇ ਪਚਵੰਜਾ ਨਾਂ ਰੱਖੇ ਹੋਏ ਸਨ। ਹਰ ਇਕ ਦੇ ਸੁਭਾਅ ਤੋਂ ਉਹ ਜਾਣੂ ਸੀ ਅਤੇ ਰੂੜੇ ਨੂੰ ਹਰ ਇਕ ਦੇ ਸੁਭਾਅ ਤੋਂ ਜਾਣੂ ਕਰਵਾ ਕੇ ਇਸ ਦੁਨੀਆਂ ਤੋਂ ਜਾਣਾ ਚਾਹੁੰਦਾ ਸੀ। ਉਸ ਨੇ ਆਪਣੇ ਪੁੱਤਰ ਗਾਮੇ ਦੀ ਗੱਲ ਕਦੇ ਨਹੀਂ ਸੀ ਕੀਤੀ। ਰੂੜਾ ਉਸਦੀਆਂ ਗੱਲਾਂ ਬੜੇ ਠਰ੍ਹੰਮੇ ਨਾਲ ਸੁਣਦਾ ਸੀ। ਭਰਾ ਨੂੰ ਪੂਰਾ ਭਰੋਸਾ ਦਿਵਾਉਂਦਾ ਸੀ ਕਿ ਉਹ ਸਭ ਕੁਝ ਕਰਨ ਲਈ ਤਿਆਰ ਅਤੇ ਸਮਰੱਥ ਹੈ, ਪਰ ਅੰਦਰੋਂ ਉਹ ਡੋਲਿਆ ਹੋਇਆ ਸੀ। ਭਰਾ ਤੋਂ ਪਰੇ ਹੋ ਕੇ, ਨਵੇਂ ਕਮਰੇ ਵਿਚ ਬੈਠ ਕੇ ਕਿੰਨਾ ਕਿੰਨਾ ਚਿਰ ਰੋਂਦਾ ਰਹਿੰਦਾ ਸੀ। ਭਰਾ ਦੇ ਮਗਰੋਂ ਇਕੱਲਾ ਹੋ ਜਾਣ ਦਾ ਡਰ.....।

ਬੂਟੇ ਦਾ ਅੰਤ ਸਮਾਂ ਆ ਗਿਆ। ਆਪਣੀ ਪਤਨੀ ਦੀ ਮੌਤ ਦੇ ਡੇਢ ਕੁ ਸਾਲ ਪਿੱਛੋਂ ਉਹ ਵੀ ਜਹਾਨ ਫ਼ਾਨੀ ਤੋਂ ਕੂਚ ਕਰ ਗਿਆ। ਰੂੜੇ ਦਾ ਦੁਖ ਅਸਹਿ ਸੀ; ਉਸਦਾ ਉਦਾਸ ਹੋਣਾ ਕੁਦਰਤੀ ਸੀ। ਪਿੰਡ ਦੇ ਲੋਕਾਂ ਦੀ ਵੱਡੀ ਕੋਸ਼ਿਸ਼ ਇਹ ਸੀ ਕਿ ਰੂੜੇ ਨੂੰ ਇਕੱਲ ਮਹਿਸੂਸ ਨਾ ਹੋਵੇ। ਉਨ੍ਹਾਂ ਨੇ ਦੋਹਾਂ ਮੌਤਾਂ ਦੇ ਮੌਕਿਆਂ ਉੱਤੇ ਪਹਿਲਾਂ ਵਾਂਗ ਲਾਗਲੇ ਪਿੰਡ, ਰੱਤੋ ਵਾਲੋਂ ਮੁਸਲਮਾਨ ਬਰਾਦਰੀ ਦੇ ਲੋਕਾਂ ਨੂੰ ਬੁਲਾ ਕੇ ਲਿਆਂਦਾ ਸੀ। ਉਹ ਆਪਣੀ ਮਸੀਤ ਦੇ ਮੁਲਾਣੇ ਨੂੰ ਨਾਲ ਲਿਆਏ ਸਨ ਅਤੇ ਪੂਰੀ ਇਸਲਾਮੀ ਸ਼ਰ੍ਹਾ ਅਨੁਸਾਰ ਰੂੜੇ ਦੀ ਭਰਜਾਈ ਅਤੇ ਉਸਦੇ ਭਰਾ ਦੇ ਅੰਤਮ ਸੰਸਕਾਰ ਸਿਰੇ ਚਾੜ੍ਹੇ ਗਏ ਸਨ। ਕਰਮ ਇਲਾਹੀ ਅਤੇ ਉਸਦੀ ਪਤਨੀ (ਰੂੜੇ ਦੇ ਮਾਤਾ ਪਿਤਾ) ਦੀਆਂ ਕਬਰਾਂ ਦੇ ਲਾਗੇ ਬੂਟੇ ਅਤੇ ਹੱਸੋ ਦੀਆਂ ਕਬਰਾਂ ਬਣ ਗਈਆਂ। ਦੋਵੇਂ ਵੇਰ ਕੁਰਾਨ ਪੜ੍ਹਿਆ ਗਿਆ; ਖ਼ਤਮ ਕਰਵਾਇਆ ਗਿਆ। ਦੋਵੇਂ ਵੇਰ ਪਿੰਡ ਵੱਲੋਂ ਇਲਾਕੇ ਵਿਚ ਨਿਆਜ਼ਾਂ ਵੰਡੀਆਂ ਗਈਆਂ। ਰੂੜੇ ਦੇ ਮਾਪੇ ਦੋ ਵੇਰ ਮਰੇ ਸਨ; ਪਹਿਲੀ ਵੇਰ ਉਸਨੇ ਦੁਖ ਨਹੀਂ ਸੀ ਮਨਾਇਆ; ਦੂਜੀ ਵੇਰ ਹੋਈਆਂ ਮੌਤਾਂ ਦਾ ਦੁਖ ਅਸਹਿ ਸੀ; ਪਰ ਰੂੜਾ ਸਹਿ ਗਿਆ, ਪਿੰਡ ਦੇ ਲੋਕਾਂ ਦੀ ਹਮਦਰਦੀ ਦੇ ਸਹਾਰੇ।

ਯਤੀਮ ਹੋਈਆਂ ਬੱਕਰੀਆਂ ਦੀ ਸੰਭਾਲ ਰੂੜੇ ਲਈ ਸੰਭਵ ਨਹੀਂ ਸੀ। ਉਸਨੇ ਸੋਹਲਾਂ ਵਾਲੇ ਦਲੀਪ ਸਿੰਘ ਕੋਲ ਬੱਕਰੀਆਂ ਵੇਚ ਦੇਣ ਦਾ ਮਨ ਬਣਾ ਲਿਆ। ਦਲੀਪ ਸਿੰਘ ਚੁਰਕੇ ਵਾਲਾ ਜੱਟ ਅਤੇ ਕਾਮਯਾਬ ਅਯਾਲੀ ਸੀ। ਉਸਨੇ ਨਕਦ ਪੈਸੇ ਦੇ ਕੇ ਸਾਰੀਆਂ ਬੱਕਰੀਆਂ ਖ਼ਰੀਦ ਲਈਆਂ। ਪਿੱਪਲ ਵਾਲੇ ਥੜ੍ਹੇ ਉੱਤੇ ਬੈਠੇ ਲੋਕਾਂ ਦੇ ਸਾਹਮਣੇ ਸੌਦਾ ਹੋਇਆ। ਦਲੀਪ ਸਿੰਘ ਨੇ ਯਾਰਾਂ ਸੌ ਰੁਪਏ ਰੂੜੇ ਦੇ ਸਾਹਮਣੇ ਰੱਖ ਦਿੱਤੇ ਅਤੇ ਰੂੜੇ ਨੇ ਗਿਣੇ ਬਗ਼ੈਰ ਯਾਰਾਂ ਸੌ ਰੁਪਏ ਆਪਣੇ ਪਰਨੇ ਪੱਲੇ ਬੰਨ੍ਹ ਲਏ; ਦਲੀਪ ਸਿੰਘ ਨੂੰ ਆਪਣੇ ਨਾਲ ਵਾੜੇ ਵਿਚ ਲੈ ਗਿਆ; ਦੋ ਬੱਕਰੀਆਂ ਵੱਲ ਇਸ਼ਾਰਾ ਕਰ ਕੇ ਆਖਿਆ, "ਚੇਤੋ ਅਤੇ ਸੁੱਖੋ ਦੇ ਗਲ ਰੱਸੇ ਪਾ ਲੈ। ਇਨ੍ਹਾਂ ਦੋਹਾਂ ਨੂੰ ਜਿਧਰ ਲਿਜਾਵੇਂਗਾ, ਸਾਰੀਆਂ ਇਨ੍ਹਾਂ ਦੇ ਪਿੱਛੇ ਪਿੱਛੇ ਉਧਰੇ ਆਉਣਗੀਆਂ।" ਦਲੀਪ ਸਿੰਘ ਨੇ ਉਵੇਂ ਹੀ ਕੀਤਾ। ਸਾਰੀਆਂ ਬੱਕਰੀਆਂ ਉਸ ਪਿੱਛੇ ਹੋ ਤੁਰੀਆਂ। ਵਾੜਿਉਂ ਬਾਹਰ ਆ ਕੇ ਸਾਰੀਆਂ ਖਲੋ ਗਈਆਂ। ਦਲੀਪ ਸਿੰਘ ਵੀ ਖਲੋ ਗਿਆ। ਬੱਕਰੀਆਂ ਨੇ ਰੂੜੇ ਵੱਲ ਮੁੜ ਕੇ ਵੇਖਿਆ ਅਤੇ ਉੱਚੀ ਉੱਚੀ ਮਿਆਂਕਣਾ ਸ਼ੁਰੂ ਕਰ ਦਿੱਤਾ। ਰੂੜਾ ਆਪਣੇ ਦੋਹਾਂ ਕੰਨਾਂ ਉੱਤੇ ਹੱਥ ਰੱਖ ਕੇ ਘਰ ਵਿਚ ਜਾ ਵੜਿਆ। ਦਲੀਪ ਸਿੰਘ ਬੱਕਰੀਆਂ ਨੂੰ ਨਾਲ ਲੈ ਕੇ ਸੋਹਲਾਂ ਵੱਲ ਚਲੇ ਗਿਆ। ਥੜ੍ਹੇ ਉੱਤੇ ਬੈਠੇ ਲੋਕਾਂ ਨੂੰ ਕਿੰਨਾ ਚਿਰ ਬੱਕਰੀਆਂ ਦੇ ਮਿਆਂਕਣ ਦੀ ਆਵਾਜ਼ ਸੁਣਦੀ ਰਹੀ।

ਸਾਰੇ ਉਦਾਸ ਬੈਠੇ ਸਨ। ਰੂੜਾ ਹੌਲੀ ਹੌਲੀ ਤੁਰਦਾ ਮੁੜ ਥੜ੍ਹੇ ਉੱਤੇ ਆ ਗਿਆ ਅਤੇ ਯਾਰਾਂ ਸੌ ਰੁਪਏ ਦੀ ਪੋਟਲੀ ਨੰਬਰਦਾਰ ਦੇ ਸਾਹਮਣੇ ਰੱਖ ਕੇ ਆਖਿਆ, "ਚਾਚਾ, ਆਹ ਲਉ ਮੇਰੇ ਭਾਅ ਦੀਆਂ ਬੱਕਰੀਆਂ। ਮੈਥੋਂ ਨਹੀਂ ਸਾਂਭੀਆਂ ਜਾਣੀਆਂ। ਜੇ ਉਨ੍ਹਾਂ ਨੂੰ ਨਹੀਂ ਸਾਂਭ ਸਕਿਆ ਤਾਂ ਇਨ੍ਹਾਂ ਪੈਸਿਆਂ ਦਾ ਮੈਂ ਕੀ ਲੱਗਨਾਂ। ਉਹ ਬੱਕਰੀਆਂ ਪਿੰਡ ਦੀਆਂ ਸਨ; ਇਹ ਪੈਸੇ ਪਿੰਡ ਦੇ ਨੇ। ਮੈਂ ਯਤੀਮ ਹੋ ਗਿਆਂ ਚਾਚਾ; ਮੇਰਾ ਕੋਈ ਨਹੀਂ।" ਰੂੜੇ ਦੇ ਹੰਝੂ ਬੇਕਾਬੂ ਹੋ ਗਏ। ਨੰਬਰਦਾਰ ਨੇ ਉਸਨੂੰ ਗਲ ਨਾਲ ਲਾ ਕੇ ਦਿਲਾਸਾ ਦਿੱਤਾ, "ਹੈ ਕਮਲਾ ਹੋਇਆ! ਅੰਞਾਣਿਆਂ ਵਾਂਗ ਰੋਈ ਜਾਂਦਾ। ਅਸੀਂ ਤੇਰੇ ਆਂ ਰੂੜਿਆ.....ਅਸੀਂ.....ਸਾਰੇ।" ਅਤੇ ਨੰਬਰਦਾਰ ਦੀ ਘਿੱਗੀ ਬੱਝ ਗਈ। ਪਿੱਪਲ ਦੁਆਲੇ ਬਣੇ ਥੜ੍ਹੇ ਉੱਤੇ ਬੈਠੇ ਸਾਰੇ ਆਦਮੀਆਂ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ।

ਬੱਕਰੀਆਂ ਸਮੇਤ ਅਠਵੰਜਾ ਜੀਆਂ ਨੂੰ ਆਪਣੀ ਬੁੱਕਲ ਵਿਚ ਸੰਭਾਲੀ ਰੱਖਣ ਵਾਲਾ ਖੁੱਲ੍ਹਾ ਵਾੜਾ, ਇਕੱਲੇ ਰੂੜੇ ਨੂੰ ਖਾਣ ਨੂੰ ਆਉਂਦਾ ਸੀ। ਪਿੰਡ ਦੇ ਪ੍ਰਾਇਮਰੀ ਸਕੂਲ ਕੋਲ ਆਪਣੀ ਇਮਾਰਤ ਨਹੀਂ ਸੀ। ਪਿੰਡ ਦੇ ਗੁਰਦੁਆਰੇ ਕੋਲੋਂ ਸਕੂਲ ਦਾ ਕੰਮ ਲਿਆ ਜਾਂਦਾ ਸੀ। ਰੂੜੇ ਨੇ ਆਪਣੇ ਭਰਾ ਦਾ ਘਰ ਬੱਚਿਆਂ ਦੇ ਸਕੂਲ ਲਈ ਦੇ ਦਿੱਤਾ ਅਤੇ ਆਪ ਨਵੇਂ ਕੋਠੇ ਵਿਚ ਫ਼ਕੀਰਾਂ ਵਰਗਾ ਜੀਵਨ ਜੀਣ ਲੱਗ ਪਿਆ।

ਦੇਸ਼ ਦੀ ਹਵਾ ਕੁਝ ਹੋਰ ਹੁੰਦੀ ਜਾ ਰਹੀ ਸੀ। ਦੇਸ਼ ਦੀ ਆਜ਼ਾਦੀ ਅਤੇ ਪੰਜਾਬ ਦੀ ਵੰਡ ਦੀਆਂ ਗੱਲਾਂ ਆਮ ਸਨ। ਸਾਰਾ ਦੇਸ਼ ਆਜ਼ਾਦੀ ਦੇ ਰੰਗ ਵਿਚ ਰੰਗਿਆ ਜਾ ਰਿਹਾ ਸੀ। ਰੂੜੇ ਨੂੰ ਇਸ ਹਫੜਾ-ਦਫੜੀ ਨਾਲ ਕੋਈ ਦਿਲਚਸਪੀ ਨਹੀਂ ਸੀ। ਉਸਨੂੰ ਉਦਾਸੀ ਸੀ ਕਿ ਇਸ ਰੌਲੇ-ਰੱਪੇ ਅਤੇ ਭੀੜ-ਭੜੱਕੇ ਦੁਆਰਾ ਰੌਣਕਾਂ ਅਤੇ ਸਾਂਝਾਂ ਦਾ ਨਿਰਾਦਰ ਕੀਤਾ ਜਾ ਰਿਹਾ ਸੀ।


WWW.SIKHBOOKCLUB.COM

ਦੇਸ਼ ਦੀ ਵੰਡ ਹੋ ਗਈ। ਪਾਕਿਸਤਾਨ ਬਣ ਗਿਆ। ਪਾਕਿਸਤਾਨ ਵਿਚੋਂ ਹਿੰਦੂ ਅਤੇ ਸਿਖ ਇਧਰ ਹਿੰਦੁਸਤਾਨ ਵਿਚ ਆ ਗਏ; ਪੰਜਾਬ ਦੇ ਇਸ ਭਾਗ ਵਿਚੋਂ ਮੁਸਲਮਾਨ ਪਾਕਿਸਤਾਨ ਚਲੇ ਗਏ। ਰੂੜਾ ਆਪਣਾ ਪਿੰਡ ਛੱਡ ਕੇ ਜਾਣ ਦੀ ਗੱਲ ਸੋਚ ਹੀ ਨਹੀਂ ਸੀ ਸਕਦਾ। ਉਹ ਹਰ ਰੋਜ਼ ਸ਼ਾਮ ਨੂੰ ਆਪਣੇ ਮਾਤਾ ਪਿਤਾ ਅਤੇ ਭਰਾ ਭਰਜਾਈ ਦੀਆਂ ਕਬਰਾਂ ਲਾਗੇ ਬੈਠਦਾ ਸੀ। ਉਸਦੀ ਇੱਛਾ ਸੀ ਕਿ ਉਸਦੀ ਆਪਣੀ ਕਬਰ ਉਨ੍ਹਾਂ ਕਬਰਾਂ ਦੇ ਲਾਗੇ ਬਣੇ। ਉਸਦੇ ਪਾਕਿਸਤਾਨ ਗਿਆਂ ਇਹ ਸਭ ਕੁਝ ਕਿਵੇਂ ਹੋ ਸਕਦਾ ਸੀ ? ਅਤੇ ਰੂੜਾ ਉਹ ਕੁਝ ਕਰਨ ਦੀ ਗੱਲ ਕਿਵੇਂ ਸੋਚ ਸਕਦਾ ਸੀ ਜੋ ਕੁਝ ਕੀਤਿਆਂ ਉਸਦੇ ਮਾਪਿਆਂ, ਭਰਾ ਭਰਜਾਈ ਅਤੇ ਉਸਦੇ ਆਪਣੇ ਪਿੰਡ ਦੇ ਲੋਕਾਂ ਨਾਲੋਂ ਉਸਦਾ ਨਾਤਾ ਟੁੱਟ ਜਾਵੇ।

ਸਮਾਂ ਬੀਤਦਾ ਗਿਆ। ਪਾਕਿਸਤਾਨ ਤੋਂ ਬੇ-ਘਰ ਹੋ ਕੇ ਆਏ ਲੋਕ ਹੌਲੀ ਹੌਲੀ ਘਰਾਂ ਵਾਲੇ ਹੋ ਗਏ। ਜੀਵਨ ਮੁੜ ਆਪਣੀ ਚਾਲੇ ਤੁਰਨ ਲੱਗ ਪਿਆ। ਪਰ ਇਸ ਚਾਲ ਵਿਚ ਪਹਿਲਾਂ ਵਾਲੀ ਸਾਦਗੀ ਅਤੇ ਸੁਹਿਰਦਤਾ ਨਹੀਂ ਸੀ। ਹਰ ਆਦਮੀ ਪ੍ਰਾਪਤੀਆਂ ਦੀ ਦੌੜ ਦੌੜਦਾ ਜਾਪਦਾ ਸੀ। ਸਮਾਜਕ ਜੀਵਨ ਦੀ ਹਰ ਸੁੰਦਰਤਾ ਨੂੰ ਪਦਾਰਥਕ ਪ੍ਰਾਪਤੀ ਦਾ ਸਾਧਨ ਬਣਾਇਆ ਜਾਣਾ ਯੋਗ ਸਮਝਿਆ ਜਾਣ ਲੱਗ ਪਿਆ ਸੀ।

ਰੂੜੇ ਨੂੰ ਧੀਆ-ਪੁੱਤਾ ਕਹਿ ਕੇ ਪਿਆਰਨ ਵਾਲੇ ਬੁੱਢੇ ਇਕ ਇਕ ਕਰ ਕੇ ਤੁਰ ਗਏ ਸਨ। ਉਸਦੀ ਉਮਰ ਦੇ ਲੋਕ ਉਸ ਵਾਂਗ ਬੁੱਢੇ ਹੁੰਦੇ ਜਾ ਰਹੇ ਸਨ। ਜਿਨ੍ਹਾਂ ਮੁੰਡਿਆਂ ਨੂੰ ਉਹ ਕਸਰਤਾਂ ਕਰਵਾਉਂਦਾ, ਦੁੱਧ ਪਿਆਉਂਦਾ ਅਤੇ ਭੰਗੜੇ ਪੁਆਉਂਦਾ ਰਿਹਾ ਸੀ, ਉਹ ਆਪੋ ਆਪਣੇ ਕਾਰਾਂ-ਵਿਹਾਰਾਂ ਅਤੇ ਪਰਿਵਾਰਾਂ ਵਿਚ ਰੁੱਝ ਗਏ ਸਨ। ਉਨ੍ਹਾਂ ਦੇ ਮਨਾਂ ਵਿਚ ਰੂੜੇ ਲਈ ਪਿਆਰ ਅਤੇ ਸਤਿਕਾਰ ਜਿਉਂ ਦਾ ਤਿਉਂ ਕਾਇਮ ਸੀ। ਰੂੜੇ ਦਾ ਘਰ ਉਨ੍ਹਾਂ ਲਈ ਧਰਮ-ਅਸਥਾਨ ਦਾ ਦਰਜਾ ਰੱਖਦਾ ਸੀ। ਆਪਣੇ ਵਿਹਲੇ ਸਮੇਂ ਨੂੰ ਰੂੜੇ ਦੇ ਨੇੜ ਵਿਚ ਬਿਤਾਉਣ ਨੂੰ ਉਹ ਸਤਸੰਗ ਦਾ ਦਰਜਾ ਦਿੰਦੇ ਸਨ। ਨਵੇਂ ਪੋਚ ਦੇ ਮੁੰਡੇ ਰੂੜੇ ਨੂੰ 'ਬਾਬਾ ਰੂੜਾ' ਕਹਿ ਕੇ ਬੁਲਾਉਂਦੇ ਸਨ ਪਰ ਉਨ੍ਹਾਂ ਲਈ 'ਬਾਬੇ ਰੂੜੇ' ਦਾ ਉਹ ਮਹੱਤਵ ਨਹੀਂ ਸੀ ਜੋ ਉਨ੍ਹਾਂ ਦੇ ਮਾਪਿਆਂ ਲਈ ਸੀ।

ਦੇਸ਼ ਕਈ ਪੱਖਾਂ ਤੋਂ ਉੱਨਤ ਹੋ ਰਿਹਾ ਸੀ। ਸਾਡੇ ਨਿੱਕੇ ਜਿਹੇ ਸ਼ਹਿਰ ਵਿਚ ਕਾਲਜ ਬਣ ਗਿਆ ਸੀ; ਪਿੰਡਾਂ ਨੂੰ ਸੜਕਾਂ ਬਣਾ ਦਿੱਤੀਆਂ ਗਈਆਂ ਸਨ; ਪਿੰਡ ਪਿੰਡ ਸਕੂਲ ਬਣ ਗਏ ਸਨ; ਸਕੂਲਾਂ ਵਿਚ ਕਲਚਰ ਦੇ ਨਾਂ ਉੱਤੇ ਖੇਡਾਂ, ਨਾਟਕਾਂ ਅਤੇ ਭੰਗੜਿਆਂ ਦਾ ਰਿਵਾਜ ਪਾਇਆ ਜਾ ਰਿਹਾ ਸੀ। ਦੇਸ਼ ਦਾ ਨਵਾਂ ਪੋਚ ਇਸ ਨਵੇਂ ਵਾਤਾਵਰਣ ਦੀ ਉਪਜ ਸੀ।

ਬਾਬੇ ਰੂੜੇ ਦੇ ਘਰ ਵਿਚ ਬਣੇ ਸਕੂਲ ਵਿਚ ਪੰਜ ਜਮਾਤਾਂ ਪੜ੍ਹ ਕੇ ਸੁਰਿੰਦਰ ਹੁਣ ਗੌਰਮਿੰਟ ਕਾਲਜ ਵਿਚ ਦਾਖ਼ਲ ਹੋ ਚੁੱਕਾ ਸੀ। ਭੰਗੜੇ ਦਾ ਉਸਨੂੰ ਸ਼ੌਕ ਸੀ ਅਤੇ ਇਸ ਸ਼ੌਕ ਨੂੰ ਪਾਲਣ ਦੀ ਯੋਗਤਾ ਉਸਨੂੰ ਰੱਬੋਂ ਮਿਲੀ ਹੋਈ ਸੀ। ਉਹ ਜ਼ਿਲ੍ਹੇ ਦੀ ਭੰਗੜਾ ਟੀਮ ਦਾ ਕੈਪਟਨ ਜਾਂ ਲੀਡਰ ਸੀ। ਕਾਲਜ ਦੀ ਡਰਾਮਾ ਕਲੱਬ ਵਿਚ ਵੀ ਉਸਦੀ ਵਿਸ਼ੇਸ਼ ਥਾਂ ਸੀ। ਜ਼ਿਲ੍ਹੇ ਦੀ ਭੰਗੜਾ ਟੀਮ ਦੇ ਚੌਦਾਂ ਮੈਂਬਰਾਂ ਵਿਚੋਂ ਛੇ ਉਸਦੇ ਆਪਣੇ ਕਾਲਜ

ਦੇ ਵਿਦਿਆਰਥੀ ਸਨ ਅਤੇ ਉਨ੍ਹਾਂ ਛਿਆਂ ਵਿਚੋਂ, ਉਹਦੇ ਆਪਣੇ ਸਮੇਤ, ਤਿੰਨ ਉਸਦੇ ਆਪਣੇ ਪਿੰਡ ਦੇ ਵਸਨੀਕ। ਪਿੰਡ ਦੇ ਪ੍ਰਾਇਮਰੀ ਸਕੂਲ ਦੇ ਮੁੱਖ ਅਧਿਆਪਕ ਜਗਤ ਰਾਮ ਜੀ ਸੁਰਿੰਦਰ ਨੂੰ ਹੋਣਹਾਰ ਨੌਜੁਆਨ ਸਮਝਦੇ ਹੋਏ ਉਸਦੀ ਅਗਵਾਈ ਅਤੇ ਸਹਾਇਤਾ ਕਰਨ ਦੀ ਇੱਛਾ ਰੱਖਦੇ ਸਨ। ਉਨ੍ਹਾਂ ਨੂੰ ਬਾਬੇ ਰੂੜੇ ਪ੍ਰਤੀ ਸ਼ਰਧਾ ਸੀ। ਉਨ੍ਹਾਂ ਦਾ ਖ਼ਿਆਲ ਸੀ ਕਿ ਜ਼ਿਲਾ ਭੰਗੜਾ ਟੀਮ ਵਿਚ ਇਸ ਇਲਾਕੇ ਅਤੇ ਇਸ ਪਿੰਡ ਦੇ ਮੁੰਡਿਆਂ ਦੀ ਗਿਣਤੀ ਜ਼ਿਆਦਾ ਹੋਣ ਪਿੱਛੇ ਬਾਬੇ ਰੂੜੇ ਦੇ ਵਿਅਕਤਿਤਵ ਅਤੇ ਉਸਦੀ ਘਾਲਣਾ ਨਾਲ ਪੈਦਾ ਕੀਤੇ ਗਏ ਉਤਸ਼ਾਹ ਦਾ ਹੱਥ ਸੀ। ਸੁਰਿੰਦਰ ਇਕ ਅਨਾੜੀ ਜਿਹੇ ਅਨਪੜ੍ਹ ਬੁੱਢੇ ਨੂੰ ਏਨੀ ਮਹਾਨਤਾ ਦੇਣ ਨੂੰ ਤਿਆਰ ਨਹੀਂ ਸੀ; ਵਿਸ਼ੇਸ਼ ਕਰਕੇ ਉਸ ਦਿਨ ਤੋਂ ਜਦੋਂ ਉਸਦੇ ਸ਼ਹਿਰ ਦਾ ਫ਼ਿਲਮ ਸਟਾਰ, ਅਮਿਤਾਨੰਦ, ਉਸਦਾ ਭੰਗੜਾ ਅਤੇ ਉਸਦੀ ਐਕਟਿੰਗ ਦੇਖ ਕੇ ਉਸਨੂੰ ਉਚੇਚੇ ਤੌਰ ਉੱਤੇ ਕਹਿ ਗਿਆ ਸੀ ਕਿ ਉਹ ਆਪਣੀ ਤਾਲੀਮ ਖ਼ਤਮ ਕਰ ਲੈਣ ਪਿੱਛੋਂ ਬੰਬਈ ਆ ਜਾਵੇ। ਇਸ ਪ੍ਰਾਪਤੀ ਨਾਲ ਸੁਰਿੰਦਰ ਕੁਝ ਬਹੁਤਾ ਹੀ ਨਸ਼ਿਆ ਗਿਆ ਸੀ। ਉਸਨੇ ਪਿੰਡ ਆ ਕੇ ਆਪਣੀ ਖ਼ੁਸ਼ੀ ਜਗਤ ਰਾਮ ਜੀ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਆਖਿਆ, "ਸੁਰਿੰਦਰ, ਇਹ ਪ੍ਰਸਿੱਧ ਲੋਕ, ਵਿਖਾਵੇ ਦੀ ਦੁਨੀਆਂ ਦੇ ਵਸਨੀਕ ਹੁੰਦੇ ਹਨ। ਇਨ੍ਹਾਂ ਨੂੰ ਆਪਣੇ ਆਪ ਦੇ ਵਿਖਾਵੇ ਦੀ ਜਿੰਨੀ ਲਗਨ ਹੁੰਦੀ ਹੈ, ਓਨੀ ਦੂਜਿਆਂ ਦੇ ਗੁਣਾਂ ਦੀ ਕਦਰ ਕਰਨ ਦੀ ਨਹੀਂ ਹੁੰਦੀ। ਦੂਜੀ ਗੱਲ ਇਹ ਕਿ ਕਲਾ ਨੂੰ ਸਫਲਤਾ ਦਾ ਸਾਧਨ ਮੰਨਣ ਵਾਲੇ ਲੋਕਾਂ ਨੂੰ ਕਲਾ ਦੀ ਸਹਾਇਤਾ ਨਾਲ ਸਫਲਤਾ ਪ੍ਰਾਪਤ ਕਰ ਕੇ ਮਾਨਸਿਕ ਉਤੇਜਨਾ ਹੁੰਦੀ ਹੈ। ਕਲਾ ਨੂੰ ਸੁੰਦਰਤਾ ਦੀ ਉਪਾਸਨਾ ਅਤੇ ਮਾਨਸਿਕ ਸਾਧਨਾ ਮੰਨਣ ਵਾਲੇ ਲੋਕਾਂ ਨੂੰ ਕਲਾ ਅਨੰਦ ਲੋਕ ਵਿਚ ਲੈ ਜਾਂਦੀ ਹੈ। ਅਨੰਦ ਦੇ ਟਾਕਰੇ ਵਿਚ ਉਤੇਜਨਾ ਬਹੁਤੀ ਨੀਵੀਂ ਚੀਜ਼ ਹੈ।"

ਜਗਤ ਰਾਮ ਜੀ ਦੀ ਦੂਜੀ ਗੱਲ ਨੂੰ ਸਮਝਣ ਜੋਗੀ ਸਿਆਣਪ ਸੁਰਿੰਦਰ ਕੋਲ ਨਹੀਂ ਸੀ ਅਤੇ ਪਹਿਲੀ ਗੱਲ ਨੂੰ ਉਨ੍ਹਾਂ ਦਾ ਮਾਨਸਿਕ ਉਲਾਰ ਸਮਝ ਕੇ ਉਹ ਬਾਬੇ ਰੂੜੇ ਅਤੇ ਉਸਦੇ ਸ਼ਰਧਾਲੂਆਂ ਨੂੰ, ਮਨ ਹੀ ਮਨ, ਭੁਲੇਖੇ ਦਾ ਸ਼ਿਕਾਰ ਸਮਝਣ ਲੱਗ ਪਿਆ ਸੀ।

ਜਗਤ ਰਾਮ ਜੀ ਬਾਬੇ ਰੂੜੇ ਨਾਲ ਸੁਰਿੰਦਰ ਬਾਰੇ ਗੱਲ ਬਾਤ ਕਰਦੇ ਰਹਿੰਦੇ ਸਨ। ਬਾਬੇ ਦਾ ਬਹੁਤ ਜੀ ਕਰਦਾ ਸੀ ਸੁਰਿੰਦਰ ਨੂੰ ਮਿਲਣ ਲਈ ਪਰ ਸੁਰਿੰਦਰ ਨੇ ਅਜਿਹੀ ਲੋੜ ਕਦੇ ਨਹੀਂ ਸੀ ਮਹਿਸੂਸੀ। ਉਹ ਮਨ ਹੀ ਮਨ ਬਾਬੇ ਨਾਲ ਈਰਖਾ ਕਰਦਾ ਸੀ। ਬਾਬੇ ਦੀ ਨਜ਼ਰ ਬਹੁਤ ਕਮਜ਼ੋਰ ਹੋ ਚੁੱਕੀ ਸੀ। ਹੁਣ ਉਹ ਆਪਣੇ ਭਰਾ ਭਰਜਾਈ ਅਤੇ ਮਾਤਾ ਪਿਤਾ ਦੀਆਂ ਕਬਰਾਂ ਤਕ ਵੀ ਸਹਾਇਤਾ ਬਿਨਾਂ ਨਹੀਂ ਸੀ ਜਾ ਸਕਦਾ। ਪਿੰਡ ਦੇ ਲੋਕਾਂ ਨੇ ਬਾਬੇ ਦੀਆਂ ਅੱਖਾਂ ਦਾ ਇਲਾਜ ਕਰਵਾਉਣ ਦੀ ਇੱਛਾ ਪਰਗਟ ਕੀਤੀ ਤਾਂ ਉਸ ਨੇ ਆਖ ਦਿੱਤਾ ਸੀ, "ਮੇਰੇ ਜਿੰਨੀਆਂ ਅੱਖਾਂ ਕਿਸ ਕੋਲ ਨੇ ? ਹੁਣ ਬਾਕੀ ਕਿੰਨੀ ਕੁ ਰਹਿ ਗਈ ਹੈ ? ਏਦਾਂ ਹੀ ਲੰਘ ਜਾਏਗੀ।" ਪਰ ਜਗਤ ਰਾਮ ਜੀ ਕੋਲੋਂ ਸੁਰਿੰਦਰ ਦੀਆਂ ਸਿਫ਼ਤਾਂ ਸੁਣ ਕੇ ਬਾਬੇ ਦੀ ਇੱਛਾ ਹੁੰਦੀ ਸੀ ਕਿ ਉਸਦੀ ਨਜ਼ਰ ਇਕ ਵੇਰ ਥੋੜ੍ਹੇ ਚਿਰ ਲਈ ਹੀ ਪਰਤ ਆਵੇ।

ਮੁੱਖ ਮੰਤਰੀ ਦੇ ਦੌਰੇ ਦੀ ਖ਼ਬਰ ਸੁਣ ਕੇ ਸ਼ਹਿਰ ਦੇ ਪਤਵੰਤਿਆਂ ਨੇ ਉਨ੍ਹਾਂ ਦੇ ਮਾਣ



WWW.SIKHBOOKCLUB.COM 

ਸਤਿਕਾਰ ਅਤੇ ਖ਼ੁਸ਼ਾਮਦ ਖ਼ੁਸ਼ਨੂਦੀ ਦੀਆਂ ਜ਼ੋਰਦਾਰ ਤਿਆਰੀਆਂ ਆਰੰਭ ਕਰ ਦਿੱਤੀਆਂ। ਸ਼ਾਨਦਾਰ ਸੁਆਗਤੀ ਸਜਾਵਟਾਂ, ਲੱਛੇਦਾਰ ਖ਼ੁਸ਼ਾਮਦੀ ਤਕਰੀਰਾਂ ਅਤੇ ਸੁਆਦਲੇ ਪ੍ਰੀਤੀ ਭੋਜਨਾਂ ਦੀਆਂ ਵਿਉਂਤਾਂ ਬਣਨ ਲੱਗ ਪਈਆਂ। ਕਾਲਜ ਵੱਲੋਂ ਭੰਗੜੇ ਦੀ ਆਈਟਮ ਪੇਸ਼ ਕੀਤੀ ਜਾਣ ਦਾ ਮਤਾ ਪਾਸ ਕੀਤਾ ਜਾਣ ਉੱਤੇ ਸੁਰਿੰਦਰ ਦਾ ਮਨ ਨੱਚ ਉੱਠਿਆ। ਦੌਰੇ ਵਿਚ ਇਕ ਮਹੀਨਾ ਪਿਆ ਸੀ। ਭੰਗੜੇ ਦੀਆਂ ਤਿਆਰੀਆਂ ਸ਼ੁਰੂ ਕਰ ਲਈਆਂ ਗਈਆਂ। ਸੁਰਿੰਦਰ ਅਤੇ ਚੜ੍ਹਦੀ ਪੱਤੀ ਦੇ ਭਜਨ ਅਤੇ ਜਰਨੈਲ ਸਭ ਕੁਝ ਭੁੱਲ ਕੇ ਭੰਗੜੇ ਦੇ ਰੰਗ ਵਿਚ ਰੰਗੀਜ ਗਏ। ਬਾਬੇ ਰੂੜੇ ਦੇ ਪੁੱਛਣ ਉੱਤੇ ਜਗਤ ਰਾਮ ਜੀ ਨੇ ਉਸਨੂੰ ਮੁੱਖ ਮੰਤਰੀ ਦੇ ਦੌਰੇ ਬਾਰੇ ਦੱਸਿਆ।

ਸੁਣ ਕੇ ਬਾਬਾ ਬੀਤੇ ਦਿਨਾਂ ਦੇ ਸੁਨਹਿਰੀ ਸੁਪਨਿਆਂ ਵਿਚ ਗੁਆਚ ਗਿਆ। ਕਦੇ ਉਹ ਵੀ ਭੰਗੜੇ ਦਾ ਬਾਦਸ਼ਾਹ ਸੀ। ਕਦੇ ਉਸਦੇ ਭੰਗੜੇ ਬਾਰੇ ਉਹ ਗੱਲਾਂ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਦੀ ਉਸਨੂੰ ਸਮਝ ਨਹੀਂ ਸੀ ਆਉਂਦੀ। ਅੰਗਰੇਜ਼ ਡਿਪਟੀ ਕਮਿਸ਼ਨਰ ਉਸਨੂੰ ਥਾਪੀ ਦੇਣ ਲਈ ਕੁਰਸੀ ਉੱਤੋਂ ਉੱਠ ਕੇ ਆਇਆ ਸੀ। ਉਸਨੂੰ ਆਪਣੇ ਅਤੇ ਸੁਰਿੰਦਰ ਵਿਚ ਕਿਸੇ ਸਮਾਨਤਾ ਦਾ ਅਹਿਸਾਸ ਹੋਇਆ। ਉਸਨੂੰ ਇਉਂ ਜਾਪਿਆ ਜਿਵੇਂ ਸੁਰਿੰਦਰ ਵਿਚ ਉਹ ਦੁਬਾਰਾ ਜੀ ਰਿਹਾ ਸੀ ਅਤੇ ਏਨਾ ਵੱਡਾ ਹੋ ਗਿਆ ਸੀ ਕਿ ਮੁੱਖ ਮੰਤਰੀ ਵੀ ਉਸਨੂੰ ਵੇਖਣ ਆਉਣ ਲੱਗ ਪਏ ਸਨ। ਉਸਨੇ ਜਗਤ ਰਾਮ ਜੀ ਨੂੰ ਕਿਹਾ, "ਮਾਸਟਰ ਜੀ, ਮੇਰਾ ਬੜਾ ਦਿਲ ਕਰਦਾ ਹੈ ਇਸ ਮੁੰਡੇ ਨੂੰ ਮਿਲਣ ਨੂੰ।"

ਇਕ ਹਉਕਾ ਜਿਹਾ ਭਰ ਕੇ ਜਗਤ ਰਾਮ ਜੀ ਸਕੂਲ ਵਿਚ ਜਾ ਵੜੇ।

ਅੱਜ ਸਵੇਰੇ ਜਦੋਂ ਸੁਰਿੰਦਰ ਬਾਬੇ ਦੇ ਘਰ ਦੇ ਦਰਵਾਜ਼ੇ ਅੱਗੋਂ ਲੰਘਣ ਲੱਗਾ ਤਾਂ ਬਾਬੇ ਨੇ ਆਵਾਜ਼ ਦੇ ਕੇ ਉਸਨੂੰ ਕੋਲ ਬੁਲਾ ਲਿਆ। ਸੁਰਿੰਦਰ ਕਾਹਲ ਵਿਚ ਸੀ। ਅੱਜ ਮੁੱਖ ਮੰਤਰੀ ਨੇ ਆਉਣਾ ਸੀ। ਉਸਨੇ ਕਾਲਜ ਪੁੱਜ ਕੇ ਸਾਰੀ ਤਿਆਰੀ ਨੂੰ ਅੰਤਲਾ ਰੂਪ ਦੇਣਾ ਸੀ। ਅੱਜ ਉਸਦੇ ਜੀਵਨ ਦਾ ਮਹੱਤਵਪੂਰਣ ਦਿਨ ਸੀ। ਕੁਝ ਸੋਚ ਕੇ, ਕਾਹਲ ਵਿਚ ਹੁੰਦਿਆਂ ਹੋਇਆਂ ਵੀ ਉਹ ਬਾਬੇ ਰੂੜੇ ਕੋਲ ਚਲਾ ਗਿਆ। ਬਾਬੇ ਨੇ ਆਖਿਆ, "ਸ਼ਾਬਾਸ਼ੇ ਮੁੰਡਿਆ, ਰੱਬ ਰਹਿਮ ਕਰੇ; ਨਜ਼ਰ ਸਵੱਲੀ ਰੱਖੇ। ਮੇਰੀਆਂ ਅੱਖਾਂ ਨੇ ਜੁਆਬ ਦੇ ਦਿੱਤਾ, ਨਹੀਂ ਤਾਂ ਤੇਰਾ ਭੰਗੜਾ ਜ਼ਰੂਰ ਵੇਖਦਾ। ਸੁਣਿਆਂ, ਚੰਗਾ ਭੰਗੜਾ ਪਾਉਨਾ ਤੂੰ। .....ਤੇਰੇ ਮਨ ਵਿਚ ਵੀ ਜ਼ਰੂਰ ਰੀਝ ਆਉਂਦੀ ਹੋਊ ਕਿ ਬਾਬੇ ਦੀਆਂ ਅੱਖਾਂ ਹੁੰਦੀਆਂ ਤਾਂ ਭੰਗੜਾ ਵਿਖਾਉਂਦੇ। ਅਸੀਂ.....।"

ਸ਼ਾਇਦ ਏਸੇ ਮੌਕੇ ਦੀ ਉਡੀਕ ਸੀ ਸੁਰਿੰਦਰ ਨੂੰ। ਬਾਬੇ ਰੂੜੇ ਦੀ ਗੱਲ ਟੋਕ ਕੇ ਉਸ ਆਖਿਆ, "ਮੈਨੂੰ ਛੇਤੀ ਹੈ, ਮੈਂ ਚੱਲਨਾਂ।"

ਬਾਬੇ ਰੂੜੇ ਨੇ ਕਦੇ ਕਿਸੇ ਨੂੰ ਫਿੱਕਾ ਬੋਲ ਨਹੀਂ ਸੀ ਬੋਲਿਆ; ਅਤੇ ਨਾ ਹੀ ਬਾਬੇ ਰੂੜੇ ਨੂੰ ਕਦੇ ਕਿਸੇ ਨੇ ਫਿੱਕਾ ਬੋਲ ਬੋਲਿਆ। ਸੁਰਿੰਦਰ ਨੇ ਅਣਹੋਣੀ ਨੂੰ ਹੋਣਹਾਰ ਕਰ ਦਿੱਤਾ ਪਰ ਅਜਿਹਾ ਕਰਨ ਵਿਚ ਉਸਦੇ ਮਨ ਦਾ ਸਾਰਾ ਜ਼ੋਰ ਲੱਗ ਗਿਆ। ਉਸਦਾ ਮਨ ਭਾਰਾ ਹੋ ਗਿਆ। ਭਾਰੇ ਮਨ ਨਾਲ ਜਦੋਂ ਉਹ ਬਾਬੇ ਦੇ ਘਰੋਂ ਨਿਕਲ ਰਿਹਾ ਸੀ, ਉਸੇ ਵੇਲੇ ਚੜ੍ਹਦੀ ਪੱਤੀ ਦੇ ਭਜਨ ਅਤੇ ਜਰਨੈਲ ਆਪਣੇ ਸਾਈਕਲ ਕੰਧ ਨਾਲ ਲਾ

ਕੇ ਬਾਬੇ ਨੂੰ ਸਲਾਮ ਕਰਨ ਅਤੇ ਬਾਬੇ ਦੀ ਅਸੀਸ ਲੈਣ ਲਈ ਉਸਦੇ ਘਰ ਦਾਖ਼ਲ ਹੋਏ। ਲੱਤਾਂ ਲਮਕਾਈ ਮੰਜੀ ਉੱਤੇ ਬੈਠੇ ਬਾਬੇ ਨੇ ਸੱਜਾ ਹੱਥ ਚੁੱਕ ਕੇ ਹਿਲਾਉਂਦਿਆਂ ਹੋਇਆਂ ਆਖਿਆ, "ਖ਼ੁਸ਼ ਰਹੋ ਪੁੱਤਰੋ, ਅੱਲਾ ਮਿਹਰ ਕਰੇ, ਰੱਬ ਰਾਖਾ।"

ਆਪਣੇ ਸਾਥੀਆਂ ਨੂੰ ਉਡੀਕੇ ਬਿਨਾਂ ਹੀ ਸੁਰਿੰਦਰ ਅੱਗੇ ਤੁਰ ਪਿਆ। ਮਸਾਂ ਫਰਲਾਂਗ ਭਰ ਗਿਆ ਸੀ ਕਿ ਸਾਈਕਲ ਉੱਤੋਂ ਉਤਰ ਕੇ ਕੁਝ ਸੋਚਿਆ ਅਤੇ ਸੋਚ ਕੇ ਸਾਈਕਲ ਪਿੰਡ ਵੱਲ ਮੋੜ ਲਿਆ। ਭਜਨ ਅਤੇ ਜਰਨੈਲ ਲਾਗੇ ਆ ਚੁੱਕੇ ਸਨ। ਭਜਨ ਨੇ ਪੁੱਛਿਆ, "ਕੁਝ ਭੁੱਲ ਗਿਆਂ, ਸੁਰਿੰਦਰਾ ? ਛੇਤੀ ਹੋ; ਅਸੀਂ ਏਥੇ ਉਡੀਕਨੇ ਆਂ।"

ਕੁਝ ਕਹੇ ਬਿਨਾ ਸੁਰਿੰਦਰ ਨੇ ਸਾਈਕਲ ਫਿਰ ਮੋੜ ਲਿਆ ਅਤੇ ਉਨ੍ਹਾਂ ਨਾਲ ਕਾਲਜ ਵੱਲ ਨੂੰ ਹੋ ਤੁਰਿਆ। ਸਾਰਾ ਰਸਤਾ ਤਿੰਨਾਂ ਵਿਚ ਕੋਈ ਗੱਲ-ਬਾਤ ਨਾ ਹੋਈ।

ਸੁਰਿੰਦਰ ਦੀ ਗੱਲ ਸੁਣ ਕੇ ਬਾਬਾ ਬਹੁਤ ਉਦਾਸ ਹੋ ਗਿਆ। ਜ਼ਿੰਦਗੀ ਭਰ ਬਾਬਾ ਲੋਕਾਂ ਨੂੰ ਵਧਦੇ ਵਿਕਸਦੇ ਵੇਖ ਕੇ ਖ਼ੁਸ਼ ਹੁੰਦਾ ਆਇਆ ਸੀ। ਪਿੰਡ ਦੇ ਕਿਸੇ ਘਰ ਵਿਚ ਗਾਂ-ਮੱਝ ਸੂੰਦੀ ਸੀ ਤਾਂ ਪਹਿਲਾ ਦੁੱਧ ਅਤੇ ਉਸ ਤੋਂ ਪਿੱਛੋਂ ਪਹਿਲਾ ਮੱਖਣ ਬਾਬੇ ਦੀ ਭੇਟਾ ਕੀਤਾ ਜਾਂਦਾ ਸੀ, ਜਿਹੜਾ ਪਿੰਡ ਦੇ ਲੋਕਾਂ ਦੇ ਹੀ ਮੂੰਹ ਪੈਂਦਾ ਸੀ। ਬਾਬੇ ਨੂੰ ਦੋਹਰੀ ਖ਼ੁਸ਼ੀ ਹੁੰਦੀ ਸੀ। ਜਦੋਂ ਲੋਕ ਬਾਬੇ ਨੂੰ ਦੁੱਧ ਘਿਉ ਦਿੰਦੇ ਸਨ, ਉਦੋਂ ਉਨ੍ਹਾਂ ਦੇ ਚਿਹਰਿਆਂ ਉੱਤੇ ਲਵੇਰੀਆਂ ਦੇ ਦੁੱਧ ਘਿਉ ਵਿਚ ਬਰਕਤ ਪੈਣ ਦਾ ਭਰੋਸਾ ਪੱਸਰ ਜਾਂਦਾ ਸੀ ਅਤੇ ਜਦੋਂ ਉਹੋ ਦੁੱਧ ਘਿਉ ਪਿੰਡ ਦੇ ਨੌਜੁਆਨਾਂ ਦੇ ਮੂੰਹ ਪੈਂਦਾ ਸੀ, ਬਾਬਾ ਉਨ੍ਹਾਂ ਦੀ ਸੁਹਣੀ ਸਿਹਤ ਦੀ ਕਲਪਨਾ ਕਰਦਾ ਸੀ। ਦੋਵੇਂ ਗੱਲਾਂ ਬਾਬੇ ਲਈ ਅਨੰਦ ਦਾ ਸੋਮਾ ਸਨ। ਕਿਸੇ ਨੇ ਕੋਈ ਵਹਿੜਕਾ ਹਾਲੀ ਕਰਨਾ ਹੋਵੇ ਤਾਂ ਬਾਬੇ ਕੋਲੋਂ ਥਾਪੀ ਦਿਵਾਉਣੀ ਜ਼ਰੂਰੀ ਹੁੰਦੀ ਸੀ। ਹਾੜ੍ਹੀ-ਸਾਉਣੀ ਬੀ ਦੇਣ ਲੱਗਿਆਂ ਲੋਕ ਬਾਬੇ ਦਾ ਹੱਥ ਲਵਾਉਂਦੇ ਸਨ। ਪਿੰਡ ਦੀ ਧੀ ਡੋਲੀ ਪੈਣ ਲੱਗਿਆਂ ਬਾਬੇ ਕੋਲੋਂ ਅਸੀਸ ਲੈਂਦੀ ਸੀ; ਪਿੰਡ ਦੀ ਨਵੀਂ ਨੂੰਹ ਬਾਬੇ ਦੇ ਪੈਰੀਂ ਹੱਥ ਲਾ ਕੇ ਆਪਣੇ ਘਰ ਪਰਵੇਸ਼ ਕਰਦੀ ਸੀ। ਪਿੰਡ ਦੇ ਹਰ ਲਾੜੇ ਨੂੰ ਸਿਹਰਾ ਬੰਨ੍ਹਣ ਤੋਂ ਪਹਿਲਾਂ ਸਿਹਰੇ ਨੂੰ ਬਾਬੇ ਦਾ ਹੱਥ ਲੁਆਇਆ ਜਾਂਦਾ ਸੀ। ਪਿੰਡ ਦਾ ਹਰ ਬੱਚਾ ਬਾਬੇ ਦੀ ਅਸੀਸ ਨਾਲ ਸਕੂਲੇ ਦਾਖ਼ਲ ਹੋਇਆ ਸੀ ਅਤੇ ਹਰ ਬੱਚੇ ਨੇ ਇਮਤਿਹਾਨ ਵਿਚ ਸਫਲਤਾ ਦੇ ਭਰੋਸੇ ਲਈ ਬਾਬੇ ਕੋਲੋਂ ਇਹ ਸ਼ਬਦ ਸੁਣੇ ਸਨ, "ਸ਼ਾਬਾਸ਼ੇ ਪੁੱਤਰਾ, ਰੱਬ ਰਾਖਾ, ਸੱਭੇ ਖ਼ੈਰਾਂ।"

ਬਾਬਾ ਰੂੜਾ ਸਭ ਦੀ ਖ਼ੈਰ ਮੰਗਦਾ ਸੀ। ਦੂਜਿਆਂ ਦੀ ਖ਼ੁਸ਼ੀ ਲਈ ਉਹ ਕੁਝ ਵੀ ਕਰ ਜਾਂਦਾ ਸੀ। ਘੁਰਾਲੇ ਵਾਲੇ ਬਚਨੇ ਦਾ ਪੁੱਤਰ ਤੇਜੂ ਚੜ੍ਹਦੀ ਮਾਲੀ ਸੀ, ਜਦੋਂ ਰੂੜੇ ਨੇ ਘੁਲਨਾ ਸ਼ੁਰੂ ਕੀਤਾ ਸੀ। ਬੱਬੇਹਾਲੀ ਦੀ ਹਰ ਦੂਜੀ ਤੀਜੀ ਛਿੰਝੇ ਰੂੜੇ ਅਤੇ ਤੇਜੂ ਦਾ ਮੁਕਾਬਲਾ ਹੋ ਜਾਂਦਾ ਸੀ। ਰੂੜਾ ਹਰ ਵਾਰ ਜਿੱਤ ਜਾਂਦਾ ਸੀ। ਬੱਬੇਹਾਲੀ ਦਾ ਪਿੜ ਇਲਾਕੇ ਵਿਚ ਸਭ ਤੋਂ ਵੱਡਾ ਪਿੜ ਸੀ। ਬਚਨੇ ਦੀ ਇੱਛਾ ਸੀ ਕਿ ਉਸਦਾ ਪੁੱਤਰ ਇਕ ਵੇਰ ਬੱਬੇਹਾਲੀ ਦੇ ਅਖਾੜੇ ਵਿਚ ਪਟਕਾ ਬੰਨ੍ਹ ਕੇ ਫੇਰੀ ਦੇਵੇ। ਰੂੜਾ ਇਸ ਇੱਛਾ ਦੀ ਪੂਰਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਸੀ। ਜਦੋਂ ਖ਼ੁਰਾਕਾਂ ਅਤੇ ਕਸਰਤਾਂ ਇਸ ਰੁਕਾਵਟ ਨੂੰ ਦੂਰ ਕਰਨ ਵਿਚ ਸਫਲ ਨਾ ਹੋਈਆਂ ਤਾਂ ਬਚਨਾ ਇਕ ਦਿਨ ਰੂੜੇ ਦੇ ਵੱਡੇ


WWW.SIKHBOOKCLUB.COM

ਭਰਾ ਬੂਟੇ ਨੂੰ ਉਸਦੇ ਘਰ ਆ ਮਿਲਿਆ। ਸਾਹਬ ਸਲਾਮ ਅਤੇ ਸੁਖ ਸਾਂਦ ਪਿੱਛੋਂ ਬਚਨੇ ਨੇ ਬੂਟੇ ਨੂੰ ਆਖਿਆ, "ਬੂਟਿਆ, ਉਮਰੋਂ ਮੈਂ ਤੇਰੇ ਨਾਲੋਂ ਬਹੁਤ ਵੱਡਾ ਆਂ, ਪਰ ਮੇਰੀ ਗਰਜ ਨੇ ਮੈਨੂੰ ਬਹੁਤ ਛੋਟਾ ਕਰ ਦਿੱਤਾ। ਬੱਸ ਇਕੋ ਖ਼ਾਹਿਸ਼ ਆ ਮੇਰੀ, ਬਈ ਮੇਰੇ ਜੀਂਦਿਆਂ ਜੀਂਦਿਆਂ ਤੇਜੂ ਇਕ ਵੇਰ ਬੱਖੋਹਾਲੀ ਦੀ ਮਾਲੀ ਲਵੇ। ਪਤਾ ਨਹੀਂ ਕੀ ਮਿਲਣਾ ਮੈਨੂੰ ਏਸ ਕੰਮ 'ਚੋਂ, ਬੱਸ ਐਵੇਂ ਸ਼ੌਕ ਆ। ਆਪਣੇ ਭਰਾ ਨੂੰ ਆਖ ਅਗਲੇ ਸਾਲ ਬੱਖੋਹਾਲੀ ਦੀ ਛਿੰਝ ਨਾ ਘੁਲੇ। ਮੇਰੀ ਪੱਗ.....।" ਅਤੇ ਬਚਨੇ ਨੇ ਆਪਣੇ ਦੋਵੇਂ ਹੱਥ ਆਪਣੇ ਸਿਰ ਉੱਤੇ ਬੱਧੀ ਪੱਗ ਵੱਲ ਚੁੱਕੇ ਹੀ ਸਨ ਕਿ ਬੂਟੇ ਨੇ ਉਸਦੇ ਹੱਥ ਫੜ ਕੇ ਆਪਣੇ ਸਿਰ ਉੱਤੇ ਰੱਖ ਲਏ ਅਤੇ ਆਖਿਆ, "ਨਾ ਬਚਨ ਸਿਆਂ, ਏਦਾਂ ਨਾ ਕਰ; ਤੂੰ ਸਾਡਾ ਸਾਹਿਬ ਆਂ। ਤੁਹਾਡੀਆਂ 'ਸੀਸਾਂ ਨੇ ਪਾਲਿਆ ਰੂੜੇ ਨੂੰ, ਇਹ ਤੁਹਾਨੂੰ ਓਪਰਾ ਕਿਤੇ। ਤੂੰ ਆਪ ਕਹਿ ਦੇ; ਮਜਾਲ ਆ ਤੇਰੀ ਗੱਲ ਮੋੜੇ।"

ਕੋਲ ਬੈਠੇ ਰੂੜੇ ਨੇ ਬਚਨੇ ਦੀਆਂ ਅੱਖਾਂ ਵੱਲ ਵੇਖਿਆ; ਉਨ੍ਹਾਂ ਵਿਚ ਵੱਸੀ ਹੋਈ ਵੇਦਨਾ ਲਈ ਆਪਣੇ ਆਪ ਨੂੰ ਦੋਸ਼ੀ ਜਾਣ ਕੇ ਉਸਨੇ ਸਿਰ ਝੁਕਾ ਲਿਆ ਅਤੇ ਆਖਿਆ, "ਚਾਚਾ, ਮੈਨੂੰ ਮਾਫ਼ੀ ਦੇ; ਮੈਂ ਤੇਰਾ ਗੁਨਾਹਗਾਰ ਆਂ। ਹੋ ਗਿਆ, ਸੋ ਹੋ ਗਿਆ ਪਰ ਅੱਜ ਤੂੰ ਰੂੜੇ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਚਾਚਾ।"

ਅਤੇ ਰੂੜੇ ਨੇ ਘੁਲਣਾ ਛੱਡ ਦਿੱਤਾ।

ਆਪਣੇ ਸਾਰੇ ਜੀਵਨ ਵਿਚ, ਦੂਜਿਆਂ ਦੀ ਖ਼ੁਸ਼ੀ ਲਈ ਬਾਬਾ ਰੂੜਾ ਬਹੁਤ ਕੁਝ ਕਰਦਾ ਆਇਆ ਸੀ ਪਰ ਉਸ ਨੂੰ ਇਹ ਪਤਾ ਨਹੀਂ ਸੀ ਕਿ ਉਹ ਇਹ ਸਭ ਕੁਝ ਕਿਉਂ ਕਰਦਾ ਸੀ। ਉਸਦੇ ਸੁਭਾਅ ਦੇ ਸਾਰੇ ਗੁਣ ਉਸਦੇ ਜੀਵਨ ਦੀਆਂ ਪ੍ਰਸਥਿਤੀਆਂ ਵਿਚੋਂ ਉਪਜੀਆਂ ਹੋਈਆਂ ਲੋੜਾਂ ਦੇ ਪੈਦਾ ਕੀਤੇ ਹੋਏ ਸਨ। ਪਿਛਲਾ ਪੋਚ ਇਨ੍ਹਾਂ ਵਿਚ ਕਰਾਮਾਤੀ ਸ਼ਕਤੀ ਵੇਖਣ ਦਾ ਸੁਆਰਥ ਜਾਂ ਰੂਹਾਨੀ ਸੁੰਦਰਤਾ ਵੇਖਣ ਦਾ ਭੋਲਾਪਨ ਕਰਦਾ ਆਇਆ ਸੀ; ਨਵੇਂ ਹਾਲਾਤ ਦੀ ਉਪਜ, ਨਵਾਂ ਪੋਚ ਇਨ੍ਹਾਂ ਨੂੰ ਬਾਬੇ ਦੀਆਂ ਕਮਜ਼ੋਰੀਆਂ ਜਾਣ ਕੇ ਇਨ੍ਹਾਂ ਦਾ ਨਿਰਾਦਰ ਕਰਨ ਦੀ ਰੁਚੀ ਰੱਖਦਾ ਸੀ। ਇਸੇ ਰੁਚੀ ਵਿਚੋਂ ਉਪਜੇ ਸਨ ਸੁਰਿੰਦਰ ਦੇ ਬੋਲ, ਜਿਨ੍ਹਾਂ ਨੇ ਬਾਬੇ ਰੂੜੇ ਨੂੰ ਬਹੁਤ ਉਦਾਸ ਕਰ ਦਿੱਤਾ।

ਸੁਰਿੰਦਰ ਦੀ ਟੀਮ ਪੂਰੀ ਤਿਆਰੀ ਨਾਲ ਕਾਲਜ ਦੇ ਹਾਲ ਵਿਚ ਬੈਠੀ ਸੀ। ਇਸੇ ਹਾਲ ਵਿਚ ਹੀ ਉਸਦੀ ਟੀਮ ਨੇ ਭੰਗੜੇ ਦਾ ਸਾਰਾ ਮੇਕ-ਅੱਪ ਕੀਤਾ ਸੀ। ਹਾਲ ਦੇ ਦਰਵਾਜ਼ੇ ਬੰਦ ਰੱਖੇ ਗਏ ਸਨ ਤਾਂ ਜੁ ਉਨ੍ਹਾਂ ਦੇ ਕੱਪੜਿਆਂ ਅਤੇ ਮੇਕ-ਅੱਪ ਦੀ ਚਮਕ ਸਮੇਂ ਤੋਂ ਪਹਿਲਾਂ ਕੋਈ ਨਾ ਵੇਖ ਸਕੇ। ਬਹੁਤ ਜ਼ੋਰ ਲੱਗਾ ਸੀ ਪ੍ਰੋਫ਼ੈਸਰ ਖੁਰਾਣਾ ਦਾ, ਇਸ ਸ਼ੋਅ ਦੀ ਤਿਆਰੀ ਵਿਚ ਅਤੇ ਕਾਲਜ ਵੱਲੋਂ ਖ਼ਰਚ ਵੀ ਬਹੁਤ ਕੀਤਾ ਗਿਆ ਸੀ। ਹਾਲ ਵਿਚ ਪੱਖੇ ਚੱਲ ਰਹੇ ਸਨ ਤਾਂ ਵੀ ਗਰਮੀ ਨਾਲ ਸਾਰੀ ਟੀਮ ਮੁੜ੍ਹਕੋ ਮੁੜ੍ਹਕੀ ਹੋ ਰਹੀ ਸੀ ਅਤੇ ਸਾਰੀ ਤਿਆਰੀ ਫਿੱਕੀ ਪੈਂਦੀ ਜਾ ਰਹੀ ਸੀ। ਤਿੰਨ ਘੰਟਿਆਂ ਦੀ ਲੰਮੀ ਉਡੀਕ ਪਿੱਛੋਂ ਹਾਲ ਦੇ ਦਰਵਾਜ਼ੇ ਉੱਤੇ ਦਸਤਕ ਹੋਈ। ਪ੍ਰੋਫ਼ੈਸਰ ਖੁਰਾਣਾ ਨੇ ਦਰਵਾਜ਼ਾ ਖੋਲ੍ਹਿਆ। ਕਾਲਜ ਦੇ ਵਾਈਸ-ਪ੍ਰਿੰਸੀਪਲ ਸ. ਜੋਗਿੰਦਰ ਸਿੰਘ ਜੀ ਨੇ ਅੰਦਰ ਆ ਕੇ ਦੱਸਿਆ, "ਸ਼ਹਿਰ ਦੇ ਪਤਵੰਤਿਆਂ ਨਾਲ ਜ਼ਰੂਰੀ ਮੀਟਿੰਗ ਕਰ ਕੇ ਮੁੱਖ-ਮੰਤਰੀ ਜੀ ਪਠਾਨਕੋਟ ਨੂੰ ਚਲੇ ਗਏ

ਹਨ। ਉਹ ਲੰਚ ਲਈ ਬਹੁਤ ਲੇਟ ਹੋ ਗਏ ਸਨ। ਭੰਗੜਾ ਵੇਖਣ ਲਈ ਉਨ੍ਹਾਂ ਕੋਲ ਵਕਤ ਨਹੀਂ ਸੀ।"

ਟੀਮ ਦੇ ਚਾਵਾਂ-ਭਾਵਾਂ ਦੀ ਖੇਤੀ ਉੱਤੇ ਗੜੇ-ਮਾਰ ਹੋ ਗਈ। ਸੁਰਿੰਦਰ ਦੇ ਸਿਰ ਵਿਚ ਜਿਵੇਂ ਕਿਸੇ ਨੇ ਸੱਟ ਮਾਰ ਦਿੱਤੀ ਹੋਵੇ। ਉਸਨੇ ਕਾਲਜ ਦੇ ਮੁੰਡਿਆਂ ਸਾਹਮਣੇ ਛੀਗਾਂ ਮਾਰੀਆਂ ਸਨ; ਉਸਨੂੰ ਲੱਗਾ ਕਿ ਹੁਣ ਉਹ ਉਨ੍ਹਾਂ ਸਾਹਮਣੇ ਅੱਖ ਨਹੀਂ ਚੁੱਕ ਸਕੇਗਾ। ਉਹ ਬਹੁਤ ਉੱਚੀ ਥਾਂ ਤੋਂ ਹੇਠਾਂ ਡਿੱਗ ਪਿਆ ਸੀ। ਉਸਨੇ ਭੰਗੜੇ ਵਾਲੇ ਕੱਪੜੇ ਲਾਹ ਕੇ ਆਪਣੇ ਸਾਧਾਰਨ ਕੱਪੜੇ ਪਾਏ, ਸਾਈਕਲ ਫੜਿਆ ਅਤੇ ਪਿੰਡ ਨੂੰ ਚੱਲ ਪਿਆ। ਪਿੰਡ ਪਹੁੰਚ ਕੇ ਵੇਖਿਆ, ਬਾਬੇ ਰੂੜੇ ਦੇ ਘਰ ਲੋਕਾਂ ਦੀ ਭੀੜ ਲੱਗੀ ਹੋਈ ਸੀ। ਮੰਜੀ ਉੱਤੇ ਲੰਮੇ ਪਏ ਬਾਬੇ ਰੂੜੇ ਉੱਤੇ ਚਿੱਟੀ ਚਾਦਰ ਦਿੱਤੀ ਹੋਈ ਸੀ। ਹਾਜ਼ਰ ਲੋਕਾਂ ਦੀਆਂ ਅੱਖਾਂ ਗਿੱਲੀਆਂ ਸਨ। ਸਾਰੀ ਗੱਲ ਨੂੰ ਸਮਝ ਕੇ ਸੁਰਿੰਦਰ ਨੇ ਸਾਈਕਲ ਵਿਹੜੇ ਵਿਚ ਸੁਟਿਆ ਅਤੇ ਧੜੰਮ ਕਰ ਕੇ ਬਾਬੇ ਉੱਤੇ ਜਾ ਡਿੱਗਾ। ਬਾਬੇ ਦੇ ਸਿਰ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਉਸਦੇ ਚਿਹਰੇ ਵੱਲ ਵੇਖਦਾ ਹੋਇਆ ਵਿਲਕਿਆ, "ਬਾਬਾ, ਅੱਖਾਂ ਖੋਲ੍ਹ; ਮੇਰੀ ਦੁਨੀਆਂ ਵਿਚ ਪਏ ਹਨੇਰੇ ਨੂੰ ਵੇਖਣ ਵਾਲੀਆਂ ਅੱਖਾਂ ਖੋਲ੍ਹ; ਮੈਨੂੰ ਮਾਫ਼ ਕਰ ਦੇ, ਬਾਬਾ।"

ਜਗਤ ਰਾਮ ਜੀ ਨੇ ਉਸਨੂੰ ਗਲ ਨਾਲ ਲਾ ਕੇ ਦਿਲਾਸਾ ਦਿੱਤਾ। ਆਪਣੇ ਆਪ ਨੂੰ ਜ਼ਰਾ ਸੰਭਾਲ ਕੇ ਸੁਰਿੰਦਰ ਨੇ ਆਖਿਆ, "ਮਾਸਟਰ ਜੀ, ਕੀ ਹੋ ਗਿਆ? ਬਾਬੇ ਨੇ ਅਚਾਨਕ ਅੱਖਾਂ ਕਿਉਂ ਮੀਟ ਲਈਆਂ?"

"ਸ਼ਾਇਦ ਤੇਰੀਆਂ ਅੱਖਾਂ ਖੋਲ੍ਹਣ ਲਈ, ਬਰਖ਼ੁਰਦਾਰ।"

ਕੀਰਤਨ ਸੋਹਿਲੇ ਦਾ ਪਾਠ ਕਰ ਕੇ ਬਾਬੇ ਰੂੜੇ ਨੂੰ ਉਸਦੇ ਮਾਤਾ ਪਿਤਾ ਅਤੇ ਭਰਾ ਭਰਜਾਈ ਲਾਗੇ ਦਫ਼ਨਾ ਦਿੱਤਾ ਗਿਆ। ਵੱਡੀਆਂ ਵੱਡੀਆਂ ਯੁਗ-ਗਰਦੀਆਂ ਤੋਂ ਨਿਰਲੇਪ ਰਹਿਣ ਵਾਲਾ ਬਾਬਾ ਰੂੜਾ, ਸਸਕਾਰਾਂ, ਕਬਰਾਂ, ਕਲਮਿਆਂ ਅਤੇ ਕੀਰਤਨ ਸੋਹਲਿਆਂ ਤੋਂ ਉੱਚਾ ਹੋ ਜਾਣ ਵਾਲਾ ਬਾਬਾ ਰੂੜਾ, ਇਕ ਫਿੱਕਾ ਬੋਲ ਨਾ ਸਹਾਰ ਸਕਿਆ।.....ਮਰ ਗਯਾ ਸਦਮਾ ਏ ਯੱਕ ਜੁੰਬਸ਼ੇ ਲਬ ਸੇ.....



WWW.SIKHBOOKCLUB.COM 

# ਸੋਰ-ਸੰਸਕਾਰ

ਮਾਰਚ 1997 ਦਾ ਮਹੀਨਾ ਮੁੱਕਣ ਵਾਲਾ ਸੀ ਜਦੋਂ ਮੇਰਾ ਮਿੱਤਰ, ਭਾਰਤ ਵਿਚੋਂ, ਮੇਰੇ ਸੱਦੇ ਉੱਤੇ ਵਲੈਤ ਆਇਆ। ਜੀਵਨ ਦੇ ਪੈਂਤੀ ਲੰਮੇ ਸਾਲ, ਵੱਖ ਵੱਖ ਸਰਕਾਰੀ ਕਾਲਜਾਂ ਵਿਚ ਅੰਗਰੇਜ਼ੀ ਸਾਹਿੱਤ ਦਾ ਅਧਿਆਪਕ ਰਹਿ ਕੇ ਰੀਟਾਇਰ ਹੋਏ ਨੂੰ ਚਾਰ ਕੁ ਸਾਲ ਹੋ ਚੁੱਕੇ ਸਨ। ਉਸਦੇ ਬੱਚੇ, ਦੋ ਧੀਆਂ ਅਤੇ ਇਕ ਪੁੱਤਰ, ਵਿਆਹੇ ਵਰ੍ਹੇ, ਕੰਮੀਂ ਕਾਰੀਂ ਲੱਗੇ, ਵੈੱਲ ਸੈਟਲਡ ਸਨ। ਚੇਤ ਮਹੀਨੇ ਦੀਆਂ ਨਿੱਘੀਆਂ ਪੰਜਾਬੀ ਧੁੱਪਾਂ, ਉੱਚੇ ਸਫੈਦਿਆਂ ਦੀਆਂ ਤੇਰ੍ਹ-ਮੇਰ੍ਹੀਆਂ ਛਾਵਾਂ ਅਤੇ ਕੂਲੀਆਂ ਬਸੰਤੀ ਪੌਣਾਂ ਵਿਚੋਂ ਆਏ ਦਾ ਸੁਆਗਤ ਕੀਤਾ ਠੰਢੇ, ਛੱਖੜੀਲੇ ਅਤੇ ਰੋਂਦੂ ਜਿਹੇ ਵਲੈਤੀ ਮੌਸਮ ਨੇ। ਨਾਨ-ਸਟਾਪ ਫਲਾਈਟ ਵਿਚ ਦਸ-ਯਾਰਾਂ ਘੰਟੇ ਬੈਠਾ ਰਹਿਣ ਨਾਲ ਥੱਕਿਆ ਅਤੇ ਕਸਟਮ-ਇਮੀਗ੍ਰੇਸ਼ਨ ਦੀਆਂ ਲੰਮੀਆਂ ਲਾਈਨਾਂ ਵਿਚ ਖਲੋਣ ਕਾਰਨ ਅੱਕਿਆ ਜਦੋਂ ਉਹ ਹੀਥਰੋ ਏਅਰਪੋਰਟ ਉੱਤੇ ਮੈਨੂੰ ਮਿਲਿਆ ਤਾਂ ਵਲੈਤੀ ਠੰਢ ਨੂੰ ਕੁਝ ਵਧੇਰੇ ਮਹਿਸੂਸ ਕਰਦਿਆਂ ਹੋਇਆਂ ਉਸਨੇ ਆਖਿਆ, "ਯਾਰਾ, ਕਿਥੇ ਲੈ ਆਇਆ ਹੈਂ, ਪਾਲੇ ਮਾਰਨ ਲਈ ?" ਉਸਨੂੰ ਆਪਣੀ ਗਲਵਕੜੀ ਵਿਚ ਲੈਂਦਿਆਂ ਮੈਂ ਕਿਹਾ, "ਕਿਤੇ ਨਹੀਂ ਮਰ ਚੱਲਿਆ ਪਾਲੇ। ਇਕ ਨਵੀਂ ਜੀਵਨ-ਜਾਚ ਨੂੰ ਵੇਖਣ ਲਈ ਏਨਾ ਕੁ ਪਾਲਾ ਭੋਗਣ ਵਿਚ ਕੋਈ ਹਰਜ ਨਹੀਂ।"

"ਸਾਰੀ ਜ਼ਿੰਦਗੀ ਇਨ੍ਹਾਂ ਦੀ ਜੀਵਨ-ਜਾਚ ਦੇ ਰੋਣੇ ਰੋਂਦਾ ਰਿਹਾ ਹਾਂ; ਕੁਝ ਭੁੱਲਾ ਨਹੀਂ ਮੈਨੂੰ ਇਨ੍ਹਾਂ ਦਾ। ਹੁਣ ਤਾਂ ਤੇਰੇ ਲਾਗੇ ਰਹਿ ਕੇ, ਕੁਝ ਚਿਰ ਲਈ ਆਪਣੇ ਅਤੀਤ ਵਿਚ ਗੁਆਚਣ ਲਈ ਆਇਆ ਹਾਂ," ਕਹਿ ਕੇ ਖ਼ੁਸ਼ੀ ਨਾਲ ਛਲਕਦਿਆਂ ਉਸਨੇ ਇਕ ਵੇਰ ਫਿਰ ਮੈਨੂੰ ਗਲ ਲਾ ਲਿਆ।

ਏਅਰਪੋਰਟ ਦੀ ਰੰਗੀਨੀ, ਰੌਸ਼ਨੀ ਅਤੇ ਗਹਿਮਾ-ਗਹਿਮ ਵਿਚੋਂ ਬਾਹਰ ਆਏ ਤਾਂ ਮੋਟਰ-ਵੇ ਦੀ ਹਫੜਾ-ਦਫੜੀ ਨਾਲ ਸਾਂਝਾ ਵਾਹ ਪੈ ਗਿਆ। ਨੀਵੇਂ ਬੱਦਲਾਂ, ਲਗਾਤਾਰ ਵਰ੍ਹਦੇ ਨਿੱਕੇ ਨਿੱਕੇ ਮੀਂਹ, ਘਸਮੈਲੇ ਜਿਹੇ ਦਿਨ, ਤੇਜ਼ ਦੌੜਦੀਆਂ ਕਾਰਾਂ ਦੇ ਟਾਇਰਾਂ ਨਾਲ ਸੜਕ ਉੱਤੋਂ ਉੱਡਦੇ ਪਾਣੀ ਦੀ ਬਣੀ ਧੁੰਦ ਆਦਿਕ ਦੇ ਕਾਰਣ ਮਿੱਤਰ-ਮਿਲਾਪ ਦਾ ਚਾਅ ਸੜਕ ਦੀ ਸਾਵਧਾਨੀ ਨਾਲ ਸਲ੍ਹਾਖਿਆ ਰਿਹਾ। ਜੇ ਚੰਗਾ ਧੁਪਾਲਾ ਦਿਨ ਹੁੰਦਾ ਤਾਂ ਮੈਂ ਉਸਨੂੰ ਪਹਿਲੇ ਦਿਨ ਹੀ ਟ੍ਰਾਫਾਲਗਰ ਸੁਕੇਅਰ, ਬਕਿੰਘਮ ਪੈਲਸ, ਅਤੇ ਪਿੱਕਾਡਿਲੀ ਸਰਕਸ ਆਦਿਕ ਦੇ ਲਾਗੋਂ ਦੀ ਲੰਘਾ ਕੇ ਲਿਆਉਣਾ ਸੀ। ਮੌਸਮ ਦੀ ਖ਼ਰਾਬੀ ਕਾਰਨ ਵਧੀ ਹੋਈ ਸੜਕ ਦੀ ਸਾਵਧਾਨੀ ਨੇ ਸਾਧਾਰਣ ਸੁਖ-ਸਾਂਦ ਤੋਂ ਅਗੇਰੇ, ਇਕਰਾਰਾਂ ਤਕਰਾਰਾਂ ਭਰੀ ਵਾਰਤਾਲਾਪ ਦਾ ਮੌਕਾ ਨਾ ਬਣਨ ਦਿੱਤਾ। ਟ੍ਰੈਫ਼ਿਕ ਵੱਲ ਏਨਾ ਧਿਆਨ ਦੇਣ ਦੀ

ਲੋੜ ਸੀ ਕਿ ਵੈਸਟਮਨਿਸਟਰ ਪੈਲਸ ਕੋਲੋਂ ਲੰਘਦਿਆਂ ਹੋਇਆਂ ਆਪਣੇ ਮਿੱਤਰ ਨੂੰ ਉਸ ਬਾਰੇ ਕੁਝ ਦੱਸਣ ਦੀ ਥਾਂ ਉਸ ਕੋਲੋਂ ਸੁਣ ਰਿਹਾ ਸਾਂ, "ਇਹ ਹੈ ਇਨ੍ਹਾਂ ਚੋਰਾਂ ਦਾ ਪਾਰਲੀਮੈਂਟ ਹਾਊਸ; ਵਿਸ਼ਵ-ਲੁੱਟ ਦੀ ਸ਼ਾਨਦਾਰ ਯਾਦਗਾਰ।"

ਮੈਂ ਕਹਿ ਬੈਠਾ, "ਇਹ ਗਿਆਰ੍ਹਵੀਂ ਸਦੀ ਵਿਚ ਬਣਿਆ ਸੀ। ਨਾ ਅੰਗਰੇਜ਼ ਉਦੋਂ ਲੁਟੇਰੇ ਸਨ, ਨਾ ਇਹ ਲੁੱਟ ਦੀ ਯਾਦਗਾਰ ਹੈ। ਇਸਨੂੰ ਜਮਹੂਰੀਅਤ ਦਾ ਜਨਮ-ਅਸਥਾਨ ਮੰਨਿਆ ਜਾਂਦਾ ਹੈ।"

"ਤੂੰ ਮੰਨਦਾ ਹੋਵੇਂਗਾ; ਮੈਨੂੰ ਪਤਾ ਹੈ ਕਿ ਗਿਆਰ੍ਹਵੀਂ ਸਦੀ ਵਿਚ ਬਾਦਸ਼ਾਹ ਕੈਨੂਟ ਨੇ ਇਸ ਥਾਂ ਉੱਤੇ ਜਿਹੜਾ ਮਹੱਲ ਬਣਵਾਇਆ ਸੀ, ਉਹ 1512 ਵਿਚ ਅੱਗ ਲੱਗ ਜਾਣ ਕਰਕੇ ਸ਼ਾਹੀ ਰਿਹਾਇਸ਼ ਲਈ ਵਰਤਿਆ ਜਾਣਾ ਬੰਦ ਕਰ ਦਿੱਤਾ ਗਿਆ ਸੀ। ਮੁਰੰਮਤ ਹੋ ਜਾਣ ਪਿੱਛੋਂ 1547 ਵਿਚ ਪਾਰਲੀਮੈਂਟ ਹਾਊਸ ਬਣਾ ਦਿੱਤਾ ਗਿਆ। ਉਹ.....।"

"ਅਤੇ ਉਦੋਂ ਅਜੇ ਇਨ੍ਹਾਂ ਦੀ ਲੁੱਟ ਸ਼ੁਰੂ ਨਹੀਂ ਸੀ ਹੋਈ।"

"ਜਿਸ ਦਾ ਦਿੱਤਾ ਖਾਈਏ, ਉਸਦੇ ਗੁਣ ਗਾਉਣੇ ਚਾਹੀਦੇ ਹਨ; ਪਰ ਸਾਰੀ ਗੱਲ ਸੁਣ ਲੈ ਪਹਿਲਾਂ; ਫਿਰ ਵਧੇਰੇ ਬੇਸੁਰਾ ਗਾ ਸਕੇਂਗਾ। ਉਹ ਪਾਰਲੀਮੈਂਟ ਹਾਊਸ 1834 ਦੀ ਅੱਗ ਵਿਚ ਪੂਰਾ ਸੜ ਗਿਆ ਸੀ। ਇਹ, ਹੁਣ ਵਾਲਾ, 1839 ਵਿਚ ਆਰੰਭ ਕਰ ਕੇ 1867 ਵਿਚ ਮੁਕੰਮਲ ਕੀਤਾ ਗਿਆ ਸੀ। ਇਸ ਲਈ ਇਸ ਉੱਤੇ ਲੁੱਟ ਦਾ ਪੈਸਾ ਲੱਗਾ ਹੈ। ਜੇ ਇਕ ਅੱਧੀ ਹਿਸਟਰੀ ਦੀ ਕਿਤਾਬ ਪੜ੍ਹ ਛੱਡੇਂ ਤਾਂ ਕੀ ਹਰਜ ਹੈ। ਤੈਨੂੰ ਏਨਾ ਪਤਾ ਤਾਂ ਲੱਗ ਜਾਵੇ ਕਿ ਯੌਰਪ ਦੇ ਦੇਸ਼ਾਂ ਦੀ ਕੋਈ ਇਮਾਰਤ ਅਜਿਹੀ ਨਹੀਂ ਜਿਸ ਉੱਤੇ ਗ਼ੁਲਾਮਾਂ ਦੀ ਤਿਜਾਰਤ ਵਿਚੋਂ ਕਮਾਇਆ ਹੋਇਆ ਧਨ ਨਾ ਲੱਗਾ ਹੋਵੇ। ਉਹ ਵੀ ਤਾਂ ਲੁੱਟ ਹੀ ਸੀ; ਸ਼ਰਮਨਾਕ, ਜ਼ਾਲਮਾਨਾ, ਮੁਜਰਮਾਨਾ ਲੁੱਟ।"

ਏਨਾ ਕਹਿ ਕੇ ਮੇਰਾ ਮਿੱਤਰ ਚੁੱਪ ਹੋ ਗਿਆ। ਉਸ ਦੇ ਮਨ ਵਿਚ ਦੇਸ਼-ਪਿਆਰ ਦਾ ਖ਼ਾਨਦਾਨੀ ਜਜ਼ਬਾ ਜਾਗ ਪਿਆ ਸੀ। ਉਸਦੇ ਪਿਤਾ ਜੀ ਸੁਤੰਤਰਤਾ-ਸੰਗਰਾਮੀਆਂ ਵਿਚੋਂ ਸਨ। ਨਾ-ਮਿਲਵਰਤਣ ਦੇ ਸ਼ਾਂਤਮਈ ਅੰਦੋਲਨ ਸਮੇਂ ਜਦੋਂ ਉਨ੍ਹਾਂ ਦਾ ਜਥਾ ਸੜਕ ਵਿਚ ਲੇਟਿਆ ਹੋਇਆ ਸੀ, ਉਦੋਂ ਅੰਗਰੇਜ਼ੀ ਹਾਕਮਾਂ ਦੇ ਹੁਕਮ ਨਾਲ ਉਨ੍ਹਾਂ ਉੱਤੇ ਘੋੜੇ ਦੌੜਾ ਦਿੱਤੇ ਗਏ ਸਨ। ਘੋੜੇ ਦਾ ਪੌੜ ਵੱਜ ਕੇ ਉਸਦੇ ਪਿਤਾ ਜੀ ਦੇ ਮੱਥੇ ਉੱਤੇ ਵੱਡਾ ਜ਼ਖ਼ਮ ਹੋ ਗਿਆ ਸੀ, ਜਿਸ ਦਾ ਨਿਸ਼ਾਨ ਚਿਤਾ ਦੀਆਂ ਲੱਕੜਾਂ ਤਕ ਉਨ੍ਹਾਂ ਦੇ ਨਾਲ ਗਿਆ ਸੀ। ਮੈਂ ਤਰਕ ਅਤੇ ਭਾਵਨਾ ਦੇ ਦੋਹਾਂ ਮੈਦਾਨਾਂ ਵਿਚ ਮਾਤ ਖਾ ਜਾਣ ਕਾਰਣ ਬੋਲਣ ਜੋਗਾ ਨਹੀਂ ਸਾਂ ਰਿਹਾ। ਇਸ ਲਈ ਟਾਵਰ ਆਫ਼ ਲੰਡਨ ਅਤੇ ਟਾਵਰ ਬ੍ਰਿਜ ਦੇ ਲਾਗੋਂ ਦੀ ਲੰਘਣ ਲੱਗਿਆਂ ਮੇਰੀਆਂ ਅੱਖਾਂ ਨੇ ਉਨ੍ਹਾਂ ਇਮਾਰਤਾਂ ਵੱਲ ਮੁੜਨ ਦੀ ਲੋੜ ਨਾ ਮਹਿਸੂਸੀ। ਉਂਵ ਇਨ੍ਹਾਂ ਦੀਆਂ ਮੂਰਤਾਂ ਵਾਲੇ ਕਾਰਡ ਮੈਂ ਉਸਨੂੰ ਭੇਜਦਾ ਰਿਹਾ ਸਾਂ। ਆਪਣੇ ਮਿੱਤਰ ਦੀ ਬੌਧਿਕ ਤੀਖਣਤਾ ਅਤੇ ਵਿਸ਼ਾਲ ਜਾਣਕਾਰੀ ਸਾਹਮਣੇ ਨਿਰੁੱਤਰ ਹੋਣ ਵਿਚ ਵੀ ਉਚੇਚਾ ਅਨੰਦ ਸੀ।

ਇਕ ਦਿਨ ਗੱਲਾਂ ਗੱਲਾਂ ਵਿਚ ਮੇਰੇ ਮੂੰਹੋਂ ਨਿਕਲ ਗਿਆ ਕਿ "ਵੈਸਟ (ਪੱਛਮੀ


WWW.SIKHBOOKCLUB.COM

ਯੋਰਪ) ਦੇ ਦੇਸ਼ਾਂ ਕੋਲ ਸਾਇੰਸ ਹੈ, ਟੈਕਨਾਲੋਜੀ ਹੈ, ਉੱਦਮ ਅਤੇ ਉਤਸ਼ਾਹ ਹੈ, ਆਰਗੇਨਾਈਜ਼ੇਸ਼ਨ ਅਤੇ ਤਾਕਤ ਹੈ। ਇਹ ਇਕੱਠੇ ਵੀ ਹੋ ਰਹੇ ਹਨ। ਹੋ ਸਕਦਾ ਹੈ ਫ਼੍ਰੀ ਮਾਰਕਿਟ ਅਤੇ ਗਲੋਬਲ ਇਕਾਨੋਮੀ ਦੇ ਆਦਰਸ਼ਾਂ ਨੂੰ ਲੈ ਕੇ ਇਹ ਆਉਣ ਵਾਲੇ ਸਮੇਂ ਵਿਚ ਸੰਸਾਰ ਦੀ ਅਗਵਾਈ ਕਰਨ ਅਤੇ ਸਾਰੀ ਧਰਤੀ ਉੱਤੇ ਵੱਸਣ ਵਾਲੇ ਮਨੁੱਖਾਂ ਨੂੰ ਸਤਿਕਾਰ ਯੋਗ ਜੀਵਨ ਪ੍ਰਾਪਤ ਹੋ ਸਕੇ।"

ਮੇਰਾ ਮਿੱਤਰ ਹੌਲੀ ਨਾਲ ਉੱਠ ਕੇ ਕਿਚਨ ਵਿਚ ਗਿਆ ਅਤੇ ਪਾਣੀ ਦਾ ਗਲਾਸ ਹੱਥ ਵਿਚ ਫੜੀ ਵਾਪਸ ਆ ਗਿਆ। ਪਾਣੀ ਦਾ ਗਲਾਸ ਮੇਰੇ ਸਾਹਮਣੇ ਰੱਖ ਕੇ ਬੋਲਿਆ, "ਠੰਢਾ ਪਾਣੀ ਪੀ ਲੈ; ਤੇਰੀ ਤਬੀਅਤ ਠੀਕ ਹੋ ਜਾਵੇਗੀ। ਅਕਲ ਆਵੇਗੀ ਕਿ ਨਹੀਂ, ਮੈਂ ਕਹਿ ਨਹੀਂ ਸਕਦਾ। ਜੰਗ ਨਾਲ ਢੱਠੇ ਯੋਰਪ ਦੀ ਉਸਾਰੀ ਲਈ ਮਿਹਨਤ ਮਜ਼ਦੂਰੀ ਕਰਨ ਬੁਲਾਇਆ ਸੀ ਤੁਹਾਨੂੰ ਇਥੇ ਇਨ੍ਹਾਂ ਪੱਛਮੀ 'ਹਾਤਮਤਾਈਆਂ' ਨੇ। ਪਹਿਲਾਂ ਵੀ ਬਹੁਤ 'ਦਇਆ' ਕੀਤੀ ਹੈ ਇਨ੍ਹਾਂ ਨੇ ਆਸਟ੍ਰੇਲੀਆ ਅਤੇ ਅਮਰੀਕਾ ਦੇ ਆਦਿ ਵਾਸੀਆਂ ਉੱਤੇ। ਧਰਤੀ ਦਾ ਕਣ ਕਣ ਇਨ੍ਹਾਂ ਦੀ 'ਦਇਆ' ਦੇ ਭਾਰ ਹੇਠਾਂ ਦੱਬਿਆ ਪਿਆ ਹੈ। 1857 ਤੋਂ ਆਰੰਭ ਹੋ ਕੇ ਜਲ੍ਹਿਆਂ ਵਾਲੇ ਬਾਗ਼ ਅਤੇ ਬੰਗਾਲ ਦੇ ਕਾਲ ਦੇ ਕਾਰਨਾਮੇ ਕਰਦੀ ਹੋਈ ਇਨ੍ਹਾਂ ਦੀ 'ਦਇਆ' ਹੀ ਤਾਂ 1942 ਦੇ ਕੁਇਟ ਇੰਡੀਆ ਦਾ ਕਾਰਨ ਬਣੀ ਸੀ। 1947 ਵਿਚ ਤੁਹਾਡੀ ਆਜ਼ਾਦੀ ਦੀ ਯੱਗਵੇਦੀ ਉੱਤੇ ਡੁੱਲ੍ਹਿਆ ਸਾਰਾ ਇਨਸਾਨੀ ਖ਼ੂਨ ਇਨ੍ਹਾਂ ਦੀ 'ਦਇਆ' ਦੇ ਮੱਥੇ ਉੱਤੇ ਲੱਗਾ ਹੋਇਆ ਤਿਲਕ ਹੈ; ਜਿੰਨਾ ਵੱਡਾ ਮੱਥਾ ਓਨਾ ਵੱਡਾ ਟਿੱਕਾ। ਹੁਣ ਇਨ੍ਹਾਂ ਸਾਰਿਆਂ ਨੇ ਰਲ ਮਿਲ ਕੇ ਨਵਾਂ ਢੰਗ ਕੱਢ ਲਿਆ ਹੈ। ਹੁਣ ਇਹ ਗਲੋਬਲ ਇਕਾਨੋਮੀ ਦੇ ਨਾਂ ਉੱਤੇ ਸਾਡੇ ਮੂੰਹ ਦੀ ਰੋਟੀ ਖੋਹਣ ਸਾਡੇ ਘਰੀਂ ਜਾਣਗੇ। ਅੱਠ ਅੱਠ ਸਾਲ ਦੇ ਬੱਚਿਆਂ ਕੋਲੋਂ, ਸੋਲ੍ਹਾਂ ਸੋਲ੍ਹਾਂ ਘੰਟੇ ਫ਼ੈਕਟਰੀਆਂ ਵਿਚ ਕੰਮ ਕਰਵਾਉਣ ਵਾਲਿਆਂ ਦੇ ਮਨ ਵਿਚ ਦਇਆ-ਧਰਮ ਦਾ ਨਿਵਾਸ ਹੋਣਾ ਸੰਭਵ ਨਹੀਂ; ਹਾਂ, ਖਾਣ ਵਾਲੇ ਮੂੰਹ ਉੱਤੇ ਲੱਗੀਆਂ ਹੋਈਆਂ ਅੱਖਾਂ ਨੂੰ ਸਦਾ ਸ਼ਰਮਾਉਣਾ ਪਿਆ ਹੈ।"

ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਮੇਰੇ ਘਰ ਵਾਲੀ ਨੇ ਕਹਿ ਦਿੱਤਾ, "ਸੰਸਾਰ ਦੇ ਇਤਿਹਾਸ ਨੇ ਤੁਹਾਡੇ ਆਖੇ ਨਹੀਂ ਤੁਰਨਾ; ਉਸਨੂੰ ਜਾਣ ਦਿਉ ਜਿਧਰ ਜਾਂਦਾ ਹੈ। ਤੁਸੀਂ ਦੇਸ਼ ਦੀ ਕੰਟਰੀਸਾਈਡ ਵੇਖੋ; ਇਸਦੀ ਸੁੰਦਰਤਾ ਬਾਰੇ ਦੋ ਵਿਰੋਧੀ ਰਾਵਾਂ ਨਹੀਂ ਹੋ ਸਕਦੀਆਂ। ਉਂਞ ਮੈਂ ਖ਼ਾਲੀ ਨਾਲ ਸਹਿਮਤ ਹਾਂ ਕਿ ਪੱਛਮੀ ਕੌਮਾਂ ਦਾ ਸਾਰਾ ਇਤਿਹਾਸ ਅੱਤਿਆਚਾਰ ਨਾਲ ਭਰਿਆ ਪਿਆ ਹੈ। ਇਸਨੂੰ ਘੜੀ ਮੁੜੀ ਦੁਹਰਾਉਣਾ ਵੀ ਠੀਕ ਨਹੀਂ, ਪਰ ਭਵਿੱਖ ਵਿਚ ਇਸ ਦੇ ਐਨ ਉਲਟ ਕੁਝ ਹੋਣ ਵਾਪਰਨ ਦੀਆਂ ਆਸਾਂ ਲਾਉਣੀਆਂ ਵੀ ਸਿਆਣਪ ਵਾਲੀ ਗੱਲ ਨਹੀਂ।"

ਮੈਂ ਚੁੱਪ ਰਹਿਣ ਵਿਚ ਭਲਾ ਮਨਾਇਆ। ਕਹਿਣ ਨੂੰ ਬਹੁਤਾ ਕੁਝ ਮੇਰੇ ਕੋਲ ਨਹੀਂ ਸੀ, ਤਾਂ ਵੀ ਅੰਦਰੇ ਅੰਦਰ ਮੈਂ ਮਹਿਸੂਸ ਕਰ ਰਿਹਾ ਸਾਂ ਕਿ ਮਨੁੱਖੀ ਮਨ ਲਈ ਇਹ ਵਿਸ਼ਵਾਸ ਗੌਰਵ ਵਾਲੀ ਗੱਲ ਨਹੀਂ ਕਿ ਜੋ ਕੁਝ ਪਿੱਛੇ ਹੁੰਦਾ ਆਇਆ ਹੈ, ਉਹੋ ਕੁਝ ਅੱਗੇ ਲਈ ਹੋਈ ਜਾਣਾ ਹੈ।

ਦਿਨ ਬੀਤਦੇ ਗਏ; ਕੁਝ ਸਰਦੀ ਘਟਦੀ ਗਈ ਅਤੇ ਕੁਝ ਮੇਰਾ ਮਿੱਤਰ ਵੀ ਆਦੀ ਹੁੰਦਾ ਗਿਆ। ਭਾਰਤ ਵਿਚ ਵਧ ਰਹੀ ਗਰਮੀ ਦਾ ਚੇਤਾ ਕਰ ਕਰ ਕੇ ਉਸ ਨੂੰ ਵਲੈਤੀ ਮੌਸਮ ਚੰਗਾ ਲੱਗਣ ਲੱਗ ਪਿਆ। ਸਾਰਾ ਵਾਤਾਵਰਣ ਹਰਿਆਵਲ ਨਾਲ ਭਰਦਾ ਜਾ ਰਿਹਾ ਸੀ। ਹਰੀਆਂ ਕਚੂਰ ਵਾਦੀਆਂ ਦੀਆਂ ਢਲਵਾਨਾਂ ਮਨੁੱਖੀ ਨੇਤਰਾਂ ਨੂੰ ਨਿਮੰਤ੍ਰਣ ਦੇਣ ਲੱਗ ਪਈਆਂ ਸਨ। ਇਨ੍ਹਾਂ ਸੁਹਣੇ ਦਿਨਾਂ ਵਿਚ ਅਸੀਂ ਸ਼ੇਕਸਪੀਅਰ ਦਾ ਘਰ ਵੇਖਣ ਗਏ; ਰੁਮਾਂਟਿਕ ਕਵੀਆਂ ਦੇ ਦੇਸ਼, ਲੇਕ ਡਿਸਟ੍ਰਿਕਟ ਗਏ। ਮੇਰੇ ਮਿੱਤਰ ਨੂੰ ਇਨ੍ਹਾਂ ਪ੍ਰਤਿਭਾਵਾਂ ਨਾਲ ਕੋਈ ਗਿਲਾ ਸ਼ਿਕਵਾ ਨਹੀਂ ਸੀ। ਅੰਗਰੇਜ਼ੀ ਕਵਿਤਾ ਨੂੰ ਉਸਨੇ ਰੱਜ ਕੇ ਮਾਣਿਆ ਹੋਇਆ ਸੀ। ਹੁਣ ਉਸ ਕਵਿਤਾ ਦੀ ਜਨਮ-ਭੂਮੀ ਦੀ ਸੁੰਦਰਤਾ ਉਸਨੂੰ ਆਪਣੇ ਕਲਾਵੇ ਵਿਚ ਘੁੱਟ ਰਹੀ ਸੀ। ਧਰਤ ਸੁਹਾਵੀ ਸੀ ਅਤੇ ਥੋੜੇ ਸਮੇਂ ਲਈ ਲੁਟੇਰਿਆਂ ਹਤਿਆਰਿਆਂ ਨਾਲੋਂ ਟੁੱਟ ਕੇ ਸੁਹਣੇ ਮਨ-ਚਾਹੇ ਲੋਕਾਂ ਨਾਲ ਸੰਬੰਧਤ ਹੋ ਗਈ ਸੀ। ਦੇਸ਼ ਦੇ ਹਰ ਸ਼ਹਿਰ ਵਿਚ ਅਤੇ ਹਰ ਸ਼ਹਿਰ ਦੇ ਹਰ ਕੋਨੇ ਵਿਚ ਚੌਕਾਂ-ਚੌਰਾਹਿਆਂ ਉੱਤੇ ਢੇਰਾਂ ਦੇ ਢੇਰ ਫੁੱਲ ਉਗਾਏ ਗਏ ਸਨ। ਟ੍ਰੈਫ਼ਿਕ ਦੇ ਨੇਮਾਂ ਦੀ ਪਾਲਣਾ ਹਰ ਥਾਂ ਇਕੋ ਜਿਹੀ ਸੀ। ਮੇਰੇ ਮਿੱਤਰ ਦਾ ਸਫ਼ਾਈ, ਸੁੰਦਰਤਾ ਅਤੇ ਮਰਿਆਦਾ ਪ੍ਰਤੀ ਜਮਾਂਦਰੂ ਮੋਹ ਉਸਦੇ ਪ੍ਰਸੰਨ ਚਿਹਰੇ ਉੱਤੇ ਝਲਕਦਾ ਵੇਖਿਆ ਜਾ ਸਕਦਾ ਸੀ।

ਲੇਕ ਡਿਸਟ੍ਰਿਕਟ ਤੋਂ ਵਾਪਸ ਆਉਂਦਿਆਂ ਮੈਂ ਮੋਟਰ-ਵੇ ਲਾਗੇ ਬਣੇ ਇਕ ਵਿਸ਼ਾਲ ਢਾਬੇ (ਸਰਵਿਸਿਜ਼-ਰੈਸਟੂਰਾਂ) ਉੱਤੇ ਚਾਹ ਪੀਣ ਅਤੇ ਪਟਰੌਲ ਲੈਣ ਲਈ ਰੁਕਿਆ। ਮੇਰੇ ਮਿੱਤਰ ਨੇ ਉਸ ਢਾਬੇ ਦੀ ਵਿਸ਼ਾਲਤਾ ਅਤੇ ਸੁੰਦਰਤਾ ਨੂੰ ਮਨ ਹੀ ਮਨ ਆਪਣੇ ਦੇਸ਼ ਦਿਆਂ ਢਾਬਿਆਂ ਦੇ ਟਾਕਰੇ ਵਿਚ ਰੱਖਦਿਆਂ ਆਖਿਆ, "ਇਨ੍ਹਾਂ ਚੋਰਾਂ ਨੇ ਚੋਰੀ ਦੇ ਮਾਲ ਨੂੰ ਚੰਗੀ ਥਾਂ ਵੀ ਵਰਤਿਆ ਹੈ।" ਪਤਾ ਨਹੀਂ ਕਿਵੇਂ, ਪਰ ਮੈਂ ਇਹ ਕਹਿਣ ਦੀ ਹਿੰਮਤ ਕਰ ਗਿਆ, "ਇਹ ਢਾਬੇ ਐਂਪਾਇਰ ਵੇਲੇ ਦੇ ਬਣੇ ਹੋਏ ਨਹੀਂ। ਇਹ ਇੰਡਸਟਰੀ ਨੇ ਬਣਾਏ ਹਨ। ਇਨ੍ਹਾਂ ਉੱਤੇ ਇਨ੍ਹਾਂ ਲੋਕਾਂ ਦੀ ਆਪਣੀ ਮਿਹਨਤ ਦੀ ਕਮਾਈ ਲੱਗੀ ਹੈ।"

"ਇਨ੍ਹਾਂ ਨੇ ਵਾਪਾਰ ਰਾਹੀਂ ਵੀ ਲੋਕਾਂ ਨੂੰ ਲੁੱਟਿਆ ਹੈ ਪਰ ਇਹ ਮੰਨਣਾ ਪਵੇਗਾ ਕਿ ਇਨ੍ਹਾਂ ਨੂੰ ਪੈਸਾ ਵਰਤਣ ਦੀ ਜਾਚ ਹੈ।" ਕਹਿ ਕੇ ਮੇਰਾ ਮਿੱਤਰ ਚਾਹ ਦਾ ਆਨੰਦ ਲੈਣ ਲੱਗ ਪਿਆ। ਮੈਂ ਖ਼ੁਸ਼ ਸਾਂ ਕਿ ਗੱਲ ਇਸ ਤੋਂ ਅਗੇਰੇ ਨਹੀਂ ਸੀ ਵਧੀ।

ਪਹਿਲੀ ਮਈ ਨੂੰ ਚੋਣਾਂ ਹੋਈਆਂ ਸਨ। ਉਸੇ ਰਾਤ ਨਤੀਜੇ ਆਉਣੇ ਸ਼ੁਰੂ ਹੋ ਗਏ ਸਨ। ਸਾਰਾ ਟੱਬਰ ਟੈਲੀ ਸਾਹਮਣੇ ਬੈਠਾ ਤਮਾਸ਼ਾ ਵੇਖਦਾ ਰਿਹਾ ਸੀ। ਮੇਰਾ ਮਿੱਤਰ ਵੀ। ਅੰਤ ਵਿਚ ਕੁਝ ਹੈਰਾਨ ਜਿਹਾ ਹੋ ਕੇ ਉਸਨੇ ਆਖਿਆ ਸੀ, "ਚੋਣਾਂ ਦਾ ਬਹੁਤਾ ਰੌਲਾ-ਰੱਪਾ ਵੇਖਣ ਸੁਣਨ ਵਿਚ ਨਹੀਂ ਆਇਆ। ਏਥੇ ਜਲੂਸ ਵਗ਼ੈਰਾ ਨਹੀਂ ਕੱਢੇ ਲੋਕਾਂ।"

"ਰੌਲਾ ਪੈਂਦਾ ਹੈ; ਪਰ ਰੇਡੀਓ, ਅਖ਼ਬਾਰ ਅਤੇ ਟੈਲੀ ਆਦਿਕ ਰਾਹੀਂ। ਜਿੱਥੇ ਲੋਕ ਆਪਣੇ ਕਿਸੇ ਕੰਮ ਲਈ ਇਕੱਠੇ ਹੋਏ ਹੋਣ, ਉਥੇ ਲੀਡਰ ਵੀ ਪੁੱਜ ਜਾਂਦੇ ਹਨ, ਮੌਕੇ ਦਾ ਲਾਭ ਲੈਣ ਲਈ। 'ਚੋਣ ਲੀਡਰਾਂ ਦੀ ਲੋੜ ਹੈ; ਲੋਕਾਂ ਦੀ ਨਹੀਂ', ਏਥੇ ਇਸ ਗੱਲ ਦੀ ਪੂਰੀ ਚੇਤਨਾ ਹੈ।" ਮੇਰਾ ਉੱਤਰ ਸੁਣ ਕੇ ਮੇਰੇ ਮਿੱਤਰ ਨੇ ਹੌਲੀ ਜਿਹੀ ਆਖਿਆ, "ਹੱਛਾ", ਅਤੇ ਸੋਚੀਂ ਪਿਆ ਆਪਣੇ ਕਮਰੇ ਵਿਚ ਚਲਾ ਗਿਆ। ਪੱਛਮੀ ਲੋਕਾਂ ਦੇ ਜੀਵਨ

ਦੀ ਇਸ ਸਿਆਸੀ-ਸਮਾਜੀ ਸਰਲਤਾ ਨਾਲ ਉਨ੍ਹਾਂ ਦੀ ਸਾਮਰਾਜੀ ਜਟਿਲਤਾ ਦਾ ਕੋਈ ਰਿਸ਼ਤਾ ਉਸਨੂੰ ਨਜ਼ਰ ਨਹੀਂ ਸੀ ਆ ਰਿਹਾ।

ਆਪਣੇ ਸੈਰ ਸਪਾਟਿਆਂ ਦੇ ਨਾਲ ਨਾਲ ਅਸੀਂ ਆਕਸਫੋਰਡ ਸਟ੍ਰੀਟ, ਬ੍ਰੈਂਟ ਅਤੇ ਲੇਕ ਸਾਈਡ ਵਰਗੇ ਵੱਡੇ ਵੱਡੇ ਸ਼ਾਪਿੰਗ ਸੈਂਟਰਾਂ ਵਿਚ ਵੀ ਜਾਂਦੇ ਰਹੇ। ਇਨ੍ਹਾਂ ਥਾਵਾਂ ਦੀ ਰੌਣਕ ਅਤੇ ਸੁੰਦਰਤਾ ਨੂੰ ਵੇਖ ਕੇ ਮੇਰਾ ਮਿੱਤਰ ਪ੍ਰਸੰਨ ਹੁੰਦਾ ਸੀ। ਉਸ ਨੇ 'ਲੁੱਟ' ਅਤੇ 'ਹੇਰਾਫੇਰੀ' ਵਰਗੇ ਸ਼ਬਦਾਂ ਦੀ ਵਰਤੋਂ ਨਾ ਕਰਦਿਆਂ ਹੋਇਆਂ ਆਪਣੀ ਖ਼ੁਸ਼ੀ ਨੂੰ ਪ੍ਰਗਟ ਕਰਨ ਲਈ ਆਖਿਆ ਸੀ, "ਮੁਨਾਫ਼ੇ ਦੇ ਮੋਹ ਵਿਚੋਂ ਸਹੂਲਤ ਅਤੇ ਸੁੰਦਰਤਾ ਨੇ ਵੀ ਜਨਮ ਲਿਆ ਹੈ।" ਮੇਰਾ ਜੀਅ ਕੀਤਾ ਆਖਾਂ 'ਮੁਨਾਫ਼ੇ ਦੇ ਮੋਹ ਬਿਨਾ ਪੱਛਮੀ ਯੋਰਪ ਦੀ ਹਾਲਤ ਵੀ ਪੂਰਬੀ ਬਲਾਕ ਵਾਲੀ ਹੋ ਜਾਣੀ ਸੀ;' ਪਰ ਮੈਂ ਚੁੱਪ ਰਹਿਣਾ ਹੀ ਚੰਗਾ ਸਮਝਿਆ।

ਇਕ ਦਿਨ ਵਿੰਡਜ਼ਰ ਸਫ਼ਾਰੀ ਪਾਰਕ ਵੱਲ ਜਾ ਰਹੇ ਸਾਂ ਕਿ ਰਾਹ ਵਿਚ ਪੁਲੀਸ ਦੁਆਰਾ ਰੁਟੀਨ ਚੈਕਿੰਗ ਕੀਤੀ ਜਾ ਰਹੀ ਸੀ। ਬਹੁਤ ਸਾਰੇ ਪੁਲੀਸ ਕਰਮਚਾਰੀ ਵੇਖ ਕੇ ਮੇਰੇ ਮਿੱਤਰ ਨੇ ਪੁੱਛਿਆ, "ਏਨੀ ਪੁਲੀਸ ਕਿਉਂ ?"

"ਤਾਂ ਜੁ ਕੰਮ ਛੇਤੀ ਨਿਬੜੇ ਅਤੇ ਲੋਕਾਂ ਦਾ ਵਕਤ ਜ਼ਾਇਆ ਨਾ ਹੋਵੇ।"

"ਤੇਰੇ ਕੋਲ ਸਾਰੇ ਕਾਗਜ਼ ਹੈਨ ?" ਮਿੱਤਰ ਦਾ ਦੇਸੀ ਅਨੁਭਵ ਮੈਥੋਂ ਪੁੱਛ ਰਿਹਾ ਸੀ।

"ਨਹੀਂ।" ਮੇਰੇ ਉੱਤਰ ਨੇ ਮੇਰੇ ਮਿੱਤਰ ਨੂੰ ਥੋੜ੍ਹਾ ਜਿਹਾ ਪ੍ਰੇਸ਼ਾਨ ਕਰ ਦਿੱਤਾ।

"ਕੀ ਬਣੇਗਾ ਹੁਣ ?" ਉਸਦੀ ਪ੍ਰੇਸ਼ਾਨੀ ਅਗਿਆਤ ਵਿਚੋਂ ਉਪਜੀ ਸੀ।

"ਕਾਗਜ਼ ਪੱਤਰ ਬਹੁਤਿਆਂ ਕੋਲ ਨਹੀਂ ਇਸ ਸਮੇਂ। ਅਜਿਹੇ ਸਾਰਿਆਂ ਨੂੰ ਇਕ ਇਕ ਪਰਚੀ ਦੇ ਦਿੱਤੀ ਜਾਵੇਗੀ, ਜਿਸਦੀ ਮਾਰਫ਼ਤ ਉਹ ਆਪਣੇ ਲਾਗਲੇ ਥਾਣੇ ਵਿਚ ਆਪਣੇ ਡਾਕੂਮੈਂਟਸ ਵਿਖਾ ਦੇਣਗੇ।"

"ਏਥੇ ਰੁਕਣਾ ਨਹੀਂ ਪਵੇਗਾ ?"

ਆਪਣੇ ਮਿੱਤਰ ਦੇ ਪ੍ਰਸ਼ਨ ਦਾ ਉੱਤਰ ਦੇਣ ਦਾ ਸਮਾਂ ਨਹੀਂ ਸੀ। ਪੁਲੀਸ ਕਰਮਚਾਰੀ ਨੇ ਮੇਰੇ ਕੋਲ ਆ ਕੇ ਆਖਿਆ, "ਰੁਟੀਨ ਚੈਕਿੰਗ, ਸਰ।"

"ਮੈਨੂੰ ਈਸਟ ਹੈਮ ਪੁਲੀਸ ਸਟੇਸ਼ਨ ਲਈ ਪ੍ਰੋਡਿਊਸਰ ਦੇ ਦਿਉ," ਆਖਿਆ ਜਾਣ ਉੱਤੇ ਪੁਲਿਸ ਕਰਮਚਾਰੀ ਨੇ ਅੱਧੇ ਕੁ ਮਿੰਟ ਵਿਚ ਪਰਚੀ ਮੈਨੂੰ ਫੜਾ ਦਿੱਤੀ ਅਤੇ ਅਸੀਂ ਆਪਣੇ ਰਾਹੇ ਪੈ ਗਏ। ਇਸ ਤਜਰਬੇ ਨੇ ਮੇਰੇ ਮਿੱਤਰ ਨੂੰ ਕੁਝ ਵਧੇਰੇ ਹੀ ਗੰਭੀਰ ਕਰ ਦਿੱਤਾ। ਨਿੱਕੀਆਂ ਨਿੱਕੀਆਂ ਗੱਲਾਂ ਉਸਨੂੰ ਸੋਚੀਂ ਪਾਉਣ ਲੱਗ ਪਈਆਂ। ਇਕ ਦਿਨ ਇਕ ਸੜਕ ਉੱਤੇ ਨਵੀਂ ਲੁੱਕ ਪਾਈ ਜਾ ਰਹੀ ਸੀ। ਦੂਰੋਂ ਹੀ 'ਰੋਡ ਵਰਕਸ ਅਹੈੱਡ', 'ਰੋਡ ਨੈਰੋਜ਼', 'ਨੋ ਰੋਡ ਮਾਰਕਿੰਗਜ਼', 'ਲੂਜ਼ ਚਿਪਿੰਗ', 'ਰਫ਼ ਸਰਫ਼ਿਸ' ਅਤੇ 'ਰੈਂਪ' ਆਦਿਕ ਦੇ ਬੋਰਡ ਦਿੱਸਣੇ ਸ਼ੁਰੂ ਹੋ ਗਏ। ਸੜਕ ਵਿਚ ਪੁੱਟੀ ਹੋਈ ਥਾਂ ਦੁਆਲੇ ਵਧੀਆ ਜੰਗਲਾ ਬਣਾਉਣ ਦੇ ਨਾਲ ਨਾਲ ਲੋੜੋਂ ਬਹੁਤੀਆਂ ਬੱਤੀਆਂ ਜਗਾ ਕੇ ਸੜਕ ਵਰਤਣ ਵਾਲਿਆਂ ਨੂੰ ਸਾਵਧਾਨ ਕਰਨ ਦੇ ਯਤਨਾਂ ਦੀ ਭਰਮਾਰ ਦਿਸ ਪਈ। ਸਭ ਕੁਝ ਵੇਖ ਕੇ ਮੇਰੇ ਮਿੱਤਰ

ਨੇ ਆਖਿਆ, "ਸਾਡੇ ਦੇਸ਼ ਵਿਚ ਸੜਕਾਂ ਉੱਤੇ ਜੀਵਨ ਦਾ ਏਨਾ ਸਤਿਕਾਰ ਨਹੀਂ ਕੀਤਾ ਜਾਂਦਾ; ਸ਼ਾਇਦ ਕੀਤਾ ਹੀ ਨਹੀਂ ਜਾਂਦਾ; ਇਹ ਸ਼ਬਦ ਉਥੇ ਓਪਰਾ ਹੋ ਗਿਆ ਹੈ।"

ਮੀਂਹ ਕਣੀ ਦੇ ਦਿਨਾਂ ਵਿਚ ਅਸੀਂ ਘੁੰਮਣ ਫਿਰਨ ਨਹੀਂ ਸਾਂ ਜਾਂਦੇ। ਉੱਞ ਵੀ ਦੋ ਢਾਈ ਮਹੀਨੇ ਬਥੇਰਾ ਫਿਰ ਤੁਰ ਲਿਆ ਸੀ। ਹੁਣ ਅਸੀਂ ਸਾਰਾ ਸਾਰਾ ਹਫ਼ਤਾ ਘਰ ਰਹਿਣ ਲੱਗ ਪਏ ਸਾਂ; ਕਦੇ ਕਦਾਈਂ ਹੀ ਮਿੱਤਰ ਨਾਲ ਮਿਲ ਕੇ ਕਿਧਰੇ ਜਾਣ ਦਾ ਪ੍ਰੋਗਰਾਮ ਬਣਾਉਂਦੇ ਸਾਂ, ਉਹ ਵੀ ਲੰਡਨ ਦੇ ਵਿਚ ਵਿਚ। ਮੇਰੀ ਪੌਣੇ ਕੁ ਤਿੰਨ ਸਾਲ ਦੀ ਪੋਤ੍ਰੀ, ਨੇਹਲ, ਹਰ ਵੇਲੇ ਵਾਲਟ ਡਿਜ਼ਨੀ ਦੀ ਕੋਈ ਨਾ ਕੋਈ ਕਾਰਟੂਨ ਫ਼ਿਲਮ ਲਾ ਛੱਡਦੀ ਸੀ। ਪਹਿਲਾਂ ਪਹਿਲ ਮੇਰੇ ਮਿੱਤਰ ਨੂੰ ਇਹ ਗੱਲ ਓਪਰੀ ਅਤੇ ਕਿਸੇ ਹੱਦ ਤਕ ਮਾੜੀ ਵੀ ਲੱਗੀ ਸੀ। ਹੌਲੀ ਹੌਲੀ ਉਹ ਵੀ ਨੇਹਲ ਨਾਲ ਰਲ ਕੇ ਇਹ ਫ਼ਿਲਮਾਂ ਵੇਖਣ ਲੱਗ ਪਿਆ। ਉਨ੍ਹਾਂ ਵਿਚੋਂ ਪੋਕਾਹਾਂਟਾਜ਼, ਫ਼ੌਕਸ ਐਂਡ ਦੀ ਹਾਊਂਡ ਅਤੇ ਟੌਏ ਸਟੋਰੀ ਉਸਨੂੰ ਬਹੁਤ ਪਸੰਦ ਸਨ। ਇਹ ਤਿੰਨ ਫ਼ਿਲਮਾਂ ਉਸਨੇ ਕਈ ਵੇਰ ਵੇਖ ਲੈਣ ਪਿੱਛੋਂ ਇਕ ਦਿਨ ਮੈਨੂੰ ਆਖਿਆ, "ਪੁੰਨੂ, ਇਹ ਲੋਕ ਆਪਣੇ ਬੱਚਿਆਂ ਨੂੰ ਬਹੁਤ ਚੰਗੀ ਸਿੱਖਿਆ ਦਿੰਦੇ ਹਨ। ਬੱਚਿਆਂ ਨੂੰ ਮਨੁੱਖਤਾ ਦਾ ਭਵਿੱਖ ਮੰਨਦੇ ਹੋਏ ਉਨ੍ਹਾਂ ਨੂੰ ਦੇਸ਼, ਕੌਮ, ਰੰਗ ਅਤੇ ਧਰਮ ਤੋਂ ਉੱਚਾ ਹੋਣ ਦੀ ਜਾਚ ਦੱਸਦੇ ਹਨ। ਨਸਲੀ ਉੱਤਮਤਾ ਦਾ ਕੋਈ ਪਾਠ ਨਹੀਂ ਪੜ੍ਹਾਉਂਦੇ; ਘੱਟੋ ਘੱਟ ਇਨ੍ਹਾਂ ਫ਼ਿਲਮਾਂ ਵਿਚ ਨਹੀਂ ਪੜ੍ਹਾਇਆ ਗਿਆ। ਇਨ੍ਹਾਂ ਵਿਚ ਬੱਚੇ ਨੂੰ ਨਿਰੋਲ ਬੱਚਾ ਸਮਝਿਆ ਗਿਆ ਹੈ; ਮਨੁੱਖ ਦਾ ਬੱਚਾ; ਕਿਸੇ ਦੇਸ਼ ਧਰਮ ਦਾ ਮੈਂਬਰ ਨਹੀਂ; ਸਾਰੀ ਧਰਤੀ ਦਾ ਵਸਨੀਕ; ਵਿਸ਼ਵ ਦਾ ਵਾਸੀ।"

SIKHBOOKCLUB.COM

ਐਵੇਂ ਹੀ ਇਕ ਦਿਨ ਮੇਰਾ ਜੀ ਕੀਤਾ ਆਪਣੇ ਮਿੱਤਰ ਨੂੰ ਲੰਡਨ ਦੀਆਂ ਬੱਸਾਂ ਦੀ ਸਵਾਰੀ ਕਰਵਾਉਣ ਦਾ। ਅੰਡਰਗਰਾਊਂਡ ਵਿਚ ਉਹ ਸਫ਼ਰ ਕਰ ਚੁੱਕਾ ਸੀ। ਨਾਰਥ ਵੂਲਿਚ ਵੱਲ ਨੂੰ ਜਾਣ ਲਈ ਅਸੀਂ 101 ਨੰਬਰ ਦੀ ਬੱਸ ਵਿਚ ਬੈਠ ਗਏ। ਬੈਠਦਿਆਂ ਹੀ ਉਹ ਬੱਸ ਦੀ ਬਣਤਰ, ਸਫ਼ਾਈ ਅਤੇ ਡਰਾਈਵਰ ਦੇ ਸ਼ਿਸ਼ਟਾਚਾਰ ਦਾ ਟਾਕਰਾ ਆਪਣੇ ਦੇਸ਼ ਦੀਆਂ ਬੱਸਾਂ ਅਤੇ ਉਨ੍ਹਾਂ ਵਿਚਲੇ ਕਰਮਚਾਰੀਆਂ ਨਾਲ ਕਰਨ ਲੱਗ ਪਿਆ। ਜਦੋਂ ਉਹ ਆਇਆ ਸੀ, ਉਦੋਂ ਏਥੋਂ ਦੇ ਦਫ਼ਤਰਾਂ ਦੇ ਕਰਮਚਾਰੀਆਂ ਦੀ ਕਾਰਜ ਪ੍ਰਬੀਨਤਾ ਨੂੰ ਉਹਨਾਂ ਦੇ ਆਚਰਣ ਦੀ ਇਕ ਸੁੰਦਰਤਾ ਮੰਨਣ ਦੀ ਥਾਂ ਮਸ਼ੀਨੀ ਜੀਵਨ ਦੀ ਤੇਜ਼ੀ ਵਿਚੋਂ ਉਪਜੀ ਹੋਈ ਇਕ ਮਜਬੂਰੀ ਮੰਨਦਾ ਸੀ। ਕਰਮਚਾਰੀਆਂ ਦੇ ਚੰਗੇ ਵਿਵਹਾਰ ਨੂੰ ਉਨ੍ਹਾਂ ਦਾ ਸ਼ਿਸ਼ਟਾਚਾਰ ਆਖਣ ਦੀ ਥਾਂ ਉਨ੍ਹਾਂ ਦੀ ਕਾਰੋਬਾਰੀ ਸਿਖਲਾਈ ਕਹਿੰਦਾ ਸੀ। ਆਪਣੇ ਕਥਨ ਦੀ ਪੁਸ਼ਟੀ ਕਰਨ ਲਈ ਉਸਨੇ ਮੈਨੂੰ ਆਖਿਆ ਸੀ, "ਇਨ੍ਹਾਂ ਨੂੰ ਇਨ੍ਹਾਂ ਦੀ ਕੰਮ ਵਾਲੀ ਖਿੜਕੀ ਵਿਚੋਂ ਹੀ ਵੇਖਿਆ ਹੈ ਤੂੰ। ਇਸ ਖਿੜਕੀ ਵਿਚੋਂ ਬਾਹਰ ਆਉਂਦਿਆਂ ਹੀ ਇਨ੍ਹਾਂ ਦਾ ਰੰਗ ਬਦਲ ਜਾਵੇਗਾ।"

ਅੱਜ ਉਸਦੀ ਆਪਣੀ ਦ੍ਰਿਸ਼ਟੀ ਬਦਲ ਗਈ ਸੀ। ਜਦੋਂ ਅਗਲੇ ਸਟਾਪ ਉੱਤੇ ਬੱਸ ਰੁਕੀ ਤਾਂ ਉਸਨੇ ਮੈਨੂੰ ਪੁੱਛਿਆ:

"ਪੁੰਨੂ, ਬੱਸ ਸਟਾਪ ਵਾਲੀ ਥਾਂ ਤੋਂ ਸੜਕ ਜ਼ਰਾ ਨੀਵੀਂ ਹੁੰਦੀ ਹੈ?"

"ਹੋਣੀ ਤਾਂ ਨਹੀਂ ਚਾਹੀਦੀ।"

ਉਹ ਮੇਰੀ ਗੱਲ ਸੁਣਦਾ ਹੋਇਆ ਬੱਸ ਤੋਂ ਬਾਹਰ ਫੁਟ-ਪਾਥ ਵੱਲ ਵੇਖ ਰਿਹਾ ਸੀ। ਡਰਾਈਵਰ ਨੇ ਟਿਕਟਾਂ ਦੇ ਲੈਣ ਤੋਂ ਪਿੱਛੋਂ ਇਹ ਭਰੋਸਾ ਕਰ ਕੇ ਕਿ ਸਾਰੀਆਂ ਸਵਾਰੀਆਂ ਸਾਵਧਾਨੀ ਨਾਲ ਬਹਿ-ਖਲੋ ਗਈਆਂ ਹਨ, ਬੱਸ ਅੱਗੇ ਤੋਰੀ। ਮੇਰੇ ਮਿੱਤਰ ਨੇ ਆਖਿਆ, "ਸਟਾਪ ਉੱਤੇ ਖਲੋਣ ਵੇਲੇ ਬੱਸ ਨੀਵੀਂ ਹੋ ਗਈ ਲੱਗਦੀ ਸੀ; ਤੁਰਨ ਲੱਗਿਆਂ ਮੁੜ ਉੱਚੀ ਹੋਈ ਹੈ। ਇਹ ਠੀਕ ਹੈ ਜਾਂ ਮੈਨੂੰ ਭੁਲੇਖਾ ਲੱਗਾ ਹੈ?"

"ਭੁਲੇਖਾ ਨਹੀਂ, ਤੂੰ ਠੀਕ ਵੇਖਿਆ ਹੈ। ਇਹ ਨਵੀਆਂ ਬੱਸਾਂ ਇਵੇਂ ਹੀ ਬਣਾਈਆਂ ਗਈਆਂ ਹਨ। ਇਨ੍ਹਾਂ ਵਿਚ ਲੱਗੇ ਹੋਏ ਹਾਈਡ੍ਰਾਲਿਕਸ ਇਨ੍ਹਾਂ ਨੂੰ ਖਲੋਣ ਉੱਤੇ ਇਕ ਪਾਸੇ ਵੱਲ ਨੀਵਾਂ ਕਰ ਦਿੰਦੇ ਹਨ।"

"ਉਹ ਕਿਉਂ?"

"ਬੱਚਿਆਂ, ਬੁੱਢਿਆਂ ਅਤੇ ਬੀਮਾਰਾਂ ਆਦਿਕ ਦੀ ਸਹੂਲਤ ਲਈ। ਵ੍ਹੀਲ ਚੇਅਰ ਵਿਚ ਵੀ ਹੋ ਸਕਦੀ ਹੈ ਕੋਈ ਸਵਾਰੀ। ਉਸ ਹਾਲਤ ਵਿਚ ਬੱਸ ਵਿਚੋਂ ਇਕ ਰੈਂਪ (ਫੱਟਾ) ਬਾਹਰ ਨਿਕਲ ਕੇ ਫੁਟ-ਪਾਥ ਉੱਤੇ ਜਾ ਟਿਕਦਾ ਹੈ ਅਤੇ ਵ੍ਹੀਲ ਚੇਅਰ ਲਈ ਇਕ ਪੁਲ ਜਿਹਾ ਬਣ ਜਾਂਦਾ ਹੈ। ਔਹ ਸਾਹਮਣੇ ਵਾਲੀਆਂ ਸਾਰੀਆਂ ਸੀਟਾਂ ਉਪਰ ਨੂੰ ਫੋਲਡ ਹੋ ਜਾਂਦੀਆਂ ਹਨ ਅਤੇ ਬੱਸ ਵਿਚ ਵ੍ਹੀਲ ਚੇਅਰ ਦੇ ਖਲੋਣ ਲਈ ਥਾਂ ਬਣ ਜਾਂਦੀ ਹੈ।"

"ਅਪਾਹਜਾਂ, ਬੱਚਿਆਂ ਅਤੇ ਬੁੱਢਿਆਂ ਕੋਲੋਂ ਕਿਰਾਇਆ ਨਹੀਂ ਲਿਆ ਜਾਂਦਾ। ਉਹ ਮੁਫ਼ਤ ਸਫ਼ਰ ਕਰਦੇ ਹਨ। ਫਿਰ ਵੀ ਉਨ੍ਹਾਂ ਲਈ ਸਹੂਲਤਾਂ ਪੈਦਾ ਕੀਤੀਆਂ ਜਾਂਦੀਆਂ ਹਨ; ਜੀਵਨ ਨੂੰ ਸੁਹਣਾ ਅਤੇ ਸੁਖੀ ਬਣਾਉਣ ਦੀ ਇੱਛਾ ਵੀ ਹੈ ਇਨ੍ਹਾਂ ਵਿਚ ਅਤੇ ਸਮਰੱਥਾ ਵੀ। ਸਾਡੇ ਦੇਸ਼ ਵਿਚ ਸਾਈਕਲ ਰਿਕਸ਼ੇ ਚੱਲਦਿਆਂ ਅੱਧੀ ਸਦੀ ਹੋ ਗਈ ਹੈ। ਰਿਕਸ਼ਿਆਂ ਦੀ ਗਿਣਤੀ ਲੱਖਾਂ ਨੂੰ ਪਾਰ ਕਰ ਗਈ ਹੋਵੇਗੀ; ਪਰ ਅੱਜ ਤਕ ਰਿਕਸ਼ੇ ਵਿਚ ਕਿਸੇ ਕਿਸਮ ਦੀ ਕੋਈ ਇੰਪਰੂਵਮੈਂਟ ਕਦੇ ਸੋਚੀ ਹੀ ਨਹੀਂ ਗਈ। ਕਿਸ ਤਰ੍ਹਾਂ ਦਾ ਜੀਵਨ ਜੀਉਂਦੇ ਹਾਂ ਅਸੀਂ? ਇੰਪਰੂਵਮੈਂਟ? ਸਮਾਜਕ ਜੀਵਨ ਵਿਚ ਕਿਸੇ ਸੁੰਦਰਤਾ ਦੇ ਵਾਧੇ ਦੀ ਰੀਝ.....? ਇਹ ਸਾਡਾ ਕੰਮ ਨਹੀਂ।"

ਮੈਂ ਚੁੱਪ ਚਾਪ ਉਸਦੇ ਮੂੰਹ ਵੱਲ ਵੇਖਦਾ ਰਿਹਾ। ਉਹ ਡੂੰਘੀ ਸੋਚ ਵਿਚ ਲੱਥਾ ਹੋਇਆ ਸੀ। ਮੈਂ ਹੈਰਾਨ ਸਾਂ ਕਿ ਸੰਸਾਰ ਦੇ ਇਤਿਹਾਸ ਵਿਚ ਵਾਪਰੀਆਂ ਹੋਈਆਂ ਵੱਡੀਆਂ ਵੱਡੀਆਂ ਘਟਨਾਵਾਂ ਨੂੰ ਆਪਣੇ 'ਮਨ ਦੇ ਮੇਚ' ਕਰ ਕੇ ਵੇਖਣ ਵਾਲਾ ਆਦਮੀ ਇਤਿਹਾਸ ਤੋਂ ਉਚੇਰਾ ਹੋ ਕੇ ਸੋਚਣ ਲੱਗ ਪਿਆ ਸੀ; ਅਤੇ ਇਉਂ ਸੋਚਣ ਕਰਕੇ ਵਰਤਮਾਨ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਵਿਚ ਵੱਡੀਆਂ ਵੱਡੀਆਂ ਸੰਭਾਵਨਾਵਾਂ ਦੇ ਸੁਪਨੇ ਉਲੀਕਣ ਲੱਗ ਪਿਆ ਸੀ। ਉਹ ਇਤਿਹਾਸ ਦੀ ਜੜ੍ਹਤਾ ਵਿਚੋਂ ਨਿਕਲ ਕੇ ਭਵਿੱਖ ਦੇ ਸੁਪਨਿਆਂ ਦੀ ਸਜੀਵਤਾ ਵਿਚ ਪ੍ਰਵੇਸ਼ ਕਰਦਾ ਜਾ ਰਿਹਾ ਸੀ। ਇਕ ਦੁਸ਼ਵਾਰ ਕੰਮ ਉਸ ਲਈ ਆਸਾਨ ਹੁੰਦਾ ਜਾ ਰਿਹਾ ਸੀ; ਉਹ ਆਦਮੀ ਤੋਂ ਇਨਸਾਨ ਬਣਦਾ ਜਾ ਰਿਹਾ ਸੀ।

ਜਦੋਂ ਉਹ ਏਥੇ ਆਇਆ ਸੀ ਉਦੋਂ ਉਸਦਾ ਖ਼ਿਆਲ ਸੀ ਕਿ ਉਹ ਅਗਸਤ ਦੇ ਮਹੀਨੇ ਵਾਪਸ ਜਾ ਕੇ ਆਜ਼ਾਦੀ ਦੀ ਗੋਲਡਨ ਜੁਬਲੀ ਆਪਣੇ ਦੇਸ਼ ਵਿਚ ਮਨਾਵੇਗਾ। ਹੁਣ ਉਸਨੂੰ ਅਜਿਹੀ ਕੋਈ ਕਾਹਲ ਨਹੀਂ ਸੀ। ਅਗਸਤ ਦੇ ਮਹੀਨੇ ਵਿਚ, ਏਥੇ ਟੈਲੀਵਿਯਨ

ਉੱਤੇ ਅੰਗਰੇਜ਼ੀ ਰਾਜ ਅਤੇ ਭਾਰਤ ਦੀ ਆਜ਼ਾਦੀ ਨਾਲ ਸੰਬੰਧਤ ਪ੍ਰੋਗਰਾਮ ਵਿਖਾਏ ਜਾਣੇ ਸ਼ੁਰੂ ਹੋ ਗਏ। 1857 ਦੇ ਗ਼ਦਰ ਜਾਂ ਪਹਿਲੀ ਜੰਗੇ ਆਜ਼ਾਦੀ ਬਾਰੇ ਵਿਖਾਇਆ ਗਿਆ। ਅੰਗਰੇਜ਼ਾਂ ਵੱਲੋਂ ਹੋਏ ਜ਼ੁਲਮਾਂ ਦੇ ਨਾਲ ਨਾਲ ਨਾਨਾ ਸਾਹਿਬ ਅਤੇ ਤਾਂਤੀਆ ਟੋਪੇ ਆਦਿਕ ਦੇ ਅੱਤਿਆਚਾਰ ਵੀ ਵਿਖਾਏ ਗਏ। ਬਹੁਤ ਔਖਾ ਸੀ ਉਹ ਸਭ ਕੁਝ ਵੇਖਣਾ। ਮੇਰੇ ਅਤੇ ਉਸਦੇ ਸਿਵਾ ਬਾਕੀ ਸਾਰਾ ਟੱਬਰ ਟੈਲੀ ਅੱਗੋਂ ਉੱਠ ਕੇ ਚਲਾ ਗਿਆ। ਸਾਨੂੰ ਵੀ ਕਈ ਦ੍ਰਿਸ਼ਾਂ ਵੱਲੋਂ ਮੂੰਹ ਫੇਰਨੇ ਪਏ। ਤਾਂਤੀਆ ਅਤੇ ਨਾਨਾ ਸਾਹਿਬ ਦੇ ਅੱਤਿਆਚਾਰਾਂ ਬਾਰੇ ਵੀਹਵੀਂ ਸਦੀ ਦੇ ਭਾਰਤ ਵਾਸੀਆਂ ਦੀ ਰਾਏ ਉਚੇਚੇ ਤੌਰ ਉੱਤੇ ਪੁੱਛੀ ਗਈ। ਲਗਭਗ ਸਾਰਿਆਂ ਨੇ ਇਹ ਮੰਨਣੋਂ ਇਨਕਾਰ ਕੀਤਾ ਕਿ ਭਾਰਤੀਆਂ ਵੱਲੋਂ ਅਜਿਹਾ ਕੋਈ ਜ਼ੁਲਮ ਅੰਗਰੇਜ਼ ਨਾਗਰਿਕਾਂ, ਇਸਤ੍ਰੀਆਂ ਅਤੇ ਬੱਚਿਆਂ ਉੱਤੇ ਕੀਤਾ ਗਿਆ ਸੀ।

ਅਗਲੇ ਦਿਨ ਜਦੋਂ 'ਭੁੱਲੀ ਵਿੱਸਰੀ ਭੁੱਖਮਰੀ' ਨਾਂ ਦੇ ਪ੍ਰੋਗਰਾਮ ਵਿਚ ਬੰਗਾਲ ਦੇ ਅਕਾਲ ਬਾਰੇ ਦੱਸਦਿਆਂ ਹੋਇਆਂ ਅੰਗਰੇਜ਼ੀ ਮੀਡੀਆ ਨੇ ਭਾਰਤ ਦੇ (ਉਸ ਸਮੇਂ ਦੇ) ਵਾਇਸਰਾਏ ਲਾਰਡ ਲਿਨਲਿਥ ਗੋ; ਸੈਕਟਰੀ ਆਫ਼ ਸਟੇਟਸ ਫ਼ਾਰ ਇੰਡੀਆ, ਐਮਰੀ; ਪ੍ਰਧਾਨ ਮੰਤਰੀ ਚਰਚਿਲ; ਅਤੇ ਸਮੁੱਚੀ ਅੰਗਰੇਜ਼ੀ ਸਰਕਾਰ ਨੂੰ ਤੀਹ ਲੱਖ ਬੰਗਾਲੀਆਂ ਦੀ ਮੌਤ ਦੇ ਜ਼ਿੰਮੇਦਾਰ ਸਿੱਧ ਕੀਤਾ ਤਾਂ ਮੇਰੇ ਮਿੱਤਰ ਨੇ ਇਕ ਲੰਮਾ ਹੌਕਾ ਭਰ ਕੇ ਆਖਿਆ, "ਇਨ੍ਹਾਂ ਨੂੰ ਆਪਣੇ ਅਤੀਤ ਸਾਹਮਣੇ ਖਲੋਣਾ ਵੀ ਆਉਂਦਾ ਹੈ; ਆਪਣੀਆਂ ਭੁੱਲਾਂ ਦਾ ਇਕਬਾਲ ਕਰਨ ਦੀ ਹਿੰਮਤ ਹੈ ਇਨ੍ਹਾਂ ਵਿਚ। ਇਹ ਲੋਕ ਸਾਡੇ ਵਾਂਗ ਆਪਣੇ ਅਤੀਤ ਨਾਲ ਜੁੜੇ ਜਕੜੇ ਹੋਏ ਨਹੀਂ। ਇਹ ਜਾਣਦੇ ਹਨ ਕਿ ਸਾਮਰਾਜ ਦੀ ਸਿਰਜਣਾ ਅਤੇ ਸਥਾਪਤੀ ਨੂੰ ਆਦਰਸ਼ ਮੰਨਣ ਵਾਲੇ ਲੋਕ ਕਿਸੇ ਵੱਖਰੇ ਯੁਗ ਦੇ ਵਾਸੀ ਸਨ; ਵੱਖਰੀਆਂ ਪ੍ਰਸਥਿਤੀਆਂ ਦੀ ਉਪਜ ਸਨ; ਉਨ੍ਹਾਂ ਦੀਆਂ ਭੁੱਲਾਂ ਸਾਡੀਆਂ ਭੁੱਲਾਂ ਨਹੀਂ ਹਨ; ਸਾਡੇ ਲਈ ਸਬਕ ਹਨ। ਅਸੀਂ ਆਪਣੇ ਪੁਰਵਜਾਂ ਦੀਆਂ ਭੁੱਲਾਂ ਉੱਤੇ ਪਰਦੇ ਪਾਉਂਦੇ ਹਾਂ। ਆਪਣੇ ਪੂਰਵਜਾਂ ਨੂੰ ਅਤੇ ਆਪਣੇ ਆਪ ਨੂੰ ਅਭੁੱਲ ਮੰਨਦੇ ਹਾਂ। ਵਰਤਮਾਨ ਜੀਵਨ ਵਿਚਲੀਆਂ ਆਪਣੀਆਂ ਕਮਜ਼ੋਰੀਆਂ ਨੂੰ ਆਪਣੀਆਂ ਨਹੀਂ ਮੰਨਦੇ, ਸਗੋਂ ਅਤੀਤ ਵਿਚ ਦੂਜਿਆਂ ਵੱਲੋਂ ਆਪਣੇ ਨਾਲ ਹੋਏ ਅਨਿਆਂ ਦਾ ਅਸਰ ਆਖਦੇ ਹਾਂ। ਅਸੀਂ ਵਿਕਾਸ ਦੇ ਵਿਸ਼ਵਾਸੀ ਨਹੀਂ ਹਾਂ; ਅਸੀਂ ਅਤੀਤਵਾਸੀ ਹਾਂ। ਆਏ ਸਾਲ ਕਿਸੇ ਨਾ ਕਿਸੇ ਜਹਾਲਤ ਦੀ ਜੁਬਲੀ ਮਨਾ ਕੇ ਆਪਣੇ ਹਰ ਝੂਠ ਨੂੰ ਪਰਮ ਸੱਚ ਦੀ ਪਦਵੀ ਦੇਣ ਵਿਚ ਸਫਲ ਹੋ ਜਾਂਦੇ ਹਾਂ। ਅਸੀਂ ਰਿਸ਼ੀ, ਮੁਨੀ, ਦੇਵਤੇ ਹਾਂ; ਜਲ ਵਿਚ ਕਮਲ ਵਾਂਗ ਅਭਿੱਜ ਹਾਂ; ਅਸੀਂ ਆਤਮਾ ਹਾਂ ਜਿਸ ਨੂੰ ਜਲ ਡੋਬਦਾ ਨਹੀਂ, ਅੱਗ ਸਾੜਦੀ ਨਹੀਂ, ਸ਼ਸਤਰ ਕੱਟਦਾ ਨਹੀਂ। ਅਸੀਂ ਭ੍ਰਿਸ਼ਟਾਚਾਰੀ ਹਾਂ, ਇਹ ਸਾਡੀ ਨਿਰਲੇਪ ਆਤਮਾ ਉੱਤੇ ਗ਼ੁਲਾਮੀ ਦਾ ਲੇਪ ਹੈ। ਕਿੰਨਾ ਧਾਰਮਿਕ ਝੂਠ ਬੋਲਦੇ ਹਾਂ ਅਸੀਂ!"

ਮੈਂ ਆਖਿਆ, "ਬਾਲੀ, ਆ ਯਾਰ, ਤੇਰੀ ਭਰਜਾਈ ਵੱਲੋਂ ਸ਼ਾਪਿੰਗ ਦਾ ਹੁਕਮ ਹੋਇਆ ਹੈ।"

ਉਹ ਚੁੱਪ ਚੁਪੀਤਾ ਮੇਰੇ ਨਾਲ ਤੁਰ ਪਿਆ। ਸੁਪਰ ਸਟੋਰ ਦੀ ਵਿਸ਼ਾਲ ਕਾਰ ਪਾਰਕ ਵਿਚ ਗੱਡੀ ਖੜੀ ਕਰ ਕੇ ਅਸੀਂ ਸਟੋਰ ਵਿਚ ਚਲੇ ਗਏ। ਲੋੜ ਨਾਲੋਂ ਬਹੁਤਾ ਸਮਾਂ ਅਸਾਂ

ਸਟੋਰ ਵਿਚ ਏਧਰ ਓਧਰ ਫਿਰਨ ਵਿਚ ਬਿਤਾਇਆ। ਉਹ ਸਟੋਰ ਦੇ ਸ਼ੈਲਫ਼ਾਂ ਉੱਤੇ ਸਜਾਈਆਂ ਹੋਈਆਂ ਚੀਜ਼ਾਂ ਨੂੰ ਇਉਂ ਵੇਖ ਰਿਹਾ ਸੀ ਜਿਵੇਂ ਕਿਸੇ ਆਰਟ ਗੈਲਰੀ ਵਿਚ ਲੱਗੀ ਨੁਮਾਇਸ਼ ਨੂੰ, ਕੋਈ ਕਲਾ-ਪਾਰਖੀ, ਪਿਆਰ ਅਤੇ ਸਤਿਕਾਰ ਨਾਲ ਵੇਖਦਾ ਹੈ। ਲੋੜ ਦੀਆਂ ਚੀਜ਼ਾਂ ਮੈਂ ਸ਼ਾਪਿੰਗ ਬਾਸਕਿਟ ਵਿਚ ਪਾ ਲਈਆਂ ਸਨ। ਉਹ ਬਾਹਰ ਜਾਣ ਦੀ ਕਾਹਲ ਵਿਚ ਨਹੀਂ ਸੀ। ਸ਼ਾਪਿੰਗ ਕਰ ਰਹੇ ਪ੍ਰਸੰਨ ਲੋਕਾਂ ਦੀ ਗਹਿਮਾ ਗਹਿਮ ਉਸ ਨੂੰ ਚੰਗੀ ਲੱਗ ਰਹੀ ਸੀ। ਮੈਂ ਜਾਣ ਲਈ ਆਖਿਆ ਤਾਂ ਉਸਦਾ ਉੱਤਰ ਸੀ, "ਠਹਿਰ ਜਾ ਪੁਨੂੰ, ਕਾਹਲੀ ਨਾ ਕਰ; ਇਨ੍ਹਾਂ ਰੌਣਕਾਂ ਦੀ ਉਤਪਤੀ ਲਈ 'ਵਿਕਾਸ' ਨੇ ਬਹੁਤ ਲੰਮਾ ਸਫ਼ਰ ਕੀਤਾ ਹੈ।"

ਪੈਸੇ ਦੇ ਕੇ ਅਸੀਂ ਕਾਰ ਵੱਲ ਆ ਗਏ। ਮੈਨੂੰ ਇਉਂ ਲੱਗ ਰਿਹਾ ਸੀ ਕਿ ਮੇਰੇ ਕੋਲੋਂ ਗ਼ਲਤੀ ਨਾਲ ਕੁਝ ਪੈਸੇ ਵੱਧ ਲੈ ਲਏ ਗਏ ਹਨ। ਸ਼ਾਪਿੰਗ ਦੀ ਲਿਸਟ ਬਹੁਤੀ ਲੰਮੀ ਨਹੀਂ ਸੀ। ਵੇਖਣ ਉੱਤੇ ਪਤਾ ਲੱਗਾ ਕਿ ਸਾਗ ਲਈ ਖ਼ਰੀਦੀ ਹੋਈ ਗਰੀਨ ਦੀਆਂ ਪੰਜ ਗੁੱਛੀਆਂ ਦੀ ਥਾਂ ਛੇ ਦੇ ਪੈਸੇ ਲੈ ਲਏ ਗਏ ਸਨ। ਇਕ ਗੁੱਛੀ ਦੀ ਕੀਮਤ 58 ਪੈਂਸ ਵਾਧੂ ਵਸੂਲ ਕਰ ਲਈ ਗਈ ਸੀ। ਮੇਰੇ ਮਿੱਤਰ ਨੂੰ ਇਕ ਵੇਰ ਫਿਰ ਸਟੋਰ ਵਿਚ ਜਾਣ ਦਾ ਮੌਕਾ ਮਿਲ ਜਾਣ ਦੀ ਖ਼ੁਸ਼ੀ ਹੋਈ। ਅਸੀਂ ਕਸਟਮਰ ਸਰਵਿਸ ਕਾਊਂਟਰ ਉੱਤੇ ਖਲੋਤੀ ਗੋਰੀ ਸੁਆਣੀ ਨੂੰ ਆਪਣੀ ਸ਼ਿਕਾਇਤ ਦੱਸੀ। ਉਸਨੇ ਇਕ ਆਦਮੀ ਮੇਰੇ ਨਾਲ ਭੇਜ ਕੇ ਗਰੀਨ ਦੀਆਂ ਗੁੱਛੀਆਂ ਦੀ ਗਿਣਤੀ ਚੈੱਕ ਕਰਨੀ ਚਾਹੀ। ਹੋ ਗਈ। ਜਦੋਂ ਉਹ ਇਸਤ੍ਰੀ ਟਿੱਲ ਵਿਚੋਂ ਇਕ ਪਾਊਂਡ ਸੋਲ੍ਹਾਂ ਪੈਂਸ ਕੱਢ ਕੇ ਮੈਨੂੰ ਦੇਣ ਲੱਗੀ ਤਾਂ ਮੈਂ ਆਖਿਆ, "ਹੁਣ ਦੂਜੀ ਗ਼ਲਤੀ ਹੋ ਰਹੀ ਹੈ।"

"ਉਹ ਕਿਹੜੀ ?"

"ਮੈਨੂੰ 58 ਪੈਂਸ ਦੀ ਥਾਂ ਇਕ ਪਾਊਂਡ ਸੋਲ੍ਹਾਂ ਪੈਂਸ ਦਿੱਤੇ ਜਾ ਰਹੇ ਹਨ।"

"ਇਹ ਗ਼ਲਤੀ ਨਹੀਂ; ਕੰਪਨੀ ਦਾ ਨੇਮ ਹੈ ਕਿ ਜੇ ਕਿਸੇ ਗਾਹਕ ਕੋਲੋਂ ਗ਼ਲਤੀ ਨਾਲ ਕਿਸੇ ਚੀਜ਼ ਦੇ ਪੈਸੇ ਵੱਧ ਲੱਗ ਜਾਣ ਤਾਂ ਪੈਸੇ ਵਾਪਸ ਦੇਣ ਦੇ ਨਾਲ ਨਾਲ ਉਹ ਚੀਜ਼ ਵੀ ਗਾਹਕ ਨੂੰ (ਜੇ ਚਾਹੁੰਦਾ ਹੋਵੇ ਤਾਂ) ਮੁਫ਼ਤ ਦਿੱਤੀ ਜਾਵੇ; ਜੇ ਨਾ ਚਾਹੁੰਦਾ ਹੋਵੇ ਤਾਂ ਪੈਸੇ ਦੂਣੇ ਦਿੱਤੇ ਜਾਣ। ਤੁਹਾਨੂੰ ਗਰੀਨ ਦੀ ਲੋੜ ਨਹੀਂ; ਇਸ ਲਈ ਪੈਸੇ ਲੈਣੇ ਪੈਣਗੇ।"

"ਜੇ ਮੈਂ ਵੱਧ ਪੈਸੇ ਨਾ ਲੈਣਾ ਚਾਹਾਂ ਤਾਂ ?"

"ਇਹ ਨਹੀਂ ਹੋ ਸਕਦਾ; ਨੇਮਾਂ ਦਾ ਉਲੰਘਣ ਮੇਰੇ ਲਈ ਸੰਭਵ ਨਹੀਂ।"

"ਇਸ ਦਾ ਇਹ ਮਤਲਬ ਹੋਇਆ ਕਿ ਜੇ ਇਸ ਪ੍ਰਕਾਰ ਦੀ ਭੁੱਲ ਫਿਰ ਕਦੇ ਹੋਵੇ ਅਤੇ ਮੈਂ ਵੱਧ ਪੈਸੇ ਨਾ ਲੈਣੇ ਚਾਹਾਂ ਤਾਂ ਮੈਨੂੰ ਸ਼ਿਕਾਇਤ ਕਰਨ ਦੀ ਥਾਂ ਚੁੱਪ ਕੀਤੇ ਰਹਿਣਾ ਚਾਹੀਦਾ ਹੈ।"

"ਨਾ ਜੀ, ਅਜਿਹਾ ਕਦੇ ਨਾ ਕਰਨਾ। ਇਨ੍ਹਾਂ ਭੁੱਲਾਂ ਅਤੇ ਭੁੱਲਾਂ ਦੀ ਸੋਧ ਦੇ ਸਿਰ 'ਤੇ ਮੇਰੀ ਇਹ ਨੌਕਰੀ ਕਾਇਮ ਹੈ। ਜੇ ਤੁਸੀਂ ਸ਼ਿਕਾਇਤ ਨਹੀਂ ਕਰੋਗੇ ਤਾਂ ਮੇਰੀ ਨੌਕਰੀ

ਚਲੀ ਜਾਵੇਗੀ। ਮੈਨੂੰ ਭਰੋਸਾ ਹੈ ਤੁਸੀਂ ਅਜਿਹਾ ਨਹੀਂ ਚਾਹੋਗੇ।"

ਸਟੋਰ ਵਿਚੋਂ ਬਾਹਰ ਨਿਕਲਦਿਆਂ ਮੇਰਾ ਮਿੱਤਰ ਕਹਿ ਰਿਹਾ ਸੀ, "ਪੁਨੂੰ, ਤੁਰਦੇ ਰਹਿਣਾ ਬਹੁਤ ਚੰਗਾ ਹੈ। ਇਹ ਤੁਰੇ ਰਹੇ ਹਨ, ਇਸੇ ਕਰਕੇ ਸਲੇਵ-ਟ੍ਰੇਡ, ਚਾਈਲਡ ਲੇਬਰ ਅਤੇ ਸਾਮਰਾਜੀ ਲੁੱਟ ਵਿਚੋਂ ਹੁੰਦਿਆਂ ਹੋਇਆਂ ਸੱਭਿਅ-ਸਮਾਜਕ ਸੰਬੰਧਾਂ ਦੀ ਸੁੰਦਰਤਾ ਵਿਚ ਪੁੱਜ ਗਏ ਹਨ। ਅਸੀਂ ਅਤੀਤ ਵੱਲ ਮੂੰਹ ਕਰ ਕੇ ਖਲੋਤੇ ਹਾਂ; ਪੁੱਠੇ ਤੁਰਾਂਗੇ ਜਾਂ ਪਿੱਛੇ ਨੂੰ; ਜਾਂ ਫਿਰ ਅਤੀਤ ਦੀ ਧਰਤੀ ਉੱਤੇ ਖਲੋਤੇ 'ਮਾਰਕ ਟਾਈਮ' ਕਰਦੇ ਰਹਾਂਗੇ।

SIKHBOOKCLUB.COM

# ਵੱਡਾ ਭਰਾ

ਸੀ ਤਾਂ ਆਸ਼ੂ ਜਨਮ ਤੋਂ ਹੀ ਹੋਣਹਾਰ ਪਰ ਇਨਫੈਂਟ ਸਕੂਲ ਵਿਚ ਖਿਤਾਏ ਹੋਏ ਦੋ ਸਾਲਾਂ ਨੇ ਉਸਦੇ ਪ੍ਰਤਿਭਾਵਾਨ ਹੋਣ ਦਾ ਯਕੀਨ ਕਰਵਾ ਦਿੱਤਾ। ਸਕੂਲ ਜਾਣ ਤੋਂ ਪਹਿਲਾਂ ਹੀ ਉਸਨੇ ਨਿੱਕੀਆਂ ਨਿੱਕੀਆਂ ਪੁਸਤਕਾਂ ਪੜ੍ਹਨੀਆਂ ਸਿੱਖ ਲਈਆਂ ਸਨ। ਸਕੂਲ ਜਾ ਕੇ ਉਸਦੇ ਗਿਆਨ ਵਿਚ ਬਹੁਤ ਵਾਧਾ ਹੋਇਆ। ਉਸਨੂੰ ਸੂਰਜ, ਚੰਨ, ਤਾਰਿਆਂ ਬਾਰੇ ਪਤਾ ਲੱਗਾ, ਬਿਰਖਾਂ, ਬੂਟਿਆਂ ਅਤੇ ਪਸ਼ੂਆਂ, ਪੰਛੀਆਂ ਬਾਰੇ ਜਾਣਕਾਰੀ ਮਿਲੀ। ਉਸਦੀ ਟੀਚਰ ਨੇ ਦੱਸਿਆ ਕਿ ਇਸ ਧਰਤੀ ਉੱਤੇ ਬਹੁਤ ਵੱਡੇ ਵੱਡੇ ਜਾਨਵਰ ਰਹਿੰਦੇ ਸਨ ਜਿਨ੍ਹਾਂ ਨੂੰ ਡਾਇਨਾਸੋਰ ਆਖਿਆ ਜਾਂਦਾ ਹੈ; ਮਨੁੱਖ ਚੰਨ ਉੱਤੋਂ ਹੋ ਆਇਆ ਹੈ ਅਤੇ ਹੁਣ ਮੰਗਲ ਉੱਤੇ ਜਾਣ ਦੀ ਤਿਆਰੀ ਕਰ ਰਿਹਾ ਹੈ; ਪੇੜ-ਪੌਦੇ ਸਾਡਾ ਆਧਾਰ ਹਨ; ਪਸ਼ੂ-ਪੰਛੀ ਸਾਡੇ ਮਿੱਤਰ ਹਨ; ਇਤਿਆਦਿਕ।

ਹਰ ਨਵੀਂ ਜਾਣੀ ਗੱਲ ਨੂੰ ਉਹ ਆਪਣੇ ਮਾਤਾ ਪਿਤਾ ਕੋਲ ਦੁਹਰਾਉਂਦਾ ਸੀ। ਮਾਤਾ ਪਿਤਾ ਦੀ ਪ੍ਰਸੰਨਤਾ ਉਸਨੂੰ ਹੋਰ ਜਾਣਨ ਦਾ ਉਤਸ਼ਾਹ ਦਿੰਦੀ ਸੀ। ਇਸ ਉਤਸ਼ਾਹ ਦੀ ਪਛਾਣ ਕਰ ਕੇ ਉਸਦੀ ਟੀਚਰ ਉਸ ਵੱਲ ਉਚੇਚਾ ਧਿਆਨ ਦਿੰਦੀ ਸੀ। ਆਪਣੀ ਟੀਚਰ ਦਾ ਧਿਆਨ ਪਾ ਕੇ ਆਸ਼ੂ ਘਰ ਅਤੇ ਸਕੂਲ ਨੂੰ ਇਕੋ ਜਿਹਾ ਸੁਰੱਖਿਅਤ ਅਤੇ ਸਨੇਹਲਾ ਸਮਝਦਾ ਸੀ। ਸਕੂਲ ਵਿਚ ਬਹੁਤ ਸਾਰੇ ਬੱਚਿਆਂ ਨਾਲ ਰਲ ਕੇ ਦੌੜਨ-ਭੱਜਣ ਅਤੇ ਖੇਡਣ ਦੀ ਖੁੱਲ੍ਹ ਸੀ; ਘਰ ਵਿਚ ਆਪਣੇ ਛੋਟੇ ਵੀਰ, ਟੀਨੂੰ ਦੀ ਸੰਭਾਲ ਕਰ ਕੇ ਆਪਣੀ ਮਾਤਾ ਦੀ ਪ੍ਰਸ਼ੰਸਾ ਅਤੇ ਸ਼ੁਕਰਗੁਜ਼ਾਰੀ ਪ੍ਰਾਪਤ ਕਰਨ ਦੀ ਖ਼ੁਸ਼ੀ ਸੀ; ਸਕੂਲ ਵਿਚ ਬਾਕੀ ਬੱਚਿਆਂ ਨਾਲੋਂ ਬਹੁਤਾ ਹੁਸ਼ਿਆਰ ਹੋਣ ਦਾ ਮਾਣ ਮਿਲਦਾ ਸੀ; ਘਰ ਵਿਚ ਟੀਨੂੰ ਦਾ ਵੱਡਾ ਭਰਾ ਹੋਣ ਦਾ ਗੌਰਵ ਸੀ; ਆਸ਼ੂ ਨੂੰ ਘਰ ਅਤੇ ਸਕੂਲ ਦੋਵੇਂ ਚੰਗੇ ਲੱਗਦੇ ਸਨ। ਬੱਸ ਏਨਾਂ ਹੀ ਸੀ ਆਸ਼ੂ ਦਾ ਬਾਲ-ਸੰਸਾਰ! ਆਸ਼ੂ ਨੂੰ ਸਾਰਾ ਸੰਸਾਰ ਚੰਗਾ ਲੱਗਦਾ ਸੀ।

ਸੱਤ ਸਾਲ ਦਾ ਹੋ ਕੇ ਜਦੋਂ ਆਸ਼ੂ ਜੂਨੀਅਰ ਸਕੂਲ ਵਿਚ ਗਿਆ ਤਾਂ ਉਸਦੀ ਦੁਨੀਆਂ ਵਡੇਰੀ ਹੋ ਗਈ। ਇਹ ਸਕੂਲ ਵੱਸੋਂ ਤੋਂ ਜ਼ਰਾ ਕੁ ਪਰੇ ਖੁੱਲ੍ਹੇ ਕੁਦਰਤੀ ਵਾਤਾਵਰਣ ਵਿਚ ਸਥਿਤ ਸੀ। ਹਰੇ ਮਖ਼ਮਲੀ ਘਾਹ ਨਾਲ ਕੱਜੀਆਂ ਗਰਾਊਂਡਾਂ ਨੂੰ ਵੇਖ ਕੇ ਉਸਨੂੰ ਆਪਣਾ ਆਕਾਰ ਵਡੇਰਾ ਅਤੇ ਹਿਰਦਾ ਵਿਸ਼ਾਲ ਹੁੰਦਾ ਜਾਪਣ ਲੱਗ ਪਿਆ। ਸਕੂਲ ਅਤੇ ਗਰਾਊਂਡਾਂ ਦੇ ਚਾਰ-ਚੁਫੇਰੇ ਬਣੀ, ਉੱਚੇ ਦੁਾਂਤੇ ਦੀ ਸੰਘਣੀ ਵਾੜ ਤੋਂ ਪਰੇ ਨਿੱਕੀਆਂ ਨਿੱਕੀਆਂ ਝਾੜੀਆਂ ਵਿਚ ਉੱਗੇ ਹੋਏ ਜੰਗਲੀ ਫੁੱਲ ਉਸ ਨੂੰ ਨਿਮੰਤ੍ਰਣ ਦੇਣ ਲੱਗ ਪਏ। ਕੁਝ ਹੀ ਦਿਨਾਂ ਵਿਚ ਉਸਨੇ ਦੁਾਂਤੇ ਦੀ ਵਲਗਣ ਤੋਂ ਪਰੇ ਝਾੜੀਆਂ ਦੇ ਉਹਲੇ,

ਇਕ ਰਮਣੀਕ ਥਾਂ ਚੁਣ ਲਈ। ਗਰਮੀਆਂ ਦੀਆਂ ਸੁਹਾਵਣੀਆਂ ਸਵੇਰਾਂ ਨੂੰ ਸੁਵੱਖਤੇ ਘਰੋਂ ਤੁਰ ਕੇ ਉਹ ਏਥੇ ਆ ਬੈਠਦਾ ਅਤੇ ਕਿਸੇ ਪੁਸਤਕ ਦੀ ਪੜ੍ਹਾਈ ਵਿਚ ਲੀਨ ਹੋ ਜਾਂਦਾ ਸੀ। ਅੱਧੀ ਛੁੱਟੀ ਵੇਲੇ ਵੀ ਸਮਾਂ ਮਿਲਣ ਉੱਤੇ ਇਵੇਂ ਹੀ ਕਰਦਾ ਸੀ। ਪੁਸਤਕਾਂ ਪੜ੍ਹਨ ਨਾਲ ਆਸ਼ੂ ਦੀ ਦੁਨੀਆਂ ਹੋਰ ਵਡੇਰੀ ਅਤੇ ਵਿਸਮਾਦੀ ਹੋ ਜਾਂਦੀ। ਕਿਤਾਬਾਂ ਦੀ ਦੁਨੀਆਂ ਵਿਚ ਉਹ ਨੇਕੀ ਅਤੇ ਬਦੀ ਦੇ ਸਦੀਵੀ ਸੰਘਰਸ਼ ਵਿਚ ਨੇਕੀ ਦੀ ਜਿੱਤ ਵੇਖਦਾ ਸੀ, ਜਿਸ ਕਰਕੇ ਉਸਦੀ ਕਾਲਪਨਿਕ ਦੁਨੀਆਂ ਵੀ ਵਾਸਤਵਿਕ ਦੁਨੀਆਂ ਜਿੰਨੀ ਹੀ ਸੁੰਦਰ ਸੀ।

ਉਸਦੀ ਦੁਨੀਆਂ ਵਿਚ ਸੁੰਦਰਤਾ ਦਾ ਸੰਚਾਰ ਕਰਦਾ ਹੋਣ ਕਰਕੇ ਇਹ ਸਕੂਲ ਆਸ਼ੂ ਨੂੰ ਇਨਫੰਟ ਨਾਲੋਂ ਕਿਤੇ ਵੱਧ ਪਿਆਰਾ ਲੱਗਾ। ਪਹਿਲੇ ਸਾਲ ਦੇ ਪਹਿਲੇ ਛਿਆਂ ਮਹੀਨਿਆਂ ਵਿਚ ਉਸਨੇ ਸਕੂਲ ਦੀ ਲਾਇਬ੍ਰੇਰੀ ਦੀਆਂ ਸਾਰੀਆਂ ਪੁਸਤਕਾਂ ਪੜ੍ਹ ਮਾਰੀਆਂ। ਉਸਦੀ ਮਾਤਾ ਟਾਊਨ ਹਾਲ ਦੀ ਲਾਇਬ੍ਰੇਰੀ ਤੋਂ ਵੀ ਕਿਤਾਬਾਂ ਲਿਆ ਦੇਂਦੀ ਸੀ। ਉਸਦੀ ਕੋਸ਼ਿਸ਼ ਹੁੰਦੀ ਸੀ ਕਿਤਾਬਾਂ ਨੂੰ ਛੇਤੀ ਤੋਂ ਛੇਤੀ ਪੜ੍ਹ ਕੇ ਵਾਪਸ ਦੇਣ ਦੀ ਅਤੇ ਹੋਰ ਕਿਤਾਬਾਂ ਲੈਣ ਦੀ। ਉਸਦਾ ਦਾਅ ਲੱਗਦਾ ਤਾਂ ਉਹ ਸਕੂਲ ਨੂੰ ਆਉਂਦਿਆਂ ਜਾਂਦਿਆਂ ਵੀ ਕਿਤਾਬ ਪੜ੍ਹਦਾ। ਕਿਤਾਬਾਂ ਉਸਨੂੰ ਕੀਲ ਲੈਂਦੀਆਂ ਸਨ। ਉਸਨੂੰ ਕਿਤਾਬਾਂ ਦੀ ਦੁਨੀਆਂ ਵਿਚ ਵੱਸਣਾ ਚੰਗਾ ਲੱਗਦਾ ਸੀ। ਕਿਤਾਬਾਂ ਦੀ ਮਿੱਤਰਤਾ ਨੇ ਉਸਨੂੰ ਬੱਚਿਆਂ ਦੀ ਦੁਨੀਆਂ ਤੋਂ ਥੋੜਾ ਜਿਹਾ ਦੂਰ ਕਰ ਦਿੱਤਾ। ਪਰ ਉਸਦੀ ਟੀਚਰ ਉਸ ਨਾਲ ਖ਼ੁਸ਼ ਸੀ। ਇਕ ਦਿਨ ਉਸਦੀ ਟੀਚਰ ਨੇ ਉਸਦੀ ਮਾਤਾ ਨੂੰ ਉਚੇਚੇ ਤੌਰ ਉੱਤੇ ਬੁਲਾ ਕੇ ਆਖਿਆ ਕਿ ਉਨ੍ਹਾਂ ਦਾ ਬੱਚਾ ਬਹੁਤ ਹੋਣਹਾਰ ਹੈ।

ਆਸ਼ੂ ਦੇ ਛੋਟੇ ਭਰਾ, ਟੀਨੂੰ ਦੇ ਜਨਮ ਦਿਨ ਉੱਤੇ ਰੈਡੀਮੇਡ ਕੱਪੜਿਆਂ ਦੀ ਫ਼ੈਕਟਰੀ ਦਾ ਗੁਜਰਾਤੀ ਮਾਲਕ, ਭੀਖੂ ਭਾਈ ਪਟੇਲ ਵੀ ਆਇਆ। ਗੱਲਾਂ ਗੱਲਾਂ ਵਿਚ ਉਸਨੇ ਆਸ਼ੂ ਦੀ ਮਾਤਾ ਨੂੰ ਆਖਿਆ, "ਤੁਹਾਨੂੰ ਸਿਲਾਈ ਦਾ ਕੰਮ ਮੁੜ ਕੇ ਸ਼ੁਰੂ ਕਰ ਦੇਣਾ ਚਾਹੀਦਾ ਹੈ।" ਜਦੋਂ ਆਸ਼ੂ ਦੀ ਮਾਤਾ ਨੇ ਟੀਨੂੰ ਦੀ ਸੰਭਾਲ ਅਤੇ ਆਸ਼ੂ ਨੂੰ ਸਕੂਲ ਲੈ ਜਾਣ, ਲੈ ਆਉਣ ਦੀ ਜ਼ਿੰਮੇਦਾਰੀ ਦਾ ਜਿਕਰ ਕੀਤਾ ਤਾਂ ਉਸਨੇ ਆਖਿਆ, "ਟੀਨੂੰ ਹੁਣ ਚਾਰ ਸਾਲ ਦਾ ਹੋ ਗਿਆ ਹੈ। ਉਸਦੀ ਸੰਭਾਲ ਓਨੀ ਔਖੀ ਨਹੀਂ। ਆਸ਼ੂ ਦੀ ਸੰਭਾਲ ਵੀ ਕਰਦੇ ਰਹੇ ਹੋ। ਉਦੋਂ ਕੰਮ ਨਹੀਂ ਸੀ ਛੱਡਿਆ; ਹੁਣ ਕਿਉਂ ਨਹੀਂ ਕਰ ਸਕੋਗੇ ? ਆਸ਼ੂ ਸਿਆਣਾ ਹੋ ਗਿਆ ਹੈ। ਉਹ ਤੁਹਾਡੀ ਸਹਾਇਤਾ ਬਿਨਾਂ ਸਕੂਲ ਜਾ ਸਕਦਾ ਹੈ।"

ਇਲਫਰਡ ਵਿਚ ਰਹਿਣ ਵਾਲੀ ਇਕ ਸਹੇਲੀ ਨੇ ਪਟੇਲ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਆਖਿਆ, "ਸਾਡਾ ਟੋਨੀ ਪਹਿਲੇ ਦਿਨੋਂ ਇਕੱਲਾ ਸਕੂਲੇ ਜਾਂਦਾ ਹੈ। ਬੱਸ ਇਕੋ ਵੇਰ ਗਈ ਸਾਂ ਮੈਂ ਦਾਖ਼ਲ ਕਰਵਾਉਣ। ਅਗਲੇ ਦਿਨ ਇਕੱਲਾ ਗਿਆ ਅਤੇ ਇਕ ਗੋਰੇ ਮੁੰਡੇ ਨੂੰ ਕੁੱਟ ਕੇ ਘਰ ਆਇਆ।" ਇਕ ਦੀ ਗੱਲ ਮੁੱਕਦਿਆਂ ਦੂਜੀ ਬੋਲੀ, "ਆਸ਼ੂ ਦਾ ਸਕੂਲ ਹੈ ਈ ਕਿੰਨੀ ਕੁ ਦੂਰ! ਇਸੇ ਸਿੱਧੀ ਸੜਕੇ ਤੁਰੇ ਜਾਣਾ ਹੈ। ਸਿਰਫ਼ ਇਕ ਸੜਕ ਪਾਰ ਕਰਨੀ ਪੈਣੀ ਹੈ; ਓਥੇ ਵੀ ਲੌਲੀਪਾਪ ਲੇਡੀ ਖਲੋਤੀ ਹੁੰਦੀ ਹੈ।"

"ਬੱਚਿਆਂ ਨੂੰ ਆਪਣੀ ਦੇਖ-ਭਾਲ ਆਪ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ;


WWW.SIKHBOOKCLUB.COM

ਵਰਨਾ ਉਨ੍ਹਾਂ ਵਿਚ ਆਤਮ ਵਿਸ਼ਵਾਸ ਨਹੀਂ ਪੈਦਾ ਹੁੰਦਾ," ਇਕ ਪੜ੍ਹੀ ਲਿਖੀ ਭੈਣ ਨੇ ਆਖਿਆ।

"ਏਥੇ ਤਾਂ ਟੀਚਰ ਵੀ ਬਹੁਤ ਧਿਆਨ ਰੱਖਦੇ ਹਨ। ਬੱਚਾ ਇਕ ਦਿਨ ਸਕੂਲੇ ਨਾ ਜਾਵੇ ਤਾਂ ਝੱਟ ਚਿੱਠੀ ਆ ਜਾਂਦੀ ਆ।" ਇਸ ਸੱਚ ਨੂੰ ਝੁਠਲਾਉਣਾ ਔਖਾ ਸੀ।

"ਆਸ਼ੂ ਤਾਂ ਹੈ ਵੀ ਸਮਝਦਾਰ; ਨਾ ਕਿਸੇ ਨਾਲ ਲੜਾਈ ਨਾ ਝਗੜਾ। ਏਨੇ ਸਿੱਧੇ ਜਾਣਾ; ਸਿੱਧੇ ਆਉਣਾ। ਡਰ ਫ਼ਿਕਰ ਤਾਂ ਉਨ੍ਹਾਂ ਬੱਚਿਆਂ ਦੀ ਹੁੰਦੀ ਆ ਜਿਹੜੇ ਸ਼ਰਾਰਤੀ ਹੋਣ।"

ਇਸ ਪ੍ਰਕਾਰ ਦੀਆਂ ਗੱਲਾਂ ਓਨਾ ਚਿਰ ਹੁੰਦੀਆਂ ਰਹੀਆਂ, ਜਿੰਨਾ ਚਿਰ ਗੱਲਾਂ ਕਰਨ ਵਾਲਿਆਂ ਨੂੰ ਵੱਡੇ ਗੁਰਦੁਆਰੇ ਦੇ ਪ੍ਰਧਾਨ ਦੀ ਧੀ ਦੇ ਤਲਾਕ ਦਾ ਮਸਲਾ ਦਾਜ ਦੀ ਸਮੱਸਿਆ ਦੇ ਵਿਚੋਂ ਦੀ ਹੁੰਦਾ ਹੋਇਆ ਸੋਨੇ ਦੇ ਭਾਅ ਅਤੇ ਮਹਿੰਗਾਈ ਨੂੰ ਛੋਂਹਦਾ ਹੋਇਆ ਭਾਰਤੀ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਨਾ ਲੈ ਵੜਿਆ।

ਜਨਮ ਦਿਨ ਦੀ ਪਾਰਟੀ ਉੱਤੇ ਹੋਈਆਂ ਗੱਲਾਂ ਨਾਲ ਕੋਈ ਮਸਲਾ ਹੱਲ ਨਹੀਂ ਸੀ ਹੋਣਾ, ਨਾ ਹੀ ਹੋਇਆ; ਪਰ ਭੀਖੂ ਭਾਈ ਪਟੇਲ ਸਿਲਾਈ ਵਾਲੇ ਕੱਪੜਿਆਂ ਦਾ ਵੱਡਾ ਸਾਰਾ ਬੰਡਲ ਅਗਲੇ ਸੋਮਵਾਰ, ਆਸ਼ੂ ਦੇ ਘਰ ਸੁੱਟ ਗਿਆ। ਆਸ਼ੂ ਦੀ ਮਾਤਾ ਨੇ ਬਹੁਤ ਸੋਚਿਆ। ਆਸ਼ੂ ਦੇ ਪਿਤਾ ਨਾਲ ਵੀ ਸਲਾਹ ਕੀਤੀ। ਉਸਨੇ ਫ਼ੈਸਲਾ ਆਸ਼ੂ ਦੀ ਮਾਤਾ ਉੱਤੇ ਛੱਡਿਆ। ਮਾਤਾ ਨੇ ਆਸ਼ੂ ਨੂੰ ਪੁੱਛਿਆ। ਉਸਨੇ ਮਾਂ ਨੂੰ ਪੂਰਾ ਭਰੋਸਾ ਦਿਵਾਇਆ ਕਿ ਉਹ ਇਕੱਲਾ ਸਕੂਲ ਜਾ ਅਤੇ ਘਰ ਆ ਸਕਦਾ ਹੈ। ਮੰਗਲਵਾਰ ਸਵੇਰੇ ਤਜਰਬੇ ਦੇ ਤੌਰ ਉੱਤੇ ਆਸ਼ੂ ਇਕੱਲਾ ਸਕੂਲ ਗਿਆ ਅਤੇ ਇਕੱਲਾ ਹੀ ਵਾਪਸ ਆਇਆ। ਉਸਦੇ ਚਿਹਰੇ ਉੱਤੇ ਨਵੇਂ ਤਜਰਬੇ ਦੇ ਚਾਅ ਦੀ ਚਮਕ ਸੀ। ਬੁੱਧਵਾਰ ਨੂੰ ਮਾਤਾ ਨੇ ਸਿਲਾਈ ਵਾਲਾ ਬੰਡਲ ਖੋਲ੍ਹ ਲਿਆ।

ਆਸ਼ੂ ਬਹੁਤ ਖ਼ੁਸ਼ ਸੀ। ਉਹ ਆਪਣਾ ਲੰਚ ਨਾਲ ਲੈ ਜਾਂਦਾ ਸੀ। ਗਰਮੀਆਂ ਦੇ ਸੁਖਾਵੇਂ-ਸੁਹਾਵਣੇ ਦਿਨ ਸਨ। ਅੱਧੀ ਛੁੱਟੀ ਵੇਲੇ ਆਸ਼ੂ ਆਪਣਾ ਲੰਚ ਬਾਕਸ ਅਤੇ ਆਪਣੀ ਪੁਸਤਕ ਲੈ ਕੇ ਸਕੂਲ ਦੀ ਗਰਾਉਂਡ ਤੋਂ ਜ਼ਰਾ ਕੁ ਪਰੇ, ਝਾੜੀਆਂ ਦੇ ਉਹਲੇ, ਧੁੱਪੇ ਬੈਠ ਕੇ, ਲੰਚ ਖਾ ਕੇ, ਕਿਤਾਬ ਪੜ੍ਹਨ ਲੱਗ ਪੈਂਦਾ ਸੀ। ਇਸ ਪਾਸੇ ਵੱਲ ਸਕੂਲ ਦੇ ਬੱਚਿਆਂ ਦੀ ਆਵਾਜਾਈ ਘੱਟ ਸੀ। ਜੰਗਲੀ ਫੁੱਲਾਂ ਨਾਲ ਸ਼ਿੰਗਾਰੇ ਚੌਗਿਰਦੇ ਵਿਚ ਇਕੱਲਾ ਬੈਠ ਕੇ ਕੋਈ ਕਿਤਾਬ ਪੜ੍ਹਨੀ ਉਸਨੂੰ ਚੰਗੀ ਲੱਗਦੀ ਸੀ।

ਉਹ ਮੈਟਿਲਡਾ ਨਾਂ ਦੀ ਪੁਸਤਕ ਪੜ੍ਹਦਾ ਹੋਇਆ ਉਸ ਚੈਪਟਰ ਉੱਤੇ ਪੁੱਜ ਚੁੱਕਾ ਸੀ, ਜਿਥੇ ਮੈਟਿਲਡਾ ਦੇ ਸਕੂਲ ਦੀ ਹੈੱਡ-ਟੀਚਰ, ਟ੍ਰੰਚਬੁੱਲ, ਗਿਆਰਾਂ ਸਾਲ ਦੇ ਮੁੰਡੇ, ਬਰੂਸ ਨੂੰ, ਅਸੈਂਬਲੀ ਹਾਲ ਵਿਚ, ਸਾਰੇ ਸਕੂਲ ਦੇ ਸਾਹਮਣੇ, ਇਕ ਵੱਡਾ ਚਾਕਲੇਟ ਕੇਕ ਖਾਣ ਦੀ ਸਜ਼ਾ ਦਿੰਦੀ ਹੈ। ਉਹ ਕਹਾਣੀ ਵਿਚ ਗੁਆਚਾ ਹੋਇਆ ਸੀ। ਕਹਾਣੀ ਦੇ ਭੈ-ਭੀਤ ਪਾਤਰ, ਬਰੂਸ ਨਾਲ ਉਸਦਾ ਤਦਾਤਮ ਹੋ ਚੁੱਕਾ ਸੀ। ਗਿਆਰਾਂ ਸਾਲ ਦੇ ਬਰੂਸ ਨੂੰ ਡੇਢ ਕਿਲੋ ਵਜ਼ਨ ਦਾ ਕੇਕ ਖਾਣ ਦੀ ਮਜਬੂਰੀ ਸੀ। ਜੇ ਉਹ ਨਾ ਖਾ ਸਕੇ ਤਾਂ ਹੈੱਡ-ਟੀਚਰ ਦਾ ਹੰਟਰ ਉਸਦੇ ਸਰੀਰ ਨੂੰ ਲਾਸੇ-ਲਾਸ ਕਰਨ ਲਈ ਤਿਆਰ ਸੀ। ਹਾਲ

ਵਿਚ ਬੈਠੇ ਢਾਈ ਸੌ ਬੱਚਿਆਂ ਵਾਂਗ (ਕਿਤਾਬ ਪੜ੍ਹ ਰਿਹਾ) ਆਸ਼ੂ ਵੀ ਸਹਿਮਿਆ ਹੋਇਆ ਇਹ ਇੱਛਾ ਕਰ ਰਿਹਾ ਸੀ ਕਿ ਬਰੂਸ ਕੇਕ ਖਾਣ ਵਿਚ ਸਫਲ ਹੋ ਜਾਵੇ।

ਉਹ ਲੱਤਾਂ ਪਸਾਰ ਕੇ ਘਾਹ ਉੱਤੇ ਬੈਠਾ ਹੋਇਆ ਸੀ। ਅਚਾਨਕ ਉਸ ਦੇ ਪੱਟਾਂ ਉੱਤੇ ਪਈ ਕਿਤਾਬ ਉੱਤੇ ਇਕ ਵੱਡਾ ਸਾਰਾ ਬਿੱਛੂ ਆ ਪਿਆ। ਉਸ ਦਾ ਧੜਾਕਾ ਨਿਕਲ ਗਿਆ। ਉਸਨੇ ਕਿਤਾਬ ਸਮੇਤ ਬਿੱਛੂ ਨੂੰ ਪਰ੍ਹਾਂ ਵਗਾਹ ਮਾਰਿਆ ਅਤੇ ਉੱਠ ਕੇ ਖਲੋ ਗਿਆ। ਉਸਦੇ ਸਾਹਮਣੇ ਤਿੰਨ ਮੁੰਡੇ ਖਲੋਤੇ ਸਨ। ਤਿੰਨਾਂ ਦੇ ਮੂੰਹਾਂ ਉੱਤੇ ਚੁੜੇਲਾਂ-ਭੂਤਾਂ ਦੀਆਂ ਸ਼ਕਲਾਂ ਵਾਲੇ ਡਰਾਉਣੇ ਨਕਾਬ ਪਏ ਹੋਏ ਸਨ। ਵੇਖ ਕੇ ਆਸ਼ੂ ਦੀ ਚੀਕ ਨਿਕਲ ਗਈ। ਦੋ ਮੁੰਡਿਆਂ ਨੇ ਆਸ਼ੂ ਦੇ ਦੋਵੇਂ ਹੱਥ ਫੜ ਲਏ ਅਤੇ ਤੀਜੇ ਨੇ ਇਕ ਥੈਲੇ ਦੀ ਜਿੱਪ ਖੋਹਲੀ। ਉਸ ਵਿਚ ਪੰਜ ਛੇ ਬਿੱਛੂ ਸਨ। ਥੈਲਾ ਆਸ਼ੂ ਦੇ ਸਾਹਮਣੇ ਕਰ ਕੇ ਉਸਨੇ ਆਖਿਆ, "ਚੱਲ, ਇਸ ਵਿਚ ਹੱਥ ਪਾ।"

ਜੇ ਆਸ਼ੂ ਨੂੰ ਪਤਾ ਵੀ ਹੁੰਦਾ ਕਿ ਉਹ ਸਾਰੇ ਬਿੱਛੂ ਰਬੜ ਦੇ ਬਣੇ ਹੋਏ ਹਨ ਤਾਂ ਵੀ ਉਸ ਥੈਲੇ ਵਿਚ ਹੱਥ ਪਾਉਣ ਦੀ ਹਿੰਮਤ ਉਸ ਨਹੀਂ ਸੀ ਕਰ ਸਕਣੀ। ਥੈਲੇ ਵਿਚ ਪਏ ਬਿੱਛੂਆਂ ਦੇ ਸਪ੍ਰਿੰਗਦਾਰ ਹੱਥਾਂ-ਪੈਰਾਂ ਦੀ ਹਰਕਤ ਉਨ੍ਹਾਂ ਦੇ ਅਸਲੀ ਹੋਣ ਦਾ ਭੁਲੇਖਾ ਪਾਉਂਦੀ ਸੀ। ਆਸ਼ੂ ਨੇ ਆਪਣੀਆਂ ਬਾਹਾਂ ਛੁਡਾ ਕੇ ਦੌੜ ਜਾਣ ਲਈ ਹੰਭਲਾ ਮਾਰਿਆ। ਪਰ ਉਹ ਤਿੰਨ ਸਨ ਅਤੇ ਤਿੰਨੇ ਉਮਰੋਂ ਦੋ-ਦੋ, ਢਾਈ-ਢਾਈ ਸਾਲ ਵੱਡੇ। ਉਸਦੀ ਪੇਸ਼ ਨਾ ਗਈ। ਇਸ ਹੱਥੋ-ਪਾਈ ਸਮੇਂ ਉਨ੍ਹਾਂ ਤਿੰਨਾਂ ਵਿਚੋਂ ਇਕ, ਆਪਣੀ ਬਾਂਹ ਫੜ ਕੇ, ਹਾਏ ਹਾਏ ਕਰਦਾ ਧਰਤੀ ਉੱਤੇ ਵਿਲਕਣ ਲੱਗ ਪਿਆ। ਉਸਦੀ ਖੱਬੀ ਬਾਂਹ ਲਹੂ-ਲੁਹਾਨ ਹੋ ਗਈ ਸੀ ਅਤੇ ਉਹ ਹਾਲ ਪਾਹਰਿਆ ਕਰ ਰਿਹਾ ਸੀ। ਦੂਜਿਆਂ ਨੇ ਪੁੱਛਿਆ, "ਕੀ ਹੋਇਆ ?"

"ਇਸ ਨੇ ਮੈਨੂੰ ਚਾਕੂ ਮਾਰਿਆ। ਮੇਰੀ ਬਾਂਹ ਵੱਢ ਦਿੱਤੀ ਹੈ।"

"ਮੈਂ ਨਹੀਂ ਮਾਰਿਆ; ਮੇ....ਰੇ ਕੋਲ ਨਹੀਂ.....ਕੋਈ ਚਾਕੂ," ਆਸ਼ੂ ਦਾ ਸੰਘ ਸੁੱਕਦਾ ਜਾ ਰਿਹਾ ਸੀ।

"ਤੇਰੇ ਕੋਲ ਨਹੀਂ ਤਾਂ ਇਹ ਕਿੱਥੋਂ ਆਇਆ ?" ਉਨ੍ਹਾਂ ਵਿਚੋਂ ਇਕ ਦੇ ਹੱਥ ਵਿਚ ਫੜੇ ਹੋਏ ਚਾਕੂ ਦੇ ਬਲੇਡ ਨੂੰ ਲਹੂ ਲੱਗਾ ਹੋਇਆ ਸੀ।

"ਲੈ ਚੱਲੋ ਇਸ ਨੂੰ ਹੈੱਡ-ਟੀਚਰ ਕੋਲ," ਕਹਿ ਕੇ ਉਹ ਆਸ਼ੂ ਨੂੰ ਸਕੂਲ ਵੱਲ ਖਿੱਚਣ ਲੱਗ ਪਏ। ਉਸਨੂੰ ਮਨ ਹੀ ਮਨ ਆਪਣੇ ਸਕੂਲ ਦੀ ਹੈੱਡ-ਟੀਚਰ ਮਿਸਿਜ਼ ਟ੍ਰੰਚਬੁੱਲ ਦਿੱਸਣ ਲੱਗ ਪਈ। ਉਸਨੂੰ ਜਾਪਿਆ ਕਿ ਬੱਚਿਆਂ ਨੂੰ ਤਸੀਹੇ ਦੇਣ ਦੇ ਉਹ ਸਾਰੇ ਤਰੀਕੇ, ਜੋ ਮਿਸਿਜ਼ ਟ੍ਰੰਚਬੁੱਲ ਵਰਤਦੀ ਸੀ, ਹੁਣ ਉਸ ਉੱਤੇ ਵਰਤੇ ਜਾਣੇ ਹਨ। ਉਸਨੇ ਤਰਲਾ ਕੀਤਾ, "ਮੈਂ ਚਾਕੂ ਨਹੀਂ ਮਾਰਿਆ, ਮੈਨੂੰ ਕੁਝ ਪਤਾ ਨਹੀਂ; ਮੈਨੂੰ ਹੈੱਡ-ਟੀਚਰ ਕੋਲ ਨਾ ਲੈ ਕੇ ਜਾਓ।"

"ਹੱਛਾ, ਨਹੀਂ ਲਿਜਾਂਦੇ। ਪਰ ਇਕ ਗੱਲ ਯਾਦ ਰੱਖੀਂ, ਜੇ ਤੂੰ ਕਿਸੇ ਨੂੰ ਇਹ ਗੱਲ ਦੱਸੀ ਤਾਂ ਅਸੀਂ ਤੈਨੂੰ ਨਹੀਂ ਛੱਡਣਾ। ਘਰ ਜਾ ਕੇ ਆਪਣੀ ਮਾਂ ਨੂੰ ਵੀ ਨਾ ਦੱਸੀਂ।"

"ਨਹੀਂ ਦੱਸਦਾ," ਕਹਿ ਕੇ ਆਸ਼ੂ ਨੇ ਜਾਨ ਛੁਡਾਈ। ਉਹ ਤਿੰਨੇ ਸਕੂਲ ਵੱਲ


WWW.SIKHBOOKCLUB.COM

ਤੁਰ ਪਏ। ਮੂੰਹਾਂ ਉੱਤੋਂ ਡਰਾਉਣੇ ਨਕਾਬ ਅਤੇ ਬਾਂਹ ਉੱਤੋਂ ਜ਼ਖ਼ਮ ਅਤੇ ਲਹੂ ਵਾਲਾ ਮੇਕ-ਅੱਪ ਲਾਹ ਕੇ ਉਨ੍ਹਾਂ ਨੇ ਬਿੱਛੂਆਂ ਵਾਲੇ ਥੈਲੇ ਵਿਚ ਪਾ ਲਿਆ। ਜਦੋਂ ਉਹ ਕੁਝ ਦੂਰ ਚਲੇ ਗਏ ਤਾਂ ਆਸ਼ੂ ਵੀ ਆਪਣਾ ਲੰਚ ਬਾਕਸ ਅਤੇ ਆਪਣੀ ਕਿਤਾਬ ਲੈ ਕੇ ਹੌਲੀ ਹੌਲੀ ਤੁਰਦਾ ਸਕੂਲ ਵੱਲ ਆ ਗਿਆ। ਡਰ ਨੇ ਉਸਦੇ ਦਿਲ ਦਿਮਾਗ਼ ਨੂੰ ਮੱਲਿਆ ਹੋਇਆ ਸੀ। ਉਸਦੀ ਟੀਚਰ ਨੇ ਬਾਕੀ ਦੇ ਸਮੇਂ ਵਿਚ ਕੀ ਪੜ੍ਹਾਇਆ ਅਤੇ ਕੀ ਆਖਿਆ, ਉਸਨੂੰ ਕੁਝ ਸਮਝ ਨਾ ਆਈ। ਭੈ ਨਾਲ ਭਰੇ ਹੋਏ ਮਨ ਵਿਚ ਅੱਜ ਵਾਲੀ ਘਟਨਾ ਦੀ ਸ਼ਿਕਾਇਤ ਕਰਨ ਦੇ ਖ਼ਿਆਲ ਜੋਗੀ ਥਾਂ ਹੀ ਨਹੀਂ ਸੀ।

ਸਕੂਲੋਂ ਛੁੱਟੀ ਹੋਣ ਉੱਤੇ ਜਦੋਂ ਉਹ ਘਰ ਨੂੰ ਜਾ ਰਿਹਾ ਸੀ ਤਾਂ ਤਿੰਨ ਮੁੰਡੇ ਉਸਦੇ ਨਾਲ ਨਾਲ ਤੁਰ ਰਹੇ ਸਨ। ਉਨ੍ਹਾਂ ਵਿਚੋਂ ਇਕ ਦੇ ਹੱਥ ਵਿਚ ਫੜੇ ਹੋਏ ਥੈਲੇ ਨੂੰ ਆਸ਼ੂ ਪਛਾਣਦਾ ਸੀ। ਇਹ ਉਹੋ ਬਿੱਛੂਆਂ ਵਾਲਾ ਥੈਲਾ ਸੀ। ਆਸ਼ੂ ਦੀਆਂ ਲੱਤਾਂ ਕੰਬਣ ਲੱਗ ਪਈਆਂ। ਉਸ ਦੀ ਤੋਰ ਮੱਠੀ ਪੈ ਗਈ। ਉਹ ਵੀ ਹੌਲੀ ਹੋ ਗਏ। ਬਹੁਤ ਸਾਰੇ ਬੱਚਿਆਂ ਦੀਆਂ ਮਾਤਾਵਾਂ ਬੱਚਿਆਂ ਨੂੰ ਲੈਣ ਆਈਆਂ ਹੋਈਆਂ ਸਨ। ਆਸ਼ੂ ਨੇ ਸੋਚਿਆ ਕਾਸ਼! ਉਸਦੀ ਮਾਤਾ ਵੀ ਉਸਨੂੰ ਲੈਣ ਆਈ ਹੁੰਦੀ। ਅੱਧਾ ਰਾਹ ਨਾਲ ਤੁਰ ਕੇ ਉਹ ਮੁੰਡੇ ਸੱਜੇ ਮੁੜ ਗਏ ਅਤੇ ਜਾਣ ਲੱਗਿਆਂ ਹੌਲੀ ਨਾਲ ਕਹਿ ਗਏ, "ਜੇ ਘਰ ਜਾ ਕੇ ਕੁਝ ਦੱਸਿਆ ਤਾਂ ਯਾਦ ਰੱਖੀਂ।" ਆਸ਼ੂ ਉਨ੍ਹਾਂ ਵੱਲ ਵੇਖੇ ਬਿਨਾਂ ਚੁੱਪ-ਚਾਪ ਆਪਣੇ ਰਾਹੇ ਤੁਰਿਆ ਗਿਆ।

ਘਰ ਪੁੱਜ ਕੇ ਵੇਖਿਆ, ਇਲਫਰਡ ਵਾਲੇ ਟੋਨੀ ਦੀ ਮਾਂ ਆਈ ਹੋਈ ਸੀ ਅਤੇ ਉਸਦੀ ਮਾਤਾ ਨਾਲ ਗੱਲਾਂ ਕਰ ਰਹੀ ਸੀ। ਕਹਿ ਰਹੀ ਸੀ, "ਵੇਖਿਆ, ਮੇਰੀ ਗੱਲ ਠੀਕ ਹੋਈ ਨਾ। ਬੜਾ ਸੁਹਣਾ ਸਕੂਲੇ ਜਾਂਦਾ ਹੈ; ਤੂੰ ਵੀ ਥੋੜਾ ਬਹੁਤਾ ਕੰਮ ਕਰ ਲੈਂਦੀ ਹੈਂ।" ਉੱਤਰ ਵਿਚ ਆਸ਼ੂ ਦੀ ਮਾਤਾ ਨੇ ਆਖਿਆ, "ਪਹਿਲਾਂ ਪਹਿਲ ਤਾਂ ਮੈਨੂੰ ਬਹੁਤ ਫ਼ਿਕਰ ਰਹਿੰਦਾ ਸੀ। ਜਦੋਂ ਇਹਦੇ ਆਉਣ ਦਾ ਵੇਲਾ ਹੁੰਦਾ ਸੀ, ਉਦੋਂ ਮੇਰਾ ਦਿਲ ਕਾਹਲਾ ਪੈ ਜਾਂਦਾ ਸੀ। ਜੀ ਕਰਦਾ ਸੀ ਅਗਲਵਾਂਢੀ ਜਾ ਕੇ ਲੈ ਆਵਾਂ। ਹੌਲੀ ਹੌਲੀ ਧੀਰਜ ਆ ਗਿਆ ਹੈ। ਇਹਨੂੰ ਪੁੱਛਦੀ ਰਹਿੰਦੀ ਆਂ ਅਤੇ ਇਹ ਇਹੋ ਕਹਿੰਦਾ ਹੈ, 'ਮਾਮਾ, ਮੈਂ ਬਿਲਕੁਲ ਠੀਕ ਆਂ।' ਬੱਸ ਏਸੇ ਨੇ ਮੈਨੂੰ ਹੌਸਲਾ ਦਿੱਤਾ।" ਕਹਿ ਕੇ ਉਸਨੇ ਆਸ਼ੂ ਨੂੰ ਆਪਣੀ ਵੱਖੀ ਨਾਲ ਘੁੱਟ ਲਿਆ।

"ਤੇਰਾ ਆਸ਼ੂ ਬੜਾ ਸਾਊ ਆ; ਨਾ ਏਨ ਕਿਸੇ ਨਾਲ ਲੜਨਾ, ਨਾ ਕਿਸੇ ਨੇ ਏਹਨੂੰ ਕੁਝ ਕਹਿਣਾ। ਮੇਰਾ ਟੋਨੀ ਰੋਜ਼ ਦਾ ਇਕ ਉਲ੍ਹਾਮਾ ਲਿਆਉਂਦਾ ਏ। ਮੈਂ ਤਾਂ ਦੁਖੀ ਪਈ ਆਂ।"

"ਏਸ ਗੱਲੋਂ ਮੈਂ ਬੜੀ ਸੁਖੀ ਆਂ," ਕਹਿ ਕੇ ਆਸ਼ੂ ਦੀ ਮਾਤਾ ਆਪਣੀ ਸਹੇਲੀ ਨੂੰ ਵਿਦਾ ਕਰਨ ਲਈ ਉੱਠ ਖਲੋਤੀ ਅਤੇ ਆਸ਼ੂ ਉੱਪਰ ਆਪਣੇ ਕਮਰੇ ਵਿਚ ਚਲਾ ਗਿਆ। ਉਸਨੇ ਡਰਦੇ ਡਰਦੇ ਆਪਣੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ। 'ਕਿਤੇ ਏਥੇ ਨਾ ਆ ਗਏ ਹੋਣ', ਉਸ ਦਾ ਮਨ ਕਹਿ ਰਿਹਾ ਸੀ। ਉਹ ਏਥੇ ਨਹੀਂ ਸਨ ਆਏ ਪਰ ਆਸ਼ੂ ਦਾ ਮਨ ਉਨ੍ਹਾਂ ਦਾ ਡਰ ਆਪਣੇ ਨਾਲ ਲੈ ਆਇਆ ਸੀ। ਮਾਮਾ ਨੂੰ ਦੱਸਣ ਦਾ ਖ਼ਿਆਲ ਆਇਆ ਪਰ ਇਸ ਖ਼ਿਆਲ ਦੇ ਆਉਂਦਿਆਂ ਹੀ ਉਸਦੇ ਮਨ ਵਿਚ ਬੈਠਾ ਹੋਇਆ ਡਰ ਉਨ੍ਹਾਂ


WWW.SIKHBOOKCLUB.COM

ਤਿੰਨ ਮੁੰਡਿਆਂ ਦਾ ਰੂਪ ਧਾਰ ਗਿਆ, ਜਿਨ੍ਹਾਂ ਦੇ ਮੂੰਹਾਂ ਉੱਤੇ ਡਰਾਉਣੇ ਮੁਖੌਟੇ ਪਏ ਹੋਏ ਸਨ। "ਕੱਲ ਮੈਂ ਸਕੂਲੋਂ ਬਾਹਰ ਨਹੀਂ ਜਾਵਾਂਗਾ, ਕਲਾਸ-ਰੂਮ ਵਿਚ ਹੀ ਬੈਠਾ ਰਹਾਂਗਾ," ਇਹ ਸੋਚ ਕੇ ਉਸਨੂੰ ਕੁਝ ਧਰਵਾਸ ਹੋਈ। ਉਹ ਛੇਤੀ ਹੀ ਕਿਚਨ ਵਿਚ ਆਪਣੀ ਮਾਤਾ ਕੋਲ ਆ ਗਿਆ।

ਅਗਲੇ ਦਿਨ ਅੱਧੀ ਛੁੱਟੀ ਵੇਲੇ ਸਾਰੇ ਬੱਚੇ ਏਧਰ ਓਧਰ ਚਲੇ ਗਏ। ਉਹ ਕਲਾਸ-ਰੂਮ ਵਿਚ ਬੈਠਾ ਰਿਹਾ। ਉਸਨੂੰ ਭੁੱਖ ਲੱਗ ਰਹੀ ਸੀ। ਅਜੇ ਆਪਣੇ ਲੰਚ ਬਾਕਸ ਨੂੰ ਖੋਲ੍ਹਣ ਹੀ ਲੱਗਾ ਸੀ ਕਿ ਉਹ ਤਿੰਨੇ ਉਸਦੇ ਕੋਲ ਆ ਬੈਠੇ। ਇਕ ਨੇ ਆਖਿਆ, "ਹੈਲੋ।" ਆਸ਼ੂ ਚੁੱਪ ਰਿਹਾ। ਦੂਜੇ ਨੇ ਮਿੱਤਰਤਾ ਦੀ ਸੁਰ ਵਿਚ ਬਾਹਰ ਜਾਣ ਨੂੰ ਆਖਿਆ। ਆਸ਼ੂ ਇਨਕਾਰ ਨਾ ਕਰ ਸਕਿਆ; ਆਪਣਾ ਲੰਚ ਬਾਕਸ ਲੈ ਕੇ ਉਨ੍ਹਾਂ ਦੇ ਨਾਲ ਤੁਰ ਪਿਆ। ਚਾਰੇ ਕੱਲ ਵਾਲੀ ਥਾਂ ਉੱਤੇ ਪੁੱਜ ਗਏ। ਇਕ ਨੇ ਉਸਦਾ ਲੰਚ ਬਾਕਸ ਲੈ ਲਿਆ ਅਤੇ ਦੂਜੇ ਨੇ ਧੱਕਾ ਦੇ ਕੇ ਉਸਨੂੰ ਪਰੇ ਡੇਗ ਦਿੱਤਾ। ਉਹ ਉੱਠ ਕੇ ਬੈਠ ਗਿਆ। ਤਿੰਨਾਂ ਨੇ ਉਸਦੇ ਸਾਹਮਣੇ ਬੈਠ ਕੇ ਉਸਦਾ ਲੰਚ ਖਾਧਾ। ਖਾਂਦੇ ਖਾਂਦੇ ਹੱਸਦੇ ਵੀ ਰਹੇ। ਜਦੋਂ ਸਾਰਾ ਖਾ ਚੁੱਕੇ ਤਾਂ ਉਸ ਕੋਲ ਆ ਕੇ ਪੁੱਛਣ ਲੱਗੇ, "ਕਿੰਨੇ ਪੈਸੇ ਹਨ ਤੇਰੇ ਕੋਲ ? ਕੱਢ ਖੀਸੇ 'ਚੋਂ।" ਆਸ਼ੂ ਨੇ ਜੇਬ ਵਿਚੋਂ ਵੀਹ ਪੈਂਸ ਕੱਢ ਕੇ ਉਨ੍ਹਾਂ ਨੂੰ ਦੇ ਦਿੱਤੇ। ਪੈਸੇ ਲੈ ਕੇ ਉਨ੍ਹਾਂ ਆਖਿਆ, "ਕੱਲ ਨੂੰ ਬਹੁਤਾ ਲਿਆਵੀਂ ਖਾਣ ਲਈ; ਪੈਸੇ ਵੀ ਵੱਧ ਲਿਆਵੀਂ। ਕਿਸੇ ਨੂੰ ਦੱਸੀਂ ਨਾ; ਅਸੀਂ ਤੈਨੂੰ ਕੁਝ ਨਹੀਂ ਕਹਿੰਦੇ। ਜੇ ਦੱਸਿਆ ਤਾਂ ਆਹ ਵੇਖ ਲੈ ਚਾਕੂ।"

ਇਹ ਉਹੋ ਚਾਕੂ ਸੀ, ਜਿਸਦੇ ਬਲੇਡ ਨੂੰ ਲਹੂ ਲੱਗਾ ਹੋਇਆ ਸੀ।

ਸ਼ਾਮ ਨੂੰ ਆਸ਼ੂ ਘਰ ਪੁੱਜਾ ਤਾਂ ਉਸਨੂੰ ਬਹੁਤ ਭੁੱਖ ਲੱਗੀ ਹੋਈ ਸੀ। ਉਸਨੇ ਪਹਿਲਾਂ ਨਾਲੋਂ ਦੂਣਾ ਖਾਧਾ। ਸਾਧਾਰਣ ਗੱਲ ਸੀ; ਮਾਂ ਨੇ ਬਹੁਤਾ ਧਿਆਨ ਨਾ ਦਿੱਤਾ। ਅਗਲੀ ਸਵੇਰ ਸਕੂਲ ਨੂੰ ਜਾਣ ਲੱਗਿਆਂ ਉਸਨੇ ਫਿਰ ਰੱਜ ਕੇ ਖਾਧਾ ਅਤੇ ਮਾਂ ਨੂੰ ਲੰਚ ਬਾਕਸ ਵਿਚ ਪਹਿਲਾਂ ਨਾਲੋਂ ਬਹੁਤਾ ਕੁਝ ਪਾਉਣ ਲਈ ਆਖਿਆ। ਮਾਂ ਹੈਰਾਨ ਹੋਈ ਪਰ ਬਹੁਤੀ ਪੁੱਛ-ਗਿੱਛ ਉਸਨੇ ਨਾ ਕੀਤੀ। ਸੋਚਿਆ, ਸਕੂਲ ਵਿਚ ਬੱਚਿਆਂ ਨਾਲ ਦੌੜਦਾ ਭੱਜਦਾ ਹੈ; ਭੁੱਖ ਵੀ ਲੱਗਣੀ ਹੋਈ। ਮਾਂ ਕੋਲੋਂ ਵੱਧ ਪੈਸੇ ਉਸਨੇ ਨਾ ਮੰਗੇ; ਜੇਬ ਖ਼ਰਚ ਲਈ ਪੈਸੇ ਉਸ ਕੋਲ ਪਏ ਸਨ। ਉਨ੍ਹਾਂ ਵਿਚੋਂ ਚਾਲੀ ਪੈਂਸ ਉਹ ਲੈ ਗਿਆ।

ਆਸ਼ੂ ਦਾ ਜੀਵਨ ਭੈ ਦੇ ਭਾਰ ਹੇਠ ਦੱਬ ਗਿਆ। ਉਹ ਹਰ ਰੋਜ਼ ਅੱਧੀ ਛੁੱਟੀ ਵੇਲੇ ਆਪਣਾ ਲੰਚ ਬਾਕਸ ਲੈ ਕੇ ਉਸੇ ਟਿਕਾਣੇ ਪੁੱਜ ਜਾਂਦਾ ਸੀ, ਜਿੱਥੇ ਬੈਠ ਕੇ ਕਿਤਾਬ ਪੜ੍ਹਦਿਆਂ ਉਹ ਇਸ ਦੁਨੀਆਂ ਨੂੰ ਭੁੱਲ ਕੇ, ਰਸ-ਮਗਨ ਹੋ ਕੇ, ਅਨੰਦ ਲੋਕ ਵਿਚ ਪੁੱਜ ਜਾਂਦਾ ਸੀ। ਉਹ ਤਿੰਨੇ ਵੀ ਉਥੇ ਆ ਜਾਂਦੇ ਸਨ। ਆਪਣਾ ਲੰਚ ਬਾਕਸ ਉਨ੍ਹਾਂ ਨੂੰ ਦੇ ਕੇ ਉਹ ਇਕ ਪਾਸੇ ਖੜਾ ਹੋ ਜਾਂਦਾ ਸੀ। ਖਾਣ ਤੋਂ ਵਿਹਲੇ ਹੋ ਕੇ ਉਹ ਉਸ ਕੋਲ ਆ ਜਾਂਦੇ ਸਨ। ਮੰਗੇ ਜਾਣ ਤੋਂ ਬਿਨਾਂ ਹੀ ਉਹ ਆਪਣੀ ਜੇਬ ਵਿਚੋਂ ਕੱਢ ਕੇ ਹੱਥ ਵਿਚ ਫੜੇ ਹੋਏ ਪੈਸੇ ਉਨ੍ਹਾਂ ਨੂੰ ਦੇ ਦਿੰਦਾ ਸੀ। ਉਹ ਪੈਸੇ ਲੈ ਕੇ ਆਪਣੇ ਰਾਹ ਪੈ ਜਾਂਦੇ ਸਨ ਅਤੇ ਆਸ਼ੂ ਆਪਣੇ ਕਮਰੇ ਵਿਚ ਆ ਜਾਂਦਾ ਸੀ। ਕੁਝ ਦਿਨਾਂ ਪਿੱਛੋਂ ਉਨ੍ਹਾਂ ਨੇ ਉਸਨੂੰ ਲੰਚ ਲਿਆਉਣ ਤੋਂ ਰੋਕ ਦਿੱਤਾ। ਉਸਦੇ ਬਦਲੇ ਵਿਚ ਬਹੁਤੇ ਪੈਸੇ ਲਿਆਉਣ ਲਈ


WWW.SIKHBOOKCLUB.COM 

ਆਖਿਆ। ਆਸ਼ੂ ਨੇ ਆਪਣੀ ਮਾਤਾ ਨੂੰ ਕਿਹਾ ਕਿ ਉਹ ਅੱਗੇ ਲਈ ਲੰਚ ਨਹੀਂ ਲਿਜਾਇਆ ਕਰੇਗਾ। ਉਸਦੇ ਬਦਲੇ ਵਿਚ ਪੈਸੇ ਲੈ ਜਾਵੇਗਾ ਅਤੇ ਉਥੋਂ ਹੀ ਕੁਝ ਲੈ ਕੇ ਖਾ ਲਿਆ ਕਰੇਗਾ। ਇਉਂ ਹੋਣ ਲੱਗ ਪਿਆ। ਜਦੋਂ ਉਸਦੇ ਪਿਤਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਆਸ਼ੂ ਨੂੰ ਪਿਆਰ ਨਾਲ ਸਮਝਾਇਆ ਕਿ ਉਹ ਊਲ ਜਲੂਲ ਚੀਜ਼ਾਂ ਲੈ ਕੇ ਨਾ ਖਾਵੇ। ਆਸ਼ੂ ਨੇ ਇਉਂ ਨਾ ਕਰਨ ਦਾ ਭਰੋਸਾ ਦਿਵਾਇਆ। ਉਸਨੂੰ ਪਤਾ ਸੀ ਕਿ ਉਹ ਇਉਂ ਕਰ ਹੀ ਨਹੀਂ ਸੀ ਸਕਦਾ।

ਹੁਣ ਉਹ ਸਕੂਲ ਵਿਚ ਹੀ ਉਸ ਕੋਲੋਂ ਪੈਸੇ ਲੈ ਲੈਂਦੇ ਸਨ, ਕਦੀ ਕਦੀ ਦੂਜੇ ਬੱਚਿਆਂ ਦੇ ਸਾਹਮਣੇ ਹੀ। ਉਸਨੂੰ ਡਰਾਉਣ ਲਈ, ਹਰ ਦੂਜੇ ਤੀਜੇ ਹਫ਼ਤੇ, ਉਸਨੂੰ ਗਰਾਊਂਡਾਂ ਤੋਂ ਪਰੇ ਲਿਜਾ ਕੇ ਦੋਸ਼ੀ ਦੇ ਰੂਪ ਵਿਚ ਸਾਹਮਣੇ ਖੜਾ ਕਰ ਕੇ ਆਖਦੇ ਸਨ, "ਸਾਨੂੰ ਪਤਾ ਲੱਗਾ ਹੈ ਕਿ ਤੂੰ ਆਪਣੀ ਮਾਂ ਨੂੰ ਦੱਸਣਾ ਚਾਹੁੰਦਾ ਹੈਂ। ਬੋਲ ਠੀਕ ਹੈ ਕਿ ਨਹੀਂ।" ਪਹਿਲੀ ਵੇਰ ਅਜਿਹਾ ਪੁੱਛਿਆ ਜਾਣ ਉੱਤੇ ਉਸ ਨੇ 'ਨਾਂਹ' ਵਿਚ ਉੱਤਰ ਦਿੱਤਾ ਸੀ। ਉਸਦੇ ਮੂੰਹੋਂ 'ਨਾਂਹ' ਨਿਕਲਣ ਦੀ ਦੇਰ ਸੀ ਕਿ ਤਿੰਨਾਂ ਵਿਚੋਂ ਇਕ ਨੇ ਇਕ ਚਾਕੂ ਕੱਢ ਕੇ ਉਸਦੇ ਢਿੱਡ ਵਿਚ ਖੋਭ ਦਿੱਤਾ। ਉਹ ਦੋਹਾਂ ਹੱਥਾਂ ਨਾਲ ਆਪਣਾ ਢਿੱਡ ਫੜ ਕੇ ਬੈਠ ਗਿਆ। ਉਸ ਦਾ ਸਿਰ ਚਕਰਾਉਣ ਲੱਗ ਪਿਆ। ਏਕਾ ਏਕ ਤਿੰਨਾਂ ਨੇ ਉੱਚੀ ਉੱਚੀ ਹੱਸਣਾ ਸ਼ੁਰੂ ਕਰ ਦਿੱਤਾ। ਉਸਨੇ ਆਪਣੇ ਹੱਥਾਂ ਵੱਲ ਵੇਖਿਆ। ਉਨ੍ਹਾਂ ਉੱਤੇ ਲਹੂ ਦੇ ਨਿਸ਼ਾਨ ਨਹੀਂ ਸਨ। ਉਸਦੇ ਪੇਟ ਵਿਚ ਪੀੜ ਵੀ ਨਹੀਂ ਸੀ ਹੋ ਰਹੀ ਅਤੇ ਕਿਸੇ ਜ਼ਖ਼ਮ ਦਾ ਵੀ ਕੋਈ ਨਿਸ਼ਾਨ ਨਹੀਂ ਸੀ। ਖਿਡੌਣਿਆਂ ਵਾਂਗ ਉਹ ਚਾਕੂ ਵੀ ਅਸਲੀ ਨਹੀਂ ਸੀ।

ਆਸ਼ੂ ਲਈ ਇਹ ਅੱਤ ਭਿਆਨਕ ਕਿਸਮ ਦਾ ਕ੍ਰਿਸ਼ਮਾ ਸੀ। ਇਸ ਵਿਚ ਕੋਈ ਝੂਠ ਨਹੀਂ ਸੀ ਕਿ ਉਹ ਆਪਣਾ ਦੁੱਖ ਆਪਣੀ ਮਾਤਾ ਨੂੰ ਦੱਸਣਾ ਚਾਹੁੰਦਾ ਸੀ; ਪਰ ਉਸਦੇ ਮਨ ਦੀ ਗੱਲ ਇਨ੍ਹਾਂ ਨੂੰ ਕਿਵੇਂ ਪਤਾ ਲੱਗ ਗਈ, ਇਹ ਸੱਚ ਉਸ ਲਈ ਬਹੁਤ ਡਰਾਵਣਾ ਸੀ। ਅੱਗੇ ਲਈ ਉਸਨੇ ਆਪਣਾ ਅਪਰਾਧ ਕਬੂਲ ਕਰ ਲੈਣਾ ਹੀ ਉਚਿਤ ਸਮਝਣਾ ਸ਼ੁਰੂ ਕਰ ਦਿੱਤਾ ਅਤੇ ਹੌਲੀ ਹੌਲੀ ਇਉਂ ਜਾਪਣ ਲੱਗ ਪਿਆ ਕਿ ਉਸਨੇ ਨਿਰਾਦਰ ਅਤੇ ਸਹਿਮ ਦੇ ਜੀਵਨ ਨਾਲ ਸਦੀਵੀ ਸਮਝੌਤਾ ਕਰ ਲਿਆ ਹੈ। ਜਾਪਦਾ ਇਉਂ ਹੀ ਸੀ; ਪਰ ਧੁਰ ਅੰਦਰ ਆਸ਼ੂ ਦੀ ਆਤਮਾ ਨੇ ਇਸਨੂੰ ਮਨਜ਼ੂਰ ਨਹੀਂ ਸੀ ਕੀਤਾ।

ਹੁਣ ਉਹ ਆਨੰਦ-ਲੋਕ ਦੀ ਥਾਂ ਭੈ-ਸਾਗਰ ਦਾ ਵਾਸੀ ਹੋ ਗਿਆ। ਕੋਈ ਕਿਤਾਬ ਪੜ੍ਹਨ ਨੂੰ ਉਸਦਾ ਜੀਅ ਨਹੀਂ ਸੀ ਕਰਦਾ। ਆਪਣੀ ਉਮਰ ਦੇ ਬੱਚਿਆਂ ਨਾਲੋਂ ਬਹੁਤ ਅੱਗੇ ਸੀ ਉਹ। ਹੁਣ ਹੌਲੀ ਹੌਲੀ ਪਿੱਛੇ ਨੂੰ ਆਉਣ ਲੱਗ ਪਿਆ ਅਤੇ ਉਨ੍ਹਾਂ ਦੇ ਨਾਲ ਰਲਣਾ ਸ਼ੁਰੂ ਹੋ ਗਿਆ। ਘਰ ਵਿਚ ਉਹ ਖਿਝਣ ਅਤੇ ਰੁੱਸਣ ਲੱਗ ਪਿਆ। ਬਹੁਤੀ ਖਿੱਝ ਉਸਨੂੰ ਆਪਣੀ ਮਾਤਾ ਉੱਤੇ ਆਉਂਦੀ ਸੀ। ਕੁਝ ਚਿਰ ਪਹਿਲਾਂ ਉਹ ਉਸਦੇ ਸਾਰੇ ਦੁੱਖਾਂ ਨੂੰ ਆਪੇ ਜਾਣ ਲੈਂਦੀ ਸੀ; ਹੁਣ ਕਿਉਂ ਨਹੀਂ ? ਹੁਣ ਵੀ ਉਹ ਟੀਨੂੰ ਦੇ ਦੁਖ, ਸੁਖ, ਭੁੱਖ, ਰੋਹ, ਨੀਂਦ, ਖੇਡ, ਥਕਾਵਟ ਅਤੇ ਹੋਰ ਸਾਰੀਆਂ ਲੋੜਾਂ ਬਾਰੇ ਜਾਣਦੀ ਹੈ; ਮੇਰੇ ਬਾਰੇ ਕਿਉਂ ਨਹੀਂ ? ਉਸਦਾ ਜੀ ਕਰਦਾ ਸੀ ਕਿ ਜਿਸ ਤਰ੍ਹਾਂ ਉਹ ਮੁੰਡੇ ਉਸਦੇ ਦਿਲ ਦੀ ਗੱਲ ਜਾਣ ਲੈਂਦੇ ਹਨ, ਓਸੇ ਤਰ੍ਹਾਂ ਉਸਦੀ ਮਾਤਾ ਜਾਂ ਉਸਦਾ ਪਿਤਾ ਜਾਣ ਲਵੇ। ਪਰ ਉਸਦੀ ਆਸ ਪੂਰੀ ਨਹੀਂ ਸੀ ਹੁੰਦੀ।


WWW.SIKHBOOKCLUB.COM 

ਇਕ ਦਿਨ ਉਸਨੇ ਆਪਣੀ ਮਾਤਾ ਨੂੰ ਪੁੱਛਿਆ :

"ਮਾਮਾ, ਸੁਪਰਮੈਨ ਲੋਕਾਂ ਦੀ ਮਦਦ ਕਰਦਾ ਹੈ। ਉਸਨੂੰ ਇਹ ਪਤਾ ਕਿਵੇਂ ਲੱਗ ਜਾਂਦਾ ਹੈ ਕਿ ਕਿਸੇ ਨੂੰ ਉਸਦੀ ਲੋੜ ਹੈ ?"

"ਬੇਟਾ ਜੀ, ਇਹ ਐਵੇਂ ਕਹਾਣੀਆਂ ਹਨ। ਸੁਪਰਮੈਨ ਕੋਈ ਨਹੀਂ ਹੁੰਦਾ।"

ਮਾਂ ਦਾ ਉੱਤਰ ਸੁਣ ਕੇ ਆਸ਼ੂ ਨਿਰਾਸ਼ ਹੋ ਗਿਆ। ਉਸਦਾ ਅਨੁਭਵ ਉਸਨੂੰ ਇਹ ਦੱਸਦਾ ਸੀ ਕਿ ਜਿਸ ਜੀਵਨ ਵਿਚ ਤਕੜੇ ਮਾੜੇ ਅਤੇ ਚੰਗੇ ਬੁਰੇ ਮੌਜੂਦ ਹਨ, ਉਸ ਵਿਚ ਸੁਪਰਮੈਨ ਹੋਣਾ ਬਹੁਤ ਜ਼ਰੂਰੀ ਹੈ। ਮਨੁੱਖਾਂ ਦੀ ਆਪਸੀ ਮਿੱਤਰਤਾ ਹੀ ਸੁਪਰਮੈਨ ਦੀ ਲੋੜ ਤੋਂ ਪਿੱਛਾ ਛੁਡਾ ਸਕਦੀ ਹੈ। ਪਰੰਤੂ ਆਪਣੇ ਅਨੁਭਵ ਨੂੰ ਸ਼ਬਦਾਂ ਦਾ ਰੂਪ ਦੇਣ ਦੀ ਸੂਝ ਉਸ ਵਿਚ ਨਹੀਂ ਸੀ।

ਉਸਨੂੰ ਡਰਾਉਣੇ ਸੁਪਨੇ ਆਉਣੇ ਸ਼ੁਰੂ ਹੋ ਗਏ। ਕਦੇ ਉਹ ਉੱਚੀ ਥਾਂ ਤੋਂ ਡਿੱਗ ਰਿਹਾ ਹੁੰਦਾ, ਕਦੇ ਵਾਢੂ ਕੁੱਤਿਆਂ ਤੋਂ ਬਚਣ ਲਈ ਦੌੜਦੇ ਨੂੰ ਠੇਡਾ ਲੱਗ ਜਾਣ ਕਾਰਨ ਮੂਧੇ ਮੂੰਹ ਡਿੱਗ ਪੈਂਦਾ। ਕਦੇ ਕਦੇ ਉਹ ਤਿੰਨ ਮੁੰਡੇ ਸਪੱਸ਼ਟ ਰੂਪ ਵਿਚ ਵੀ ਉਸਦੇ ਸੁਪਨੇ ਵਿਚ ਆ ਜਾਂਦੇ। ਸਵੇਰੇ ਉੱਠ ਕੇ ਉਹ ਸੋਚਦਾ, ਜਿਵੇਂ ਮੈਨੂੰ ਇਨ੍ਹਾਂ ਮੁੰਡਿਆਂ ਦਾ ਸੁਪਨਾ ਆ ਜਾਂਦਾ ਹੈ, ਇਵੇਂ ਹੀ ਮੇਰੀ ਮਾਂ ਨੂੰ ਮੇਰੀ ਮੁਸੀਬਤ ਦਾ ਸੁਪਨਾ ਕਿਉਂ ਨਹੀਂ ਆਉਂਦਾ। ਸੁਪਨੇ ਵਿਚ ਹੀ ਉਸਨੂੰ ਪਤਾ ਲੱਗ ਜਾਵੇ.....। ਇਹ ਖ਼ਿਆਲ ਆਉਂਦਿਆਂ ਹੀ ਉਹ ਕੰਬ ਜਾਂਦਾ। "ਨਹੀਂ, ਨਹੀਂ; ਇਉਂ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਸੋਚਣਾ ਹੈ ਕਿ ਮੈਂ ਹੀ ਆਪਣੀ ਮਾਂ ਨੂੰ ਦੱਸਿਆ ਹੈ। ਕਿਸੇ ਨੂੰ ਪਤਾ ਨਹੀਂ ਲੱਗਣਾ ਚਾਹੀਦਾ।"

ਪਤਾ ਲੱਗੇ ਤਾਂ ਮੁਸੀਬਤ; ਪਤਾ ਨਾ ਲੱਗੇ ਤਾਂ ਮੁਸੀਬਤ। ਭੈ ਦਾ ਅਥਾਹ ਸਾਗਰ ਤਰਿਆ ਕਿਵੇਂ ਜਾਵੇ ? ਆਸ਼ੂ ਨੂੰ ਕੇਵਲ ਇਕੋ ਰਾਹ ਨਜ਼ਰ ਆਉਂਦਾ ਸੀ; ਸਕੂਲੇ ਜਾਇਆ ਹੀ ਨਾ ਜਾਵੇ। ਇਹ ਸੋਚ ਕੇ ਉਸਨੇ ਇਕ ਦਿਨ ਮਾਤਾ ਨੂੰ ਆਖਿਆ, "ਮਾਮਾ, ਬੱਚੇ ਸਕੂਲ ਕਿਉਂ ਜਾਂਦੇ ਹਨ ?"

"ਪੜ੍ਹਨ ਜਾਂਦੇ ਹਨ, ਬੇਟਾ।"

"ਪੜ੍ਹ ਕੇ ਕੀ ਹੁੰਦਾ ਹੈ, ਮਾਮਾ ?"

"ਪੜ੍ਹ ਕੇ ਅਸੀਂ ਚੰਗੇ ਆਦਮੀ ਬਣ ਜਾਂਦੇ ਹਾਂ; ਚੰਗੀਆਂ ਗੱਲਾਂ ਸਿੱਖਦੇ ਹਾਂ। ਤੁਸਾਂ ਆਪਣੇ ਮਾਮਾ ਜੀ ਦੀ ਫ਼ੋਟੋ ਵੇਖੀ ਹੈ ਨਾ ਬੇਟਾ ? ਉਹ ਫ਼ੌਜ ਵਿਚ ਕੈਪਟਨ ਹਨ। ਜੇ ਉਹ ਸਕੂਲ ਨਾ ਜਾਂਦੇ, ਪੜ੍ਹਦੇ ਨਾ, ਤਾਂ ਉਹ ਕੈਪਟਨ ਨਹੀਂ ਸੀ ਬਣ ਸਕਦੇ। ਤੁਸੀਂ ਵੀ ਪੜ੍ਹ ਕੇ ਵੱਡੇ ਆਦਮੀ ਬਣੋਂਗੇ, ਬੇਟਾ। ਤੁਹਾਡੇ ਪਾਪਾ ਨੂੰ ਬਹੁਤ ਖ਼ੁਸ਼ੀ ਹੋਵੇਗੀ।"

ਆਸ਼ੂ ਨੂੰ ਸਕੂਲ, ਪੜ੍ਹਾਈ ਅਤੇ ਖ਼ੁਸ਼ੀ ਵਿਚ ਹੁਣ ਕੋਈ ਸੰਬੰਧ ਨਹੀਂ ਸੀ ਦਿੱਸਦਾ ਤਾਂ ਵੀ ਇਹ ਸਭ ਕਹਿੰਦਿਆਂ ਉਸਦੀ ਮਾਤਾ ਦੇ ਮੂੰਹ ਉੱਤੇ ਫੈਲੀ ਹੋਈ ਆਸ਼ਾ ਅਤੇ ਪ੍ਰਸੰਨਤਾ ਵੀ ਉਸਨੂੰ ਨਕਲੀ ਨਹੀਂ ਸੀ ਜਾਪੀ। ਅਜੀਬ ਉਲਝਣ ਸੀ ਇਹ, ਜਿਸ ਵਿਚੋਂ ਨਿਕਲਣ ਦਾ ਕੋਈ ਰਾਹ ਉਸਨੂੰ ਲੱਭ ਨਹੀਂ ਸੀ ਰਿਹਾ। ਉਹ ਉਦਾਸ ਰਹਿਣ ਲੱਗ ਪਿਆ, ਹੌਲੀ ਹੌਲੀ ਸਰੀਰ ਵੀ ਕਮਜ਼ੋਰ ਹੋਣ ਲੱਗ ਪਿਆ। ਪਿਤਾ ਨੇ ਆਖਿਆ ਕਿ ਇਹ ਘਰ ਦੀ ਰੋਟੀ ਛੱਡ ਕੇ ਬਾਹਰੋਂ ਉਲ ਜਲੂਲ ਖਾਣ ਦਾ ਨਤੀਜਾ ਸੀ।

ਉਹ ਕਦੇ ਕਦੇ ਬੀਮਾਰ ਵੀ ਹੋਣ ਲੱਗ ਪਿਆ। ਡਾਕਟਰ ਨੂੰ ਉਸਦੇ ਸਰੀਰ ਵਿਚ ਕੋਈ ਖ਼ਰਾਬੀ ਨਹੀਂ ਸੀ ਦਿੱਸਦੀ, ਇਸ ਲਈ ਉਹ ਮੌਸਮ ਦੀ ਤਬਦੀਲੀ ਨੂੰ ਜ਼ਿੰਮੇਦਾਰ ਠਹਿਰਾ ਕੇ ਮਾਤਾ ਨੂੰ ਬਹੁਤਾ ਫ਼ਿਕਰ ਨਾ ਕਰਨ ਦੀ ਨਸੀਹਤ ਕਰ ਦਿੰਦਾ ਸੀ। ਆਸ਼ੂ ਨੂੰ ਬੀਮਾਰ ਹੋਣਾ ਚੰਗਾ ਲੱਗਦਾ ਸੀ। ਬੀਮਾਰੀ ਉਸਨੂੰ ਮਾਂ ਦੇ ਨੇੜ ਵਿਚ ਰਹਿਣ ਦਾ ਮੌਕਾ ਦਿੰਦੀ ਸੀ। ਮਾਂ ਦਾ ਨੇੜ ਉਸਨੂੰ ਬਹੁਤ ਚੰਗਾ ਲੱਗਦਾ ਸੀ। ਜਦੋਂ ਕਦੀ ਬੀਮਾਰ ਪਵੇ ਨੂੰ ਮਾਂ ਕਹਿੰਦੀ ਸੀ, "ਛੇਤੀ ਛੇਤੀ ਰਾਜ਼ੀ ਹੋ ਕੇ ਸਕੂਲ ਜਾਓ, ਬੇਟਾ," ਤਾਂ ਉਸਨੂੰ ਇਉਂ ਲੱਗਦਾ ਸੀ ਜਿਵੇਂ ਮਾਂ ਉਸਨੂੰ ਕਿਸੇ ਡੂੰਘੀ ਖੱਡ ਵਿਚ ਛਾਲ ਮਾਰਨ ਦੀ ਸਲਾਹ ਦੇ ਰਹੀ ਹੋਵੇ। ਉਸਨੂੰ ਤੰਦਰੁਸਤ ਹੋਣ ਦੀ ਕਾਹਲ ਨਹੀਂ ਸੀ ਹੁੰਦੀ ਤਾਂ ਵੀ ਉਹ ਤੰਦਰੁਸਤ ਹੋ ਕੇ ਸਕੂਲ ਵੱਲ ਤੁਰ ਪੈਂਦਾ ਸੀ।

ਘਰ ਵਿਚ ਇਕ ਟੀਨੂੰ ਹੀ ਸੀ ਜਿਸ ਨਾਲ ਉਸਨੂੰ ਕੋਈ ਗਿਲਾ ਸ਼ਿਕਵਾ ਨਹੀਂ ਸੀ। ਉਸਨੂੰ ਆਸ ਸੀ ਕਿ ਕੁਝ ਚਿਰ ਪਿੱਛੋਂ ਟੀਨੂੰ ਵੀ ਉਸਦੇ ਸਕੂਲ ਜਾਣ ਲੱਗ ਪਵੇਗਾ ਤਾਂ ਉਹ ਇਕ ਤੋਂ ਦੋ ਹੋ ਜਾਣਗੇ। ਟੀਨੂੰ ਦੀ ਹਾਜ਼ਰੀ ਵਿਚ ਉਹ ਉਸਨੂੰ ਕੁਝ ਕਹਿਣੋਂ ਡਰਨਗੇ। ਕੁਝ ਚਿਰ ਪਹਿਲਾਂ ਉਸਨੂੰ ਵੱਡਾ ਹੋਣ ਦੀ ਕਾਹਲ ਸੀ; ਹੁਣ ਉਹ ਚਾਹੁੰਦਾ ਸੀ ਕਿ ਟੀਨੂੰ ਛੇਤੀ ਛੇਤੀ ਵੱਡਾ ਹੋ ਕੇ ਉਸਦਾ ਸਹਾਰਾ ਬਣੇ। ਨਿਰਾਸ਼ਾ ਦੇ ਘੁੱਪ ਹਨੇਰੇ ਵਿਚ ਟੀਨੂੰ ਉਸ ਲਈ ਆਸ ਦੀ ਮੱਧਮ ਜਿਹੀ ਕਿਰਨ ਸੀ।

ਪਰੰਤੂ ਉਸਦੇ ਚਾਹੁਣ ਨਾਲ ਸਮੇਂ ਦੀ ਤੋਰ ਤੇਜ਼ ਨਹੀਂ ਸੀ ਹੋ ਸਕਦੀ। ਉਸਨੂੰ ਲੱਗਦਾ ਸੀ ਕਿ ਟੀਨੂੰ ਹੋਰ ਵੀ ਹੌਲੀ ਹੌਲੀ ਵੱਡਾ ਹੋ ਰਿਹਾ ਹੈ। ਕਦੀ ਕਦੀ ਉਹ ਸੋਚਦਾ, ਮੈਂ ਏਨੀ ਛੇਤੀ ਵੱਡਾ ਕਿਉਂ ਹੋ ਗਿਆ!

ਇਕ ਰਾਤ ਆਪਣੇ ਕਮਰੇ ਵਿਚ ਸੁੱਤਾ ਉਹ ਚਾਂਗਰ ਮਾਰ ਕੇ ਜਾਗ ਪਿਆ। ਮਾਂ ਨੇ ਉਸਦੀ ਆਵਾਜ਼ ਸੁਣੀ; ਦੌੜ ਕੇ ਉਸਦੇ ਕਮਰੇ ਵਿਚ ਗਈ ਅਤੇ ਉਸਨੂੰ ਕਲਾਵੇ ਵਿਚ ਘੁੱਟ ਲਿਆ। ਉਹ ਪਸੀਨੇ ਵਿਚ ਭਿੱਜਾ ਹੋਇਆ ਸੀ। ਮਾਂ ਸਹਿਮ ਗਈ। ਉਸਨੂੰ ਚੁੱਕ ਕੇ ਆਪਣੇ ਕਮਰੇ ਵਿਚ ਲੈ ਗਈ। ਆਸ਼ੂ ਦਾ ਪਿਤਾ ਵੀ ਜਾਗ ਪਿਆ ਸੀ। ਉਸਨੇ ਪੁੱਛਿਆ, "ਕੀ ਹੋਇਆ ?"

"ਡਰ ਗਿਆ ਲੱਗਦਾ ਹੈ।"

"ਕਿਉਂ ਬੇਟਾ, ਕੋਈ ਸੁਪਨਾ ਵੇਖਿਆ ?"

"ਹਾਂ, ਪਾਪਾ।"

ਮਾਤਾ ਪਿਤਾ ਦੇ ਵਿਚਕਾਰ ਲੇਟੇ ਆਸ਼ੂ ਨੇ ਦੱਸਿਆ, "ਪਾਪਾ, ਮੈਂ ਸਕੂਲ ਜਾ ਰਿਹਾ ਸਾਂ। ਗੇਟ ਵਿਚ ਵੜਦੇ ਨੂੰ ਇਕ ਮੁੰਡੇ ਨੇ ਧੱਕਾ ਦੇ ਕੇ ਮੂਧੇ ਮੂੰਹ ਸੁੱਟ ਦਿੱਤਾ। ਮੇਰਾ ਗੋਡਾ ਛਿੱਲਿਆ ਗਿਆ। ਮੈਂ ਰੋਣ ਲੱਗ ਪਿਆ। ਸਕੂਲ ਦਾ ਹੈੱਡ-ਮਾਸਟਰ ਵੇਖ ਰਿਹਾ ਸੀ। ਉਹ ਮੈਨੂੰ ਆਪਣੇ ਦਫ਼ਤਰ ਵਿਚ ਲੈ ਗਿਆ। ਮੇਰੇ ਗੋਡੇ ਉੱਤੇ ਪੱਟੀ ਕੀਤੀ। ਉਸਨੇ ਮੈਨੂੰ ਉਸ ਮੁੰਡੇ ਦਾ ਨਾਂ ਪੁੱਛਿਆ। ਮੈਂ ਦੱਸ ਦਿੱਤਾ, ਗੇਰੀ। ਅਸੈਂਬਲੀ ਤੋਂ ਪਿੱਛੋਂ ਹੈੱਡ-ਮਾਸਟਰ ਨੇ ਸਾਨੂੰ ਦੋਹਾਂ ਨੂੰ ਬੁਲਾਇਆ। ਸਾਰੇ ਸਕੂਲ ਦੇ ਸਾਹਮਣੇ ਦੱਸਿਆ ਕਿ ਉਸ ਮੁੰਡੇ, ਗੈਰੀ ਨੇ ਧੱਕਾ ਦੇ ਕੇ ਮੈਨੂੰ ਸੱਟ ਲਾਈ ਸੀ, ਇਸ ਲਈ ਉਸਨੂੰ ਦਸ ਬੈਂਤ ਮਾਰੇ ਜਾਣਗੇ। ਬੈਂਤ


WWW.SIKHBOOKCLUB.COM

ਉਹ ਨਾਲ ਲੈ ਕੇ ਆਇਆ ਸੀ। ਮੇਰੇ ਲਾਗੇ ਖਲੋਤੇ ਗੋਗੀ ਨੂੰ ਉਸਨੇ ਪਹਿਲਾ ਬੈਂਤ ਮਾਰਿਆ ਤਾਂ ਉਸਦੀਆਂ ਚੀਕਾਂ ਨਿਕਲ ਗਈਆਂ। ਉਹ ਫਰਸ਼ ਉੱਤੇ ਲੇਟ ਕੇ ਤੜਫਣ ਲੱਗ ਪਿਆ। ਮੈਥੋਂ ਇਹ ਵੇਖਿਆ ਨਾ ਗਿਆ। ਹੈੱਡ-ਮਾਸਟਰ ਦੂਜਾ ਬੈਂਤ ਮਾਰਨ ਲੱਗਾ ਤਾਂ ਮੈਂ ਗੋਗੀ ਉੱਤੇ ਲੰਮਾ ਪੈ ਗਿਆ। ਬੈਂਤ ਮੇਰੀ ਪਿੱਠ ਉੱਤੇ ਵੱਜਾ ਅਤੇ ਪੀੜ ਨਾਲ ਮੇਰੀ ਚੀਕ ਨਿਕਲ ਗਈ।"

ਸੁਪਨਾ ਸੁਣਾ ਕੇ ਆਸ਼ੂ ਮੁੜ ਆਪਣੀ ਮਾਤਾ ਨਾਲ ਲਿਪਟ ਗਿਆ। ਸਾਰਾ ਕਮਰਾ ਖ਼ਾਮੋਸ਼ੀ ਨਾਲ ਭਰ ਗਿਆ। ਤਿੰਨਾਂ ਦੀ ਖ਼ਾਮੋਸ਼ੀ ਕਦੋਂ ਨੀਂਦ ਦਾ ਰੂਪ ਧਾਰ ਗਈ, ਕੁਝ ਪਤਾ ਨਾ ਲੱਗਾ। ਅੱਜ ਕਈ ਸਾਲਾਂ ਪਿੱਛੋਂ ਆਸ਼ੂ ਨੂੰ ਮਾਂ ਦੇ ਗਲ ਲੱਗ ਕੇ ਗੂਹੜੀ ਨੀਂਦ ਸੌਣ ਦਾ ਮੌਕਾ ਮਿਲਿਆ।

ਸਮਾਂ ਆਪਣੀ ਚਾਲੇ ਤੁਰਿਆ ਰਿਹਾ। ਟੀਨੂੰ ਸੱਤ ਸਾਲ ਦਾ ਹੋ ਗਿਆ। ਇਨਫੈਂਟ ਸਕੂਲ ਦੀ ਪੜ੍ਹਾਈ ਖ਼ਤਮ ਕਰ ਕੇ ਜੂਨੀਅਰ ਵਿਚ ਜਾਣ ਲਈ ਤਿਆਰ ਹੋ ਗਿਆ। ਆਸ਼ੂ ਪਿਛਲੇ ਡੇਢ-ਦੋ ਸਾਲਾਂ ਤੋਂ ਇਸ ਦਿਨ ਦੀ ਉਡੀਕ ਕਰ ਰਿਹਾ ਸੀ। ਉਹ ਬਹੁਤਾ ਖ਼ੁਸ਼ ਭਾਵੇਂ ਨਹੀਂ ਸੀ, ਤਾਂ ਵੀ ਟੀਨੂੰ ਦੇ ਸਾਥ ਨੂੰ ਆਪਣੇ ਲਈ ਸਹਾਰਾ ਜ਼ਰੂਰ ਸਮਝਦਾ ਸੀ। ਖ਼ੁਸ਼ ਹੋਣ ਲਈ ਉਸਨੂੰ ਟੀਨੂੰ ਦੇ ਸਹਾਰੇ ਨਾਲੋਂ ਕਿਸੇ ਵਡੇਰੀ ਚੀਜ਼ ਦੀ ਲੋੜ ਸੀ; ਟੀਨੂੰ ਬਹੁਤ ਛੋਟਾ ਸੀ।

ਪਹਿਲੇ ਦਿਨ ਮਾਤਾ ਦੋਹਾਂ ਦੇ ਨਾਲ ਗਈ। ਸਾਰਾ ਰਸਤਾ ਉਹ ਆਸ਼ੂ ਵਿਚਲੇ ਵੱਡੇ ਭਰਾ ਨੂੰ ਸਮਝਾਉਂਦੀ ਅਤੇ ਤਾਕੀਦ ਕਰਦੀ ਰਹੀ, "ਬੇਟਾ ਆਸ਼ੂ, ਟੀਨੂੰ ਦਾ ਖ਼ਿਆਲ ਰੱਖੀਂ। ਤੇਰਾ ਛੋਟਾ ਵੀਰ ਹੈ; ਇਸਨੂੰ ਧਿਆਨ ਨਾਲ ਸੜਕ ਪਾਰ ਕਰਾਵੀਂ। ਅੱਧੀ ਛੁੱਟੀ ਵੇਲੇ ਆਪਣੇ ਕੋਲ ਬਿਠਾ ਕੇ ਇਸਨੂੰ ਖੁਆਈਂ। ਜੇ ਕਿਸੇ ਚੀਜ਼ ਦੀ ਲੋੜ ਪਵੇ ਤਾਂ ਦੁਕਾਨੋਂ ਲੈ ਦੇਵੀਂ। ਮੈਨੂੰ ਹੁਣੇ ਦੱਸ ਕਿ ਸ਼ਾਮ ਨੂੰ ਤੁਸੀਂ ਦੋਵੇਂ ਆ ਜਾਓਗੇ ਜਾਂ ਮੈਂ ਤੁਹਾਨੂੰ ਲੈਣ ਆਵਾਂ? ਸੜਕ ਪਾਰ ਕਰਨ ਲੱਗਿਆਂ ਕਾਹਲੀ ਨਹੀਂ ਕਰਨੀ, ਬੇਟਾ। ਲੌਲੀਪਾਪ ਲੇਡੀ ਦੀ ਸਹਾਇਤਾ ਨਾਲ ਸੜਕ ਪਾਰ ਕਰਨੀ।"

ਆਸ਼ੂ ਚੁੱਪ-ਚਾਪ ਸੁਣਦਾ ਰਿਹਾ ਅਤੇ ਟੀਨੂੰ ਵੱਡੇ ਭਰਾ ਦੀ ਸੁਰੱਖਿਆ ਵਿਚ ਹੋਣ ਦੇ ਭਰੋਸੇ ਨਾਲ ਭਰਪੂਰ, ਉਛਲਦਾ-ਕੁੱਦਦਾ, ਮਾਂ ਦੀਆਂ ਗੱਲਾਂ ਵੱਲੋਂ ਬੇ-ਧਿਆਨ, ਨਵੇਂ ਮਾਹੌਲ ਦੀ ਨਵੀਨਤਾ ਵੱਲ ਖਿਚੀਂਦਾ ਤੁਰਿਆ ਗਿਆ। ਮਾਂ ਘਰ ਨੂੰ ਮੁੜ ਆਈ ਅਤੇ ਬੱਚੇ ਆਪੋ-ਆਪਣੀ ਕਲਾਸ ਵਿਚ ਚਲੇ ਗਏ।

ਅੱਧੀ ਛੁੱਟੀ ਹੋਈ। ਟੀਨੂੰ ਆਸ਼ੂ ਕੋਲ ਆ ਗਿਆ। ਇਸ ਤੋਂ ਪਹਿਲਾਂ ਕਿ ਦੋਵੇਂ ਭਰਾ ਆਪਣੇ ਬੈਠਣ ਲਈ ਥਾਂ ਚੁਣਦੇ, ਉਹ ਤਿੰਨੇ ਉਨ੍ਹਾਂ ਕੋਲ ਆ ਗਏ ਅਤੇ ਮਿੱਤਰਾਂ ਵਾਂਗ ਉਨ੍ਹਾਂ ਦੇ ਮੋਢਿਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਇਕ ਪਾਸੇ ਵੱਲ ਲੈ ਤੁਰੇ। ਨੀਵੀਂ ਪਾਈ ਆਸ਼ੂ ਅਤੇ ਹੈਰਾਨੀ ਨਾਲ ਕਦੇ ਉਨ੍ਹਾਂ ਤ੍ਰਿੰਨਾਂ ਵੱਲ ਅਤੇ ਆਪਣੇ ਵੱਡੇ ਭਰਾ ਵੱਲ ਵੇਖਦਾ ਟੀਨੂੰ, ਉਨ੍ਹਾਂ ਦੀ ਅਗਵਾਈ ਵਿਚ ਤੁਰ ਗਏ। ਉਸੇ ਨਿਵੇਕਲੀ ਥਾਂਵੇਂ ਪੁੱਜ ਕੇ ਉਨ੍ਹਾਂ ਨੇ ਟੀਨੂੰ ਦੀਆਂ ਜੇਬਾਂ ਫੋਲਣੀਆਂ ਸ਼ੁਰੂ ਕਰ ਦਿੱਤੀਆਂ। ਪੈਸੇ ਲੈ ਕੇ ਉਹ ਦੋਹਾਂ ਦਾ ਲੰਚ ਖਾਣ ਲੱਗ ਪਏ। ਇਹ ਸਭ ਕੁਝ ਵੇਖ ਕੇ ਟੀਨੂੰ ਰੋਣ ਲੱਗ ਪਿਆ ਅਤੇ ਰੋਂਦਾ


WWW.SIKHBOOKCLUB.COM

ਹੋਇਆ ਆਪਣੇ ਵੱਡੇ ਭਰਾ ਕੋਲ ਇਉਂ ਆ ਖਲੋਤਾ ਜਿਵੇਂ ਪਰਬਤ ਦੇ ਉਹਲੇ ਹੋ ਗਿਆ ਹੋਵੇ। ਆਸ਼ੂ ਦਾ ਜੀ ਕੀਤਾ ਕਿ ਕਹਿਰ ਬਣ ਕੇ ਉਨ੍ਹਾਂ ਸ਼ੈਤਾਨਾਂ ਉੱਤੇ ਟੁੱਟ ਪਵੇ। ਉਸਨੇ ਇਵੇਂ ਹੀ ਕੀਤਾ ਪਰ ਉਨ੍ਹਾਂ ਤਿੰਨਾਂ ਸਾਹਮਣੇ ਉਸਦੀ ਕੋਈ ਪੇਸ਼ ਨਾ ਗਈ। ਉਸਦੀ ਰੀਸੇ ਟੀਨੂੰ ਵੀ ਉਨ੍ਹਾਂ ਦੇ ਗਲ ਪੈ ਗਿਆ। ਇਕ ਨੇ ਦੋ ਚਪੇੜਾਂ ਮਾਰ ਕੇ ਟੀਨੂੰ ਨੂੰ ਪਰ੍ਹਾਂ ਸੁੱਟ ਦਿੱਤਾ। ਚਾਕੂ ਵਿਖਾ ਕੇ, ਕਿਸੇ ਨੂੰ ਕੁਝ ਨਾ ਦੱਸਣ ਦੀ ਤਾੜਨਾ ਕਰ ਕੇ ਅਤੇ 'ਸਾਰੀ ਛੁੱਟੀ ਵੇਲੇ ਦੱਸਾਂਗੇ ਤੁਹਾਨੂੰ' ਕਹਿ ਕੇ ਉਹ ਸਕੂਲ ਵੱਲ ਚਲੇ ਗਏ।

ਆਸ਼ੂ ਆਪਣਾ ਨਿਰਾਦਰ ਬਰਦਾਸ਼ਤ ਕਰਦਾ ਆਇਆ ਸੀ। ਅੱਜ ਉਸ ਵਿਚਲੇ ਵੱਡੇ ਭਰਾ ਦਾ ਨਿਰਾਦਰ ਹੋਇਆ ਸੀ। ਉਹ ਬਰਦਾਸ਼ਤ ਨਾ ਕਰ ਸਕਿਆ। ਟੀਨੂੰ ਨੂੰ ਵੱਜੀਆਂ ਚਪੇੜਾਂ ਨੇ ਉਸਦਾ ਹਿਰਦਾ ਵਲੂੰਧਰ ਦਿੱਤਾ। ਉਸਦਾ ਮਨ ਪੀੜ ਅਤੇ ਗਿਲਾਨੀ ਨਾਲ ਭਰ ਗਿਆ। ਉਸਨੇ ਟੀਨੂੰ ਵੱਲ ਵੇਖਿਆ ਅਤੇ ਕਿਸੇ ਅਸਹਿ ਪੀੜ ਦੇ ਅਹਿਸਾਸ ਨਾਲ ਭੁੱਬੀਂ ਰੋ ਪਿਆ। ਉਸਨੂੰ ਲੱਗਾ ਕਿ ਉਹ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਰਿਹਾ। ਉਸਨੇ ਟੀਨੂੰ ਨੂੰ ਬਾਹੋਂ ਫੜਿਆ ਅਤੇ ਆਪਣੇ ਘਰ ਨੂੰ ਚਲੇ ਗਿਆ। ਘਰ ਤਕ ਪੁੱਜਦਿਆਂ ਪੁੱਜਦਿਆਂ ਉਸਦਾ ਸਰੀਰ ਬੁਖ਼ਾਰ ਨਾਲ ਭਖਣ ਲੱਗ ਪਿਆ।

ਬੱਚਿਆਂ ਨੂੰ ਘਰ ਆਏ ਵੇਖ ਕੇ ਮਾਂ ਘਬਰਾ ਗਈ। ਉਸਨੇ ਜਾਤਾ ਕਿ ਅਚਾਨਕ ਬੁਖ਼ਾਰ ਹੋ ਜਾਣ ਕਰਕੇ ਆਸ਼ੂ ਘਰ ਆ ਗਿਆ ਹੈ। ਬੁਖ਼ਾਰ ਬਹੁਤ ਤੇਜ਼ ਸੀ, ਇਸ ਲਈ ਆਪਣੇ ਪਤੀ ਵਾਸਤੇ ਇਕ ਨਿੱਕਾ ਜਿਹਾ ਨੋਟ ਛੱਡ ਕੇ ਉਹ ਬੱਚਿਆਂ ਨੂੰ ਹਸਪਤਾਲ ਲੈ ਗਈ। ਹਸਪਤਾਲ ਤਕ ਪੁੱਜਦਿਆਂ ਆਸ਼ੂ ਦਾ ਬੁਖ਼ਾਰ ਬਹੁਤ ਵਧ ਗਿਆ ਅਤੇ ਉਸਦੀ ਹਾਲਤ ਬੇਹੋਸ਼ੀ ਵਰਗੀ ਹੋ ਗਈ। ਉਸਨੂੰ ਹਸਪਤਾਲ ਵਿਚ ਦਾਖ਼ਲ ਕਰ ਲਿਆ ਗਿਆ। ਦੋ ਤਿੰਨ ਡਾਕਟਰ ਉਸਦੀ ਸੰਭਾਲ ਵਿਚ ਲੱਗ ਗਏ। ਹਸਪਤਾਲ ਦੇ ਕਰਮਚਾਰੀਆਂ ਦੀ ਕਾਹਲ ਵੱਲ ਵੇਖ ਕੇ ਮਾਂ ਦਾ ਦਿਲ ਡੁੱਬਣ ਲੱਗ ਪਿਆ। ਟੀਨੂੰ ਨੂੰ ਇਕ ਪਾਸੇ ਬੈਠਣ ਨੂੰ ਆਖ ਕੇ ਉਹ ਨਰਸਾਂ ਅਤੇ ਡਾਕਟਰਾਂ ਦੇ ਅੱਗੇ ਪਿੱਛੇ ਫਿਰਨ ਲੱਗ ਪਈ। ਉਹ ਕਈ ਪ੍ਰਸ਼ਨ ਪੁੱਛਣਾ ਚਾਹੁੰਦੀ ਸੀ; ਪਰ ਕੋਈ ਉਸ ਵੱਲ ਧਿਆਨ ਨਹੀਂ ਸੀ ਦੇ ਰਿਹਾ। ਸਾਰੇ ਆਸ਼ੂ ਵੱਲ ਲੱਗੇ ਹੋਏ ਸਨ। ਬੱਸ ਏਨਾ ਹੀ ਕਹਿੰਦੇ ਸਨ, "ਪਲੀਜ਼, ਸਾਨੂੰ ਆਪਣਾ ਕੰਮ ਕਰਨ ਦਿਉ। ਬੁਖ਼ਾਰ ਵਧਦਾ ਜਾ ਰਿਹਾ ਹੈ। ਇਸਨੂੰ ਕੰਟਰੋਲ ਕੀਤੇ ਬਿਨਾਂ ਅਸੀਂ ਕੁਝ ਨਹੀਂ ਦੱਸ ਸਕਦੇ। ਤੁਸੀਂ ਸਬਰ ਕਰੋ। ਅਸੀਂ ਪੂਰੀ ਵਾਹ ਲਾ ਰਹੇ ਹਾਂ।"

ਡਾਕਟਰਾਂ ਨੇ ਪੂਰੀ ਵਾਹ ਲਾਈ। ਬਿਸਤਰੇ ਉੱਤੇ ਪਏ ਆਸ਼ੂ ਨੂੰ ਕਈ ਪ੍ਰਕਾਰ ਦੀਆਂ ਦਵਾਈਆਂ ਅਤੇ ਗੈਸਾਂ ਦੀਆਂ ਨਾਲੀਆਂ ਲਗਾ ਦਿੱਤੀਆਂ ਗਈਆਂ। ਡਾਕਟਰ ਮਿੰਟ ਮਿੰਟ ਪਿੱਛੋਂ ਉਸਦੀ ਹਾਲਤ ਵੇਖਦੇ; ਇਕ ਨਰਸ ਲਗਾਤਾਰ ਉਸਦੀ ਨਬਜ਼ ਉੱਤੇ ਹੱਥ ਰੱਖੀ ਬੈਠੀ ਰਹੀ।

ਲੰਮੀ ਉਡੀਕ ਪਿੱਛੋਂ ਆਸ਼ੂ ਦਾ ਪਿਤਾ ਹਸਪਤਾਲ ਪੁੱਜਾ ਤਾਂ ਆਸ਼ੂ ਦੀ ਮਾਤਾ ਦੌੜ ਕੇ ਉਸਦੇ ਗਲ ਜਾ ਲੱਗੀ। ਉਸਦੀਆਂ ਅੱਖਾਂ ਭਰ ਭਰ ਡੁੱਲ੍ਹੀਆਂ। ਪਿਤਾ ਤੋਂ ਵੀ ਆਪਣੇ ਹੰਝੂ ਰੋਕੇ ਨਾ ਗਏ। ਟੀਨੂੰ ਮਾਂ ਦੀਆਂ ਲੱਤਾਂ ਨਾਲ ਚੰਬੜਿਆ ਇਹ ਸਭ ਕੁਝ ਵੇਖ ਕੇ ਹੈਰਾਨ ਹੋ ਰਿਹਾ ਸੀ।


WWW.SIKHBOOKCLUB.COM 

ਆਸ਼ੂ ਨੇ ਅੱਖਾਂ ਖੋਹਲੀਆਂ। ਡਾਕਟਰਾਂ ਦੇ ਚਿਹਰਿਆਂ ਉੱਤੇ ਆਸ਼ਾ ਦੀ ਨਿੰਮ੍ਹੀ ਰੋਸ਼ਨੀ ਉਪਜੀ। ਮਾਂ ਨੇ ਹੰਝੂ ਕੇਰਦਿਆਂ ਆਖਿਆ, "ਆਸ਼ੂ, ਮੇਰੇ ਬੱਚੇ.....।"

"ਮਾਮਾ.....।"

"ਹਾਂ.....ਹਾਂ.....ਆਸ਼ੂ।"

"ਮਾਮਾ.....ਮੈਂ ਸਕੂਲ ਨਹੀਂ ਜਾਣਾ.....।"

"ਨਹੀਂ ਬੇਟਾ, ਨਹੀਂ ਜਾਣਾ.....ਤੂੰ ਕਿਤੇ ਨਹੀਂ ਜਾਣਾ, ਆਸ਼ੂ।"

"ਮਾਮਾ, ਟੀਨੂੰ ਨੂੰ ਵੀ ਸਕੂਲ ਨਾ ਘੱਲੋ।"

"ਨਹੀਂ ਘੱਲਦੇ, ਆਸ਼ੂ; ਬਿਲਕੁਲ ਨਹੀਂ ਘੱਲਾਂਗੇ।"

ਮਾਂ ਦੇ ਇਨ੍ਹਾਂ ਸ਼ਬਦਾਂ ਵਿਚੋਂ ਪਤਾ ਨਹੀਂ ਕਿੰਨੀ ਖ਼ੁਸ਼ੀ ਆਸ਼ੂ ਨੂੰ ਮਿਲੀ। ਸੁਣ ਕੇ ਆਸ਼ੂ ਦਾ ਚਿਹਰਾ ਖਿੜ ਗਿਆ। ਉਸਦੇ ਪ੍ਰਸੰਨ ਨੇਤਰ ਮਾਂ ਦੇ ਹੰਝੂਆਂ-ਹੰਘਾਲੇ ਨੇਤਰਾਂ ਨਾਲ ਜਾ ਮਿਲੇ। ਉਹ ਮਾਤਾ ਦੇ ਪਿਆਰ-ਭਿੱਜੇ ਮੂੰਹ ਨੂੰ ਇਕ-ਟੱਕ ਵੇਖੀ ਗਿਆ.....ਵੇਖੀ ਗਿਆ। .....ਨਰਸ ਨੇ ਉਸਦੀ ਨਬਜ਼ ਛੱਡ ਦਿੱਤੀ.....ਡਾਕਟਰ ਨੇ ਉਸਦੀਆਂ ਅੱਖਾਂ ਬੰਦ ਕਰ ਦਿੱਤੀਆਂ।

SIKHBOOKCLUB.COM



WWW.SIKHBOOKCLUB.COM 

# ਇਕ ਅਨੂਠਾ ਆਗਮਨ

ਸਾਡੇ ਵੱਡੇ ਬੇਟੇ ਤੇਜਿੰਦਰ ਨੇ ਇਕ ਵੱਡਾ ਸਾਰਾ ਬਿਜ਼ਨਸ ਖ਼ਰੀਦਿਆ। ਉਹ ਆਪਣੀ ਅਤੇ ਆਪਣੇ ਬਿਜ਼ਨਸ ਦੀ ਰਖਵਾਲੀ ਲਈ ਕੁੱਤਾ ਪਾਲਣਾ ਚਾਹੁੰਦਾ ਸੀ। ਰਖਵਾਲੀ ਦੇ ਹੋਰ ਵੀ ਕਈ ਤਰੀਕੇ ਅਪਨਾਏ ਜਾ ਸਕਦੇ ਹਨ। ਫਿਰ ਉਹ ਕੁੱਤਾ ਹੀ ਕਿਉਂ ਪਾਲਣਾ ਚਾਹੁੰਦਾ ਸੀ? ਇਸ ਪ੍ਰਸ਼ਨ ਦੇ ਉੱਤਰ ਵਿਚ ਇਹ ਆਖਿਆ ਜਾਣਾ ਉਚਿਤ ਹੈ ਕਿ ਉਸਨੂੰ ਕੁੱਤਾ ਪਾਲਣ ਦਾ ਸ਼ੌਕ ਵੀ ਸੀ। ਉਸਦੇ ਮਾਤਾ ਜੀ, ਕੁੱਤਾ ਰੱਖਣ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੇ ਇਸਦੇ ਖ਼ਿਲਾਫ਼ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ, "ਇਹ ਪਿੰਡ ਦਾ ਘਰ ਨਹੀਂ, ਜਿਸ ਨਾਲ ਖੁੱਲ੍ਹੇ ਵਿਹੜੇ ਅਤੇ ਹਵੇਲੀ ਦੀ ਸਹੂਲਤ ਹੋਵੇ। ਲੰਡਨ ਦੇ ਤੰਗ ਘਰਾਂ ਵਿਚ ਆਪਣੇ ਫਿਰਨ ਤੁਰਨ ਜੋਗੀ ਥਾਂ ਨਹੀਂ; ਆਪੋ ਵਿਚ ਟੱਕਰਾਂ ਲੱਗਦੀਆਂ ਹਨ। ਏਥੇ ਕੁੱਤੇ ਰੱਖਣੇ ਜੇ ਪਾਗਲਪਨ ਨਹੀਂ ਤਾਂ ਮੂਰਖਤਾ ਜ਼ਰੂਰ ਹੈ। ਘਰ ਵਿਚ ਕੁੱਤਾ ਲਿਆ ਕੇ ਤੂੰ ਮੇਰੇ ਲਈ ਮੁਸੀਬਤ ਖੜੀ ਕਰ ਦੇਵੇਂਗਾ। ਮੈਂ ਪਿੰਡ ਕੁੱਤੇ ਪਾਲਦੀ ਰਹੀ ਹਾਂ। ਬੱਚਿਆਂ ਨਾਲੋਂ ਬਹੁਤੀ ਸਾਂਭ ਕਰਨੀ ਪੈਂਦੀ ਹੈ। ਉਦੋਂ ਰਾਖੀ ਲਈ ਲੋੜ ਵੀ ਸੀ ਅਤੇ ਮੇਰੇ ਕੋਲ ਇਨ੍ਹਾਂ ਕੰਮਾਂ ਲਈ ਵਕਤ ਵੀ ਸੀ। ਹੁਣ ਨਾ ਲੋੜ ਹੈ, ਨਾ ਮੇਰੇ ਵਿਚ ਪਸ਼ੂਆਂ ਦੀ ਸੇਵਾ ਕਰਨ ਦੀ ਹਿੰਮਤ ਹੈ ਅਤੇ ਨਾ ਹੀ ਸਮਾਂ ਹੈ। ਸਭ ਤੋਂ ਵੱਡੀ ਗੱਲ ਇਹ ਕਿ ਮੈਂ ਉਸ ਅਲਸੇਸ਼ਨ 'ਪ੍ਰਿਟੀ' ਦੀ ਮੌਤ ਦਾ ਸਦਮਾ ਅਜੇ ਤਕ ਨਹੀਂ ਭੁਲਾ ਸਕੀ। ਜਿਸ ਤਰ੍ਹਾਂ ਆਖ਼ਰੀ ਵੇਰ ਉਸਨੇ ਘਰੋਂ ਜਾਣ ਲੱਗਿਆਂ ਮੁੜ ਕੇ ਮੇਰੇ ਵੱਲ ਵੇਖਿਆ ਸੀ, ਅੱਜ ਤਕ ਉਸੇ ਤਰ੍ਹਾਂ ਉਹ ਮੇਰੀ ਯਾਦ ਵਿਚ ਉੱਕਰੀ ਹੋਈ ਹੈ। ਰੇਲ ਗੱਡੀ ਦੇ ਪਹੀਆਂ ਨੇ ਨਿੱਕੇ ਨਿੱਕੇ ਟੁਕੜੇ ਕਰ ਦਿੱਤੇ ਸਨ ਉਸਦੇ। ਮੈਨੂੰ ਇਕ ਇਕ ਕਰ ਕੇ ਚੁਗਣੇ ਪਏ ਸਨ। .....ਨਾ.....ਨਾ; ਮੈਂ ਮੁੜ ਇਸ ਇਮਤਿਹਾਨ ਵਿਚ ਨਹੀਂ ਪੈਣਾ ਚਾਹੁੰਦੀ।"

ਪਰ ਉਨ੍ਹਾਂ ਨੂੰ ਇਸ ਇਮਤਿਹਾਨ ਵਿਚ ਪੈਣਾ ਪੈ ਗਿਆ। ਆਪਣੀ ਮਾਤਾ ਦੇ ਵਿਰੋਧ ਦੀ ਪਰਵਾਹ ਨਾ ਕਰਦਿਆਂ ਹੋਇਆਂ, ਤੇਜਿੰਦਰ, ਜ਼ਾਰਾ ਨਾਂ ਦੀ ਅਲਸੇਸ਼ਨ ਨੂੰ ਘਰ ਲੈ ਆਇਆ। ਉਸ ਸਮੇਂ ਜ਼ਾਰਾ ਦੀ ਉਮਰ ਸੱਤ ਮਹੀਨੇ ਸੀ।

ਤੇਜਿੰਦਰ ਨੇ ਜ਼ਾਰਾ ਨੂੰ ਸਿਲਾ ਨਾਂ ਦੀ ਇਕ ਅੰਗਰੇਜ਼ ਔਰਤ ਕੋਲੋਂ ਖ਼ਰੀਦਿਆ ਸੀ। ਸੱਤ ਮਹੀਨਿਆਂ ਦੀ ਜ਼ਾਰਾ ਸਿਲਾ ਲਈ ਖ਼ਤਰਾ ਅਤੇ ਚਿੰਤਾ ਬਣ ਗਈ ਸੀ। ਸਿਲਾ ਗਰਭਵਤੀ ਸੀ ਅਤੇ ਜ਼ਾਰਾ ਤਕੜੀ ਹੋਣ ਦੇ ਨਾਲ ਨਾਲ ਚੰਚਲ ਵੀ ਸੀ। ਸਿਲਾ ਲਈ ਜ਼ਾਰਾ ਨੂੰ ਕਾਬੂ ਰੱਖਣਾ ਔਖਾ ਹੋ ਗਿਆ। ਉਹ ਕਿਸੇ ਵੇਲੇ ਵੀ ਆਪਣੇ ਗਲ ਪਈ ਰੱਸੀ ਨੂੰ ਅਚਾਨਕ ਝਟਕਾ ਦੇ ਕੇ ਸਿਲਾ ਨੂੰ ਡੇਗ ਸਕਦੀ ਸੀ। ਉਸ ਨੂੰ ਸਿਲਾ ਦੀ ਹਾਲਤ ਦਾ ਗਿਆਨ ਨਹੀਂ ਸੀ। ਸਿਲਾ ਜ਼ਾਰਾ ਨੂੰ ਏਨਾ ਪਿਆਰ ਕਰਦੀ ਸੀ ਕਿ ਕਿਸੇ ਵੀ ਨਵੇਂ


WWW.SIKHBOOKCLUB.COM

ਮਾਲਕ ਦੇ ਹੱਥ ਉਸਦੀ ਰੱਸੀ ਫੜਾ ਦੇਣ ਦੀ ਗੱਲ ਸੋਚਣੀ ਸੰਭਵ ਨਹੀਂ ਸੀ। ਉਹ ਜ਼ਾਰਾ ਲਈ ਠੀਕ ਉਵੇਂ ਹੀ ਇਕ ਚੰਗੇ ਮਾਲਕ ਦੀ ਭਾਲ ਵਿਚ ਸੀ, ਜਿਵੇਂ ਕੋਈ ਮਾਂ ਆਪਣੀ ਲਾਡਲੀ ਧੀ ਲਈ ਚੰਗੇ ਘਰ ਦੀ ਭਾਲ ਵਿਚ ਹੋਵੇ।

ਆਪਣੀ ਉਮਰ ਅਨੁਸਾਰ ਜ਼ਾਰਾ ਦੀਆਂ ਆਦਤਾਂ ਵਿਚ ਤਬਦੀਲੀ ਆ ਗਈ ਸੀ। ਬਚਪਨ ਵਿਚ ਉਹ ਸਿਲਾ ਨਾਲ ਬਾਹਰ ਜਾਣ ਦੀ ਜ਼ਿਦ ਨਹੀ ਸੀ ਕਰਦੀ। ਸਿਲਾ ਉਸਨੂੰ ਘਰ ਛੱਡ ਕੇ ਸ਼ਾਪਿੰਗ ਆਦਿਕ ਲਈ ਚਲੇ ਜਾਂਦੀ ਸੀ। ਦੋ ਕੁ ਮਹੀਨਿਆਂ ਤੋਂ ਜ਼ਾਰਾ ਨੂੰ ਘਰੋਂ ਬਾਹਰਲੀ ਦੁਨੀਆਂ ਨਾਲ ਦਿਲਚਸਪੀ ਹੋ ਗਈ ਸੀ। ਘਰ ਵਿਚ ਇਕੱਲੀ ਛੱਡੀ ਜਾਣ ਉੱਤੇ ਉਹ ਤਹਿਸ-ਨਹਿਸ ਮਚਾ ਦਿੰਦੀ ਸੀ; ਭੌਂਕ ਭੌਂਕ ਕੇ ਆਲਾ-ਦੁਆਲਾ ਸਿਰ ਚੁੱਕ ਲੈਂਦੀ ਸੀ; ਗੁਆਂਢੀ ਪ੍ਰੇਸ਼ਾਨ ਹੁੰਦੇ ਸਨ। ਸਿਲਾ ਦੇ ਪਤੀ ਨੇ ਆਖਿਆ, "ਇਹ ਵੱਡੀ ਹੋ ਕੇ ਹੋਰ ਵੀ ਤੰਗ ਕਰੇਗੀ; ਖ਼ਾਸ ਕਰਕੇ ਉਦੋਂ ਜਦੋਂ ਘਰ ਵਿਚ ਬੱਚਾ ਆ ਗਿਆ। ਜੇ ਇਸਨੂੰ ਰੱਖਣਾ ਹੀ ਹੈ ਤਾਂ ਇਸਦਾ ਸਿਖਾਇਆ ਜਾਣਾ ਜ਼ਰੂਰੀ ਹੈ; ਵਰਨਾ ਇਹ ਆਪਣੀਆਂ ਆਦਤਾਂ ਨਹੀਂ ਬਦਲੇਗੀ। ਮੈਂ ਪਹਿਲਾਂ ਹੀ ਅਲਸੇਸ਼ਨ ਦੇ ਹੱਕ ਵਿਚ ਨਹੀਂ ਸਾਂ। ਇਹ ਜਮਾਂਦਰੂ ਪੈੱਟ ਨਹੀ ਹੁੰਦੇ; ਆਪਣੀ ਮਰਜ਼ੀ ਦੇ ਮਾਲਕ ਹੁੰਦੇ ਹਨ।" ਜੈਕ ਫ਼ਿਕਰਮੰਦ ਸੀ।

"ਬੱਚੇ ਤੋਂ ਪਹਿਲਾਂ ਹੀ ਇਹ ਮੇਰੇ ਲਈ ਮੁਸ਼ਕਲ ਬਣਦੀ ਜਾ ਰਹੀ ਹੈ। ਬੱਚਾ ਹੋਣ ਉੱਤੇ ਮੁਸ਼ਕਲਾਂ ਇਕ ਤੋਂ ਦੋ ਹੋ ਜਾਣਗੀਆਂ। ਪਰ ਮੈਂ ਇਸਨੂੰ ਟ੍ਰੇਨਿੰਗ ਨਹੀਂ ਦਿਵਾਉਣੀ ਚਾਹੁੰਦੀ। ਇਹ ਨਿਰਦੈਤਾ ਮੈਂ ਨਹੀਂ ਕਰ ਸਕਦੀ। ਆਰ.ਐਸ.ਪੀ.ਸੀ.ਏ. (ਰਾਇਲ ਸੁਸਾਇਟੀ ਆਫ਼ ਪ੍ਰਿਵੈਨਸ਼ਨ ਆਫ਼ ਕਰੂਐਲਟੀ ਟੂ ਐਨੀਮਲਜ਼) ਦੇ ਕਰਮਚਾਰੀ ਹੋ ਕੇ ਤੁਸੀਂ ਮੈਨੂੰ ਇਹ ਸਲਾਹ ਕਿਵੇਂ ਦੇ ਸਕਦੇ ਹੋ ?"

"ਫਿਰ ਇਸ ਸਮੱਸਿਆ ਦਾ ਹੱਲ ਕੀ ਹੋਵੇਗਾ ?"

"ਇਕੋ ਹੱਲ ਹੈ ਕਿ ਕਿਸੇ ਦਿਆਲੂ ਵਿਅਕਤੀ ਨੂੰ ਇਸਦੀ ਰੱਸੀ ਫੜਾ ਦਿਆਂ। ਉਸ ਤੋਂ ਪਹਿਲੀ ਚਿੰਤਾ ਇਹ ਹੈ ਕਿ ਇਸ ਹਫ਼ਤੇ ਇਸਨੂੰ ਨਾਲ ਲੈ ਜਾ ਕੇ ਸ਼ਾਪਿੰਗ ਕਿਵੇਂ ਕਰਾਂਗੀ। ਕਬੂਤਰਾਂ, ਬਿੱਲੀਆਂ ਅਤੇ ਕੁੱਤਿਆਂ ਆਦਿਕ ਨੂੰ ਵੇਖ ਕੇ ਇਹ ਬੇਕਾਬੂ ਹੋ ਜਾਂਦੀ ਹੈ; ਛਾਲ ਮਾਰ ਕੇ ਜਾ ਪੈਂਦੀ ਹੈ; ਬੱਚਿਆਂ ਵੱਲ ਦੌੜ ਪੈਂਦੀ ਹੈ; ਮੈਨੂੰ ਘਸੀਟ ਲੈਂਦੀ ਹੈ। ਅਜਿਹਾ ਨਾ ਹੋਵੇ ਮੈਂ ਫ਼ੁਟ-ਪਾਥ ਉੱਤੇ ਪਈ ਹੋਵਾਂ, ਟਰਾਲੀ ਅਤੇ ਉਸ ਵਿਚਲੀ ਸ਼ਾਪਿੰਗ ਸੜਕ ਵਿਚ ਰੁਲ ਰਹੀ ਹੋਵੇ ਅਤੇ ਜ਼ਾਰਾ ਕਿਸੇ ਬਿੱਲੀ ਜਾਂ ਕਬੂਤਰ ਦਾ ਪਿੱਛਾ ਕਰ ਰਹੀ ਹੋਵੇ।"

"ਸ਼ਾਪਿੰਗ ਮੈਂ ਕਰ ਲਿਆਵਾਂਗਾ ਸਨਿਚਰਵਾਰ ਨੂੰ।"

"ਪਰ ਬੱਚੇ ਨੂੰ ਜਨਮ ਤਾਂ ਮੈਂ ਹੀ ਦਿਆਂਗੀ; ਉਸਦੀ ਪਰਵਰਿਸ਼ ਮੈਂ ਕਰਾਂਗੀ; ਉਸਨੂੰ ਕਲੀਨਿਕ ਮੈਂ ਲੈ ਜਾਵਾਂਗੀ। ਲਾਇਬ੍ਰੇਰੀਆਂ, ਨਰਸਰੀਆਂ ਅਤੇ ਹੋਰ ਕਈ ਥਾਵਾਂ ਉੱਤੇ ਜ਼ਾਰਾ ਨੂੰ ਨਾਲ ਲੈ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਤੁਸੀਂ ਕੀ ਸਮਝਦੇ ਹੋ, ਸਨਿਚਰਵਾਰ ਦੀ ਸ਼ਾਪਿੰਗ ਕਰ ਲਈ ਅਤੇ ਹੋ ਗਿਆ ਮਸਲਾ ਹੱਲ ? ਰਹਿਣ ਦਿਉ, ਮੈਂ ਆਪ ਹੀ ਇਸ ਬਾਰੇ ਕੁਝ ਸੋਚਾਂਗੀ।"


WWW.SIKHBOOKCLUB.COM

ਸੋਚ ਸਾਚ ਕੇ ਸਿਲਾ, ਜ਼ਾਰਾ ਨੂੰ ਨਾਲ ਲੈ ਕੇ ਸ਼ਾਪਿੰਗ ਕਰਨ ਚਲੇ ਗਈ। ਉਹ ਸਦਾ ਤੇਜਿੰਦਰ ਦੇ ਸਟੋਰ ਵਿਚ ਹੀ ਸ਼ਾਪਿੰਗ ਕਰਦੀ ਸੀ। ਜ਼ਾਰਾ ਨੂੰ ਸਟੋਰ ਦੇ ਸਾਹਮਣੇ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਉਹ ਅੰਦਰ ਜਾਣ ਲੱਗੀ ਤਾਂ ਜ਼ਾਰਾ ਨੇ ਉੱਚੀ ਉੱਚੀ ਭੌਂਕਣਾ ਸ਼ੁਰੂ ਕਰ ਦਿੱਤਾ। ਸਿਲਾ ਨੇ ਪਿਆਰ ਨਾਲ ਉਸਦੇ ਸਿਰ ਉੱਤੇ ਹੱਥ ਫੇਰਿਆ ਅਤੇ ਆਪਣੀ ਮਜਬੂਰੀ ਦੱਸ ਕੇ ਅੰਦਰ ਚਲੇ ਗਈ। ਉਸਦੇ ਅੱਖੋਂ ਉਹਲੇ ਹੋਣ ਦੀ ਦੇਰ ਸੀ ਕਿ ਜ਼ਾਰਾ ਦੀ ਆਵਾਜ਼ ਸਾਰੇ ਬਾਜ਼ਾਰ ਵਿਚ ਗੂੰਜਣ ਲੱਗ ਪਈ। ਅਜੀਬ ਦਹਿਸ਼ਤ ਸੀ ਉਸਦੀ ਆਵਾਜ਼ ਵਿਚ। ਆਉਣ ਜਾਣ ਵਾਲੇ ਖੰਭੇ ਦੇ ਕੋਲੋਂ ਦੀ ਲੰਘਣ ਲੱਗਿਆਂ, ਫੁਟ-ਪਾਥ ਛੱਡ ਕੇ ਸੜਕ ਵਿਚੋਂ ਹੋ ਕੇ ਲੰਘ ਰਹੇ ਸਨ। ਸਨਿਚਰਵਾਰ ਸੀ; ਛੁੱਟੀ ਹੋਣ ਕਰਕੇ ਮੈਂ ਵੀ ਸਟੋਰ ਵਿਚ ਆਇਆ ਹੋਇਆ ਸਾਂ। ਹੈਰਾਨ ਸਾਂ ਕਿ ਇਹ ਇਉਂ ਕਿਉਂ ਕਰ ਰਹੀ ਸੀ। ਸਟੋਰਾਂ ਵਿਚ ਕੁੱਤਿਆਂ ਨੂੰ ਲੈ ਜਾਣ ਦੀ ਇਜਾਜ਼ਤ ਨਾ ਹੋਣ ਕਰਕੇ ਕਦੇ ਕਦੇ ਅਜਿਹਾ ਹੋ ਜਾਂਦਾ ਹੈ ਕਿ ਗਾਹਕ ਆਪਣਾ ਕੁੱਤਾ (ਇਵੇਂ ਹੀ) ਬਾਹਰ ਬੰਨ੍ਹ ਜਾਂਦਾ ਹੈ ਅਤੇ ਉਹ ਚੁੱਪ-ਚਾਪ ਆਪਣੇ ਮਾਲਕ ਦੀ ਉਡੀਕ ਕਰਦਾ ਹੈ। ਏਥੇ ਤਾਂ ਮਾਮਲਾ ਗੜਬੜ ਸੀ। ਪ੍ਰਸਥਿਤੀ ਬੋਝਲ ਹੁੰਦੀ ਜਾ ਰਹੀ ਸੀ। ਸਿਲਾ ਨੇ ਆਪਣੀ ਟਰਾਲੀ ਇਕ ਪਾਸੇ ਕਰ ਦਿੱਤੀ ਅਤੇ ਸਟੋਰੋਂ ਬਾਹਰ ਜਾਣ ਲੱਗੀ। ਤੇਜਿੰਦਰ ਨੇ ਆਖਿਆ, "ਉਹ ਨਹੀਂ ਮੰਨੇਗੀ। ਤੁਸੀਂ ਸ਼ਾਪਿੰਗ ਕਰੋ। ਇਸਨੂੰ ਮੈਂ ਸੰਭਾਲਦਾ ਹਾਂ। ਕੀ ਨਾਂ ਹੈ ਇਸਦਾ?"

"ਜ਼ਾਰਾ। ਪਰ ਤੁਸੀਂ.....!"

"ਕੋਸ਼ਿਸ਼ ਕਰਦਾ ਹਾਂ। ਵੱਢੇਗੀ ਤਾਂ ਨਹੀਂ?"

"ਮੈਂ ਤੁਹਾਡੀ ਵਾਕਫ਼ੀਅਤ ਕਰਵਾ ਦਿੰਦੀ ਹਾਂ।"

ਵਾਕਫ਼ੀਅਤ ਕਰਵਾ ਕੇ ਸਿਲਾ ਅੰਦਰ ਚਲੇ ਗਈ। ਤਰਕੀਬ ਕਾਮਯਾਬ ਹੋ ਗਈ। ਜ਼ਾਰਾ ਨੇ ਭੌਂਕਣਾ ਬੰਦ ਕਰ ਦਿੱਤਾ। ਤੇਜਿੰਦਰ ਨਾਲ ਇਉਂ ਵਰਤਣ ਲੱਗ ਪਈ, ਜਿਵੇਂ ਜਨਮ ਤੋਂ ਉਸੇ ਕੋਲ ਰਹਿ ਰਹੀ ਹੋਵੇ। ਹੋਰ ਸਭ ਕੁਝ ਠੀਕ ਹੋ ਗਿਆ ਪਰ ਚੂੰ ਚੂੰ ਕਰ ਕੇ ਅਤੇ ਖੰਭੇ ਨਾਲ ਬੱਝੀ, ਗਲ ਪਈ ਰੱਸੀ ਨੂੰ ਖਿੱਚ ਖਿੱਚ ਕੇ ਸਟੋਰ ਦੇ ਅੰਦਰ ਜਾਣ ਦੀ ਇੱਛਾ ਪਰਗਟ ਕਰਨੋਂ ਉਹ ਨਾ ਹਟੀ। ਤੇਜਿੰਦਰ ਉਸਦੀ ਗੱਲ ਮੰਨਣ ਲਈ ਮਜਬੂਰ ਹੋ ਗਿਆ। ਖੰਭੇ ਨਾਲੋਂ ਖੋਲ੍ਹ ਕੇ ਉਸਨੂੰ ਆਪਣੀ ਦੁਕਾਨ ਵਿਚ ਲੈ ਗਿਆ। ਪਰ ਉਹ ਉਥੇ ਰੁਕਣਾ ਨਹੀਂ ਸੀ ਚਾਹੁੰਦੀ। ਤੇਜਿੰਦਰ ਨੂੰ ਉਸਦੀ ਦੂਜੀ ਗੱਲ ਵੀ ਮੰਨਣੀ ਪਈ। ਉਹ ਹੋਰ ਸਾਰੇ ਲੋਕਾਂ ਵਾਂਗ ਸਟੋਰ ਵਿਚ ਸ਼ੈਲਫ਼ਾਂ ਸਾਹਮਣੇ ਘੁੰਮਣ ਲੱਗ ਪਈ। ਹੁਣ ਉਹ ਕਿਸੇ ਪ੍ਰਕਾਰ ਦੀ ਕੋਈ ਗੜਬੜ ਨਹੀਂ ਸੀ ਕਰ ਰਹੀ; ਹਾਂ, ਕਦੇ ਕਦੇ ਮੂੰਹ ਚੁੱਕ ਕੇ ਖੜੀ ਹੋ ਜਾਂਦੀ ਸੀ ਅਤੇ ਸ਼ੈਲਫ਼ਾਂ ਉੱਤੋਂ ਚੀਜ਼ਾਂ ਚੁੱਕ ਕੇ ਆਪੋ-ਆਪਣੀਆਂ ਟਰਾਲੀਆਂ ਅਤੇ ਟੋਕਰੀਆਂ ਵਿਚ ਪਾਉਂਦੇ ਲੋਕਾਂ ਨੂੰ ਧਿਆਨ ਨਾਲ ਵੇਖਣ ਲੱਗ ਪੈਂਦੀ ਸੀ।

ਸਟੋਰ ਵਿਚ ਤੁਰਦੇ ਫਿਰਦੇ ਇਹ ਦੋਵੇਂ ਸਿਲਾ ਕੋਲ ਚਲੇ ਗਏ। ਜ਼ਾਰਾ ਨੇ ਸਿਲਾ ਦੇ ਪੈਰਾਂ ਉੱਤੇ ਆਪਣਾ ਅਗਲਾ ਪੰਜਾ ਰੱਖ ਕੇ ਆਪਣਾ ਮੂੰਹ ਤੇਜਿੰਦਰ ਵੱਲ ਕਰ ਲਿਆ ਅਤੇ ਹੌਲੀ ਹੌਲੀ ਚੂੰ ਚੂੰ ਕਰਨ ਲੱਗ ਪਈ। ਤੇਜਿੰਦਰ ਵੱਲ ਵੇਖ ਕੇ ਸਿਲਾ ਨੇ ਆਪਣੇ ਮੋਢੇ ਉਪਰ ਨੂੰ ਚੁੱਕੇ, ਜਿਸ ਦਾ ਭਾਵ ਸੀ, "ਪਤਾ ਨਹੀਂ ਕੀ ਕਹਿ ਰਹੀ ਹੈ।"


WWW.SIKHBOOKCLUB.COM 

ਅਗਲੇ ਸਨਿਚਰਵਾਰ ਸ਼ਾਮ ਨੂੰ ਜਦੋਂ ਤੇਜਿੰਦਰ ਘਰ ਆਇਆ, ਉਸਦੇ ਮਾਤਾ ਜੀ ਰਸੋਈ ਦੇ ਕੰਮ ਵਿਚ ਰੁੱਝੇ ਹੋਏ ਸਨ। ਉਸ ਕੋਲੋਂ ਆਪਣੀ ਹੈਰਾਨੀ ਸਾਂਭੀ ਨਹੀਂ ਸੀ ਜਾ ਰਹੀ। ਬੋਲਿਆ, "ਪਾਪਾ, ਤੁਸਾਂ ਵੇਖਿਆ ਸੀ ਨਾ ਜ਼ਾਰਾ ਨੂੰ ਉਸ ਦਿਨ।"

"ਹਾਂ ਵੇਖਿਆ ਸੀ। ਕੀ ਹੋਇਆ ?"

"ਜੇ ਤੁਸੀਂ ਅੱਜ ਉਥੇ ਹੁੰਦੇ, ਪਾਪਾ! ਆਉ ਬਾਹਰ ਗੱਡੀ ਵਿਚ ਬੈਠ ਕੇ ਦੱਸਦਾ ਹਾਂ। ਮਾਮਾ ਨੇ ਸੁਣ ਲਿਆ ਤਾਂ.....।"

ਅਸੀਂ ਗੱਡੀ ਵਿਚ ਜਾ ਬੈਠੇ। ਤੇਜਿੰਦਰ ਨੇ ਦੱਸਿਆ, "ਅੱਜ ਜ਼ਾਰਾ ਨੇ ਸਿਲਾ ਦੀ ਇਕ ਨਹੀਂ ਮੰਨੀ। ਉਸ ਨੂੰ ਧੂਹ ਕੇ ਸਟੋਰ ਵਿਚ ਲੈ ਆਈ। ਵਿਚਾਰੀ ਸਿਲਾ ਡਿੱਗਦੀ ਡਿੱਗਦੀ ਬਚੀ। ਉਹ ਸਿੱਧੀ.....।"

"ਬੇਟਾ, ਇਸ ਵਿਚ ਏਨੀ ਅਚੰਭੇ ਵਾਲੀ ਕਿਹੜੀ ਗੱਲ ਹੈ ?"

"ਤੁਸੀਂ ਸੁਣੋ ਤਾਂ ਸਹੀ। ਜ਼ਾਰਾ ਸਿੱਧੀ ਮੇਰੇ ਕੋਲ ਆ ਗਈ। ਸਿਲਾ ਕੁਝ ਪ੍ਰੇਸ਼ਾਨ ਲੱਗਦੀ ਸੀ। ਮੈਂ ਉਸਨੂੰ ਆਖਿਆ ਕਿ ਉਹ ਚਿੰਤਾ ਨਾ ਕਰੇ ਅਤੇ ਆਰਾਮ ਨਾਲ ਆਪਣੀ ਸ਼ਾਪਿੰਗ ਕਰ ਲਵੇ। ਮੈਂ ਜ਼ਾਰਾ ਦਾ ਖ਼ਿਆਲ ਰੱਖਾਂਗਾ। ਜ਼ਾਰਾ ਨੇ ਮੁੜ ਉਹੋ ਕੰਮ ਫੜ ਲਿਆ। ਹੋਰ ਲੋਕਾਂ ਦੇ ਨਾਲ ਨਾਲ ਤੁਰੀ ਫਿਰੇ.....ਹੱਥ ਵਿਚ ਉਸਦੀ ਰੱਸੀ ਫੜੀ ਮੈਂ ਵੀ ਨਾਲ ਨਾਲ ਤੁਰਿਆ ਫਿਰਾਂ। ਇਉਂ ਲੱਗਦਾ ਸੀ ਕਿ ਉਹ ਸ਼ਾਪਿੰਗ ਕਰ ਰਹੀ ਹੈ ਅਤੇ ਮੈਂ ਉਸਦੀ ਸਹਾਇਤਾ ਕਰ ਰਿਹਾ ਹਾਂ। ਮੈਨੂੰ ਮੰਟੇਨ ਦੀ ਇਸ ਗੱਲ ਵਿਚ ਕਾਫ਼ੀ ਵਜ਼ਨ ਮਹਿਸੂਸ ਹੋਇਆ ਕਿ ਜਦੋਂ ਅਸੀਂ ਆਪਣੇ ਪੈੱਟ ਨਾਲ ਖੇਡ ਰਹੇ ਹੁੰਦੇ ਹਾਂ ਉਦੋਂ ਇਹ ਵੀ ਹੋ ਸਕਦਾ ਹੈ ਕਿ ਸਾਡਾ ਪੈੱਟ ਸਾਨੂੰ ਆਪਣਾ ਪੈੱਟ ਅਤੇ ਆਪਣੇ ਆਪ ਨੂੰ ਸਾਡਾ ਮਾਲਕ ਸਮਝ ਰਿਹਾ ਹੋਵੇ। ਤੁਰਿਆਂ ਜਾਂਦਿਆਂ ਸਵੀਟਸ ਦੇ ਕਾਊਂਟਰ ਤੋਂ ਇਕ ਟਾਫ਼ੀ ਚੁੱਕ ਕੇ ਮੈਂ ਜ਼ਾਰਾ ਨੂੰ ਦੇਣੀ ਚਾਹੀ। ਉਸਨੇ ਟਾਫ਼ੀ ਨੂੰ ਸੁੰਘਿਆ; ਮੇਰੇ ਵੱਲ ਵੇਖਿਆ; ਅਤੇ ਮੇਰੇ ਅੱਗੇ ਅੱਗੇ ਹੋ ਤੁਰੀ। ਸਿਲਾ ਦੇ ਸਾਹਮਣੇ ਜਾ ਖੜੋਤੀ ਅਤੇ ਉਸਦੇ ਮੂੰਹ ਵੱਲ ਵੇਖਣ ਲੱਗ ਪਈ। ਉਸਨੇ ਪੁੱਛਿਆ, "ਕੀ ਗੱਲ ਹੈ, ਜ਼ਾਰਾ ?" ਤਾਂ ਉਸ (ਜ਼ਾਰਾ) ਨੇ ਮੇਰੇ ਟਾਫ਼ੀ ਵਾਲੇ ਹੱਥ ਨੂੰ ਮੂੰਹ ਲਾਇਆ। ਸਿਲਾ ਨੇ ਆਖਿਆ, "ਕੋਈ ਹਰਜ ਨਹੀਂ।" ਜ਼ਾਰਾ ਨੇ ਮੇਰੇ ਕੋਲੋਂ ਟਾਫ਼ੀ ਲੈ ਕੇ ਖਾ ਲਈ। ਪਾਪਾ, ਮੈਂ ਹੈਰਾਨ ਰਹਿ ਗਿਆ। ਕੁਝ ਹੋਰ ਲੋਕਾਂ ਨੇ ਵੀ ਇਹ ਸਭ ਵੇਖਿਆ ਅਤੇ ਆਖਿਆ, 'ਕਮਾਲ ਹੈ'। ਅੱਜ ਸਿਲਾ ਨੇ ਸਾਡੇ ਸਟੋਰ ਦੀ ਵਿੰਡੋ ਵਿਚ ਜ਼ਾਰਾ ਦੀ ਵਿਕਰੀ ਦੀ ਸੂਚਨਾ ਦਾ ਨਿੱਕਾ ਜਿਹਾ ਇਸ਼ਤਿਹਾਰ ਵੀ ਲਗਾਇਆ ਹੈ, ਪਾਪਾ। ਉਹ ਜ਼ਾਰਾ ਨੂੰ ਵੇਚਣ ਲਈ ਮਜਬੂਰ ਹੈ। ਮੈਨੂੰ ਲੋੜ ਵੀ ਹੈ ਅਤੇ ਜ਼ਾਰਾ ਮੈਨੂੰ ਪਸੰਦ ਵੀ ਹੈ; ਪਰ ਮਾਮਾ ਨੂੰ ਕੌਣ ਸਮਝਾਵੇ।.....ਤੁਸੀਂ ਆਖੋ ਉਨ੍ਹਾਂ ਨੂੰ।"

"ਕੀ ਆਖਾਂ ?"

"ਕਿ ਉਹ ਇਸ ਨਿੱਕੀ ਜਿਹੀ ਗੱਲ ਲਈ ਜ਼ਿਦ ਨਾ ਕਰਨ।"

"ਉਹ ਤੈਨੂੰ ਨਿੱਕੀ ਜਿਹੀ ਗੱਲ ਲਈ ਜ਼ਿਦ ਨਾ ਕਰਨ ਨੂੰ ਕਹਿਣਗੇ।"

"ਮੇਰੇ ਲਈ ਇਹ ਗੱਲ ਨਿੱਕੀ ਨਹੀਂ, ਪਾਪਾ।"

"ਉਨ੍ਹਾਂ ਲਈ ਨਿੱਕੀ ਕਿਉਂ ਹੈ ?"

"ਮੈਨੂੰ ਕੁਝ ਸਮਝ ਨਹੀਂ ਆਉਂਦੀ। ਸਿਲਾ ਦਾ ਪਤੀ ਆਰ.ਐਸ.ਪੀ.ਸੀ.ਏ. ਵਿਚ ਕੰਮ ਕਰਦਾ ਹੈ। ਉਸਨੂੰ ਕਈ ਅਜਿਹੇ ਲੋਕਾਂ ਦਾ ਪਤਾ ਹੋਵੇਗਾ, ਜਿਹੜੇ ਜ਼ਾਰਾ ਨੂੰ ਖ਼ਰੀਦਣਾ ਚਾਹੁਣਗੇ। ਪਤਾ ਨਹੀਂ ਲੱਗਦਾ ਮੈਂ ਕੀ ਕਰਾਂ।"

ਮੇਰੇ ਕੋਲ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਸੀ। ਜਦੋਂ ਅਸੀਂ ਦੋਵੇਂ ਗੱਡੀ ਵਿਚੋਂ ਨਿਕਲ ਕੇ ਘਰ ਆਏ ਤਾਂ ਮੇਰੀ ਪਤਨੀ ਨੇ ਆਖਿਆ, "ਬਹੁਤ ਗੂਹੜੀਆਂ ਗੱਲਾਂ ਹੋ ਰਹੀਆਂ ਹਨ ਪਿਉ ਪੁੱਤ ਵਿਚ; ਜੇ ਕੋਈ ਕੁੱਤਾ ਲਿਆਉਣ ਬਾਰੇ ਸੋਚ ਰਹੇ ਹੋ ਤਾਂ ਮੇਰੇ ਰਹਿਣ ਦਾ ਪ੍ਰਬੰਧ ਪਹਿਲਾਂ ਕਰ ਲੈਣਾ।"

ਸਾਡੇ ਵਿਚੋਂ ਕੋਈ ਨਾ ਬੋਲਿਆ।

ਅਗਲੇ ਸਨਿਚਰਵਾਰ ਦੀ ਸ਼ਾਮ ਨੂੰ ਦੁਕਾਨ ਤੋਂ ਵਾਪਸ ਆਉਂਦਾ ਹੋਇਆ ਤੇਜਿੰਦਰ ਜ਼ਾਰਾ ਨੂੰ ਘਰ ਲੈ ਆਇਆ। ਉਸਦੀ ਕਾਰ ਘਰ ਦੇ ਸਾਹਮਣੇ ਆ ਕੇ ਰੁਕੀ; ਕਾਰ ਵਿਚੋਂ ਨਿਕਲ ਕੇ ਉਸਨੇ ਦਰਵਾਜ਼ੇ ਦੀ ਘੰਟੀ ਵਜਾਈ। ਸੁਣਦੇ ਸਾਰ ਪੁੱਤਰ-ਆਗਮਨ ਦੇ ਚਾਅ ਨਾਲ ਭਰੀ ਮਾਤਾ ਨੇ ਦਰਵਾਜ਼ਾ ਖੋਲ੍ਹਿਆ। ਤੇਜਿੰਦਰ ਘਰ ਦੇ ਸਾਹਮਣੇ ਖਲੋਤਾ ਹੋਣ ਦੀ ਥਾਂ, ਆਪਣੀ ਕਾਰ ਦਾ ਪਿਛਲਾ ਦਰਵਾਜ਼ਾ ਖੋਲ੍ਹ ਕੇ ਕਾਰ ਦੀ ਪਿਛਲੀ ਸੀਟ ਉੱਤੇ ਝੁਕ ਕੇ ਕਿਸੇ ਭਾਰੀ ਚੀਜ ਨੂੰ ਆਪਣੀਆਂ ਬਾਹਾਂ ਵਿਚ ਚੁੱਕ ਕੇ, ਕਾਰ ਵਿਚੋਂ ਬਾਹਰ ਕੱਢ ਰਿਹਾ ਸੀ। ਪੈਰ ਨਾਲ ਕਾਰ ਦਾ ਦਰਵਾਜ਼ਾ ਬੰਦ ਕਰ ਕੇ ਉਸਨੇ ਘਰ ਵੱਲ ਮੂੰਹ ਕੀਤਾ ਤਾਂ ਉਸਦੀ ਮਾਤਾ ਨੇ ਵੇਖਿਆ ਕਿ ਉਹ ਇਕ ਅਲਸੇਸ਼ਨ ਨੂੰ ਗੋਦੀ ਵਿਚ ਚੁੱਕੀ ਘਰ ਵੱਲ ਆ ਰਿਹਾ ਹੈ। ਅਗਾਂਹ ਹੋ ਕੇ ਘਰ ਦਾ ਫਾਟਕ ਖੋਲ੍ਹਣ ਦੀ ਥਾਂ ਇਕ ਕਦਮ ਪਿੱਛੇ ਹਟ ਕੇ ਉਨ੍ਹਾਂ ਨੇ ਘਰ ਦਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਗੁੱਸੇ ਵਿਚ ਭਰੇ-ਪੀਤੇ ਪੌੜੀਆਂ ਚੜ੍ਹ ਕੇ ਬੈੱਡ-ਰੂਮ ਵਿਚ ਚਲੇ ਗਏ। ਮੈਂ ਘਰ ਦਾ ਦਰਵਾਜ਼ਾ ਖੋਲ੍ਹਿਆ; ਤੇਜਿੰਦਰ ਜ਼ਾਰਾ ਨੂੰ ਗੋਦੀ ਵਿਚ ਚੁੱਕੀ ਅੰਦਰ ਆਇਆ।

ਸਾਡੇ ਘਰ ਵਿਚ ਅਣਹੋਣੀ ਹੋ ਗਈ ਸੀ। ਘਰ ਦੇ ਕੰਮ ਵਿਚ ਕੁਸ਼ਲ ਅਤੇ ਪ੍ਰਬੰਧ ਵਿਚ ਪ੍ਰਪੱਕ ਹੋਣ ਕਰਕੇ ਮੇਰੀ ਪਤਨੀ, ਕੁਦਰਤੀ ਤੌਰ ਉੱਤੇ ਘਰ ਦੀ ਮੁਖੀਆ ਸੀ। ਮੇਰੇ ਪਿਤਾ ਜੀ ਤੋਂ ਪਿੱਛੋਂ ਮੇਰੀ ਪਤਨੀ ਦਾ ਇਹ ਅਧਿਕਾਰ ਇਕ ਤਰ੍ਹਾਂ ਨਾਲ ਪ੍ਰਮਾਣਿਤ ਹੋ ਚੁੱਕਾ ਸੀ। ਆਪਣੀ ਇੱਛਾ ਅਤੇ ਆਗਿਆ ਦਾ ਅਣਜਾਣੇ ਹੋਇਆ ਉਲੰਘਣ ਵੀ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਸੀ। ਤੇਜਿੰਦਰ ਜਾਣਦਿਆਂ ਹੋਇਆਂ, ਉਨ੍ਹਾਂ ਦੀ ਭਲੀਭਾਂਤ ਪ੍ਰਗਟ ਕੀਤੀ ਹੋਈ ਇੱਛਾ ਅਤੇ ਆਗਿਆ ਵਿਰੁੱਧ ਜ਼ਾਰਾ ਨੂੰ ਘਰ ਲੈ ਆਇਆ ਸੀ। ਉਹ ਆਪਣੀ ਭੁੱਲ ਦੀ ਗੰਭੀਰਤਾ ਤੋਂ ਜਾਣੂ ਸੀ। ਆਪਣੀ ਮਾਤਾ ਦੇ ਰਵੱਈਏ ਕਾਰਨ ਉਦਾਸ ਅਤੇ ਚਿੰਤਾਤੁਰ ਹੋ ਗਿਆ। ਉਸਦੀ ਚਿੰਤਾ ਵਿਚ ਹਿੱਸੇਦਾਰ ਹੁੰਦਿਆਂ ਹੋਇਆਂ ਮੈਂ ਆਖਿਆ, "ਬਹੁਤ ਕਾਹਲੀ ਕੀਤੀ, ਬੇਟਾ।"

"ਕਾਹਲੀ ਕਰਨੀ ਪੈ ਗਈ, ਪਾਪਾ। ਅਜੀਬ ਉਲਝਣ ਬਣ.....।"

"ਉਨ੍ਹਾਂ ਨੂੰ ਜਾ ਕੇ ਦੱਸ ਇਹ ਸਭ।"

"ਤੁਸੀਂ ਮੇਰੇ ਨਾਲ ਚੱਲੋ।"

"ਤੂੰ ਜਾ; ਮੈਂ ਵੀ ਆਉਂਦਾ ਹਾਂ।"

ਜ਼ਾਰਾ ਨੂੰ ਕੁੱਛੜ ਚੁੱਕੀ, ਪੌੜੀਆਂ ਚੜ੍ਹ ਕੇ ਤੇਜਿੰਦਰ ਆਪਣੀ ਮਾਤਾ ਦੇ ਕਮਰੇ ਵਿਚ ਚਲੇ ਗਿਆ। ਕਮਰੇ ਦਾ ਦਰਵਾਜ਼ਾ ਉਨ੍ਹਾਂ ਨੇ ਬੰਦ ਨਹੀਂ ਸੀ ਕੀਤਾ। ਤੇਜਿੰਦਰ ਦੇ ਪਿੱਛੇ ਪਿੱਛੇ ਮੈਂ ਅਤੇ ਮੇਰੇ ਪਿੱਛੇ ਪਿੱਛੇ ਮੇਰਾ ਛੋਟਾ ਪੁੱਤਰ ਵਿੱਕਰ ਵੀ ਕਮਰੇ ਵਿਚ ਆ ਗਏ। ਅਸਾਂ ਵੇਖਿਆ, ਉਹ ਆਪਣੇ ਬਿਸਤਰੇ ਉੱਤੇ ਲੱਤਾਂ ਲਮਕਾਈ ਬੈਠੇ ਸਨ ਅਤੇ ਤੇਜਿੰਦਰ ਅਤੇ ਜ਼ਾਰਾ ਦੋਵੇਂ ਉਨ੍ਹਾਂ ਦੇ ਸਾਹਮਣੇ ਖੜੇ ਸਨ। ਤੇਜਿੰਦਰ ਕਹਿ ਰਿਹਾ ਸੀ, "ਮਾਮਾ, ਮੈਨੂੰ ਪੁੱਛੋ ਤਾਂ ਸਹੀ, ਮੈਂ ਇਸਨੂੰ ਕਿਉਂ ਲੈ ਆਇਆ ਹਾਂ।"

ਨੀਵੀਂ ਪਾਈ ਖਲੋਤੇ ਉਦਾਸ ਪੁੱਤਰ ਵੱਲ ਗ਼ੁੱਸੇ ਨਾਲ ਵੇਖਦੀ ਹੋਈ ਮਾਤਾ ਨੇ ਆਖਿਆ, "ਪੁੱਛਦੇ ਉਹ ਹਨ ਜੋ ਜਾਣਦੇ ਨਹੀਂ।"

"ਕੁਝ ਗੱਲਾਂ ਜਾਣਕਾਰੀ ਦੇ ਘੇਰੇ ਤੋਂ ਬਾਹਰ ਵੀ ਹੁੰਦੀਆਂ ਹਨ, ਮਾਮਾ।"

ਉਵੇਂ ਹੀ ਗ਼ੁੱਸੇ ਨਾਲ ਮੇਰੇ ਵੱਲ ਵੇਖ ਕੇ ਉਹ ਬੋਲੇ, "ਫ਼ਿਲਾਸਫ਼ਰ ਪਿਉ ਦਾ ਪੁੱਤਰ ਹੈਂ ਨਾ।"

"ਮੈਂ ਇਕ ਚੰਗੀ ਮਾਂ ਦਾ ਪੁੱਤਰ ਹਾਂ, ਮਾਮਾ।"

"ਵਾਹਵਾ ਮੁੱਲ ਪਾਇਆ ਤੂੰ ਮਾਂ ਦੀ ਚੰਗਿਆਈ ਦਾ।"

"ਜੇ ਸਾਰੀ ਗੱਲ ਸੁਣ ਲਵੋ ਤਾਂ ਤੁਸੀਂ ਨਿਸਚੇ ਹੀ ਇਹ ਆਖੋਗੇ ਕਿ ਮੈਂ ਤੁਹਾਡੀ ਚੰਗਿਆਈ ਅਤੇ ਵਡਿਆਈ ਦਾ ਮਾਣ ਰੱਖਿਆ ਹੈ।"

"ਇਸਨੂੰ ਘਰ ਲਿਆ ਕੇ ?"

"ਹਾਂ, ਮਾਮਾ।"

ਮੈਨੂੰ ਸੰਬੋਧਨ ਹੋ ਕੇ ਉਨ੍ਹਾਂ ਨੇ ਆਖਿਆ, "ਇਸਨੇ ਸਾਡਾ ਬਹੁਤ ਮਾਣ ਕਰ ਲਿਆ ਹੈ। ਹੁਣ ਤੁਸੀਂ ਆਪਣਾ ਵੱਖਰਾ ਪ੍ਰਬੰਧ ਕਰੋ। ਮੈਂ ਏਥੇ ਨਹੀਂ ਰਹਿ ਸਕਦੀ।"

"ਜਿਵੇਂ ਆਖੋਗੇ, ਉਵੇਂ ਹੀ ਹੋਵੇਗਾ; ਪਰ ਇਕ ਵੇਰ ਜ਼ਰਾ ਠੰਢੇ ਦਿਲ ਨਾਲ ਪੁੱਤਰ ਦੀ ਗੱਲ ਤਾਂ ਸੁਣ ਲਵੋ।"

"ਮੈਂ ਨਹੀਂ ਸੁਣਨਾ ਚਾਹੁੰਦੀ ਤੁਹਾਡੀਆਂ ਫ਼ਿਲਾਸਫ਼ੀਆਂ। ਜੋ ਜੀ ਆਏ ਕਰੋ। ਤੁਸੀਂ ਸਾਰੇ ਇਕ ਪਾਸੇ ਹੋ। ਮੇਰੀ ਇਕੱਲੀ ਦੀ.....।"

"ਕੰਤ ਜੀ, ਅਸੀਂ ਸਾਰੇ ਇਕ ਪਾਸੇ ਨਹੀਂ ਹਾਂ; ਮੈਂ ਤੁਹਾਡੇ ਨਾਲ ਹਾਂ। ਜੇ ਦੋਵੇਂ ਭਰਾ ਇਕ ਪਾਸੇ ਹੋ ਜਾਣ ਤਾਂ ਵੀ ਅਸੀਂ ਦੂਜੇ ਪੱਖ ਵਿਚ ਇਨ੍ਹਾਂ ਦੇ ਬਰਾਬਰ ਹਾਂ; ਅਸੀਂ ਮਾਪੇ ਹਾਂ; ਸਾਡਾ ਪੱਲਾ ਭਾਰਾ ਹੈ। ਇਸ ਲਈ ਗੱਲ ਸੁਣਨ ਵਿਚ ਕੋਈ ਹਰਜ ਨਹੀਂ।"

"ਦੱਸ ਲਵੇ ਗੱਲ ਜਿਹੜੀ ਇਸਨੇ ਦੱਸਣੀ ਹੈ। ਮੈਂ ਪਹਿਲਾਂ ਦੱਸ ਦਿੰਦੀ ਹਾਂ ਕਿ ਮੈਂ ਇਸ ਮੁਸੀਬਤ ਨੂੰ ਘਰ ਨਹੀਂ ਰੱਖਣਾ।"

ਤੇਜਿੰਦਰ ਆਪਣੀ ਮਾਤਾ ਦੇ ਸਾਹਮਣੇ, ਉਨ੍ਹਾਂ ਦੇ ਪੈਰਾਂ ਵਿਚ, ਉਨ੍ਹਾਂ ਦਾ ਗੋਡਾ ਫੜ ਕੇ ਬੈਠ ਗਿਆ। ਉਸਦੇ ਬੈਠ ਜਾਣ ਉੱਤੇ ਜ਼ਾਰਾ ਵੀ ਆਪਣੀਆਂ ਅਗਲੀਆਂ ਲੱਤਾਂ ਨੂੰ ਸਿੱਧੀਆਂ ਖੜੀਆਂ ਰੱਖਦੀ ਹੋਈ ਪਿਛਲੀਆਂ ਲੱਤਾਂ ਉੱਤੇ ਬੈਠ ਗਈ ਜਿਵੇਂ ਮਾਂ ਪੁੱਤਰ ਦੀ ਗੱਲ ਬਾਤ ਵਿਚੋਂ ਉਪਜਣ ਵਾਲੇ, ਆਪਣੀ ਕਿਸਮਤ ਦੇ ਫ਼ੈਸਲੇ ਨੂੰ ਸੁਣਨ ਲਈ ਤਿਆਰ ਹੋ ਗਈ ਹੋਵੇ। ਮੈਂ ਅਤੇ ਵਿੱਕਰ ਖਲੋਤੇ ਹੀ ਸੁਣਦੇ ਰਹੇ। ਤੇਜਿੰਦਰ ਨੇ ਦੱਸਣਾ ਸ਼ੁਰੂ ਕੀਤਾ :


WWW.SIKHBOOKCLUB.COM

"ਮਾਮਾ, ਮੈਂ ਇਹ ਕਹਿੰਦਾ ਰਿਹਾ ਹਾਂ ਕਿ ਰਾਖੀ ਲਈ ਕੁੱਤਾ ਰੱਖਣਾ ਹੈ ਪਰ ਇਹ ਜਾਣਦਿਆਂ ਹੋਇਆਂ ਕਿ ਤੁਹਾਨੂੰ ਇਹ ਪਸੰਦ ਨਹੀਂ, ਮੈਂ ਕੁੱਤਾ ਖ਼ਰੀਦਣ ਦਾ ਜਤਨ ਕਦੇ ਨਹੀਂ ਕੀਤਾ; ਅੱਜ ਵੀ ਨਹੀਂ। ਜੇ ਖ਼ਰੀਦਣ ਗਿਆ ਹੁੰਦਾ ਤਾਂ ਮੈਨੂੰ ਜ਼ਾਰਾ ਨਾ ਮਿਲਦੀ। ਇਹ.....।"

"ਇਹ ਅਸਮਾਨੋਂ ਡਿੱਗੀ ਹੈ ਤੇਰੇ ਲਈ।" ਤੇਜਿੰਦਰ ਦੀ ਗੱਲ ਟੋਕ ਕੇ ਮੇਰੀ ਪਤਨੀ ਨੇ ਆਖਿਆ।

"ਮਾਮਾ, ਤੁਸੀਂ ਗੱਲ ਤਾਂ ਸੁਣ ਲਵੋ ਸਾਰੀ," ਵਿੱਕਰ, ਜੋ ਹੁਣ ਤਕ ਚੁੱਪ ਸੀ, ਬੋਲਿਆ।

"ਤੂੰ ਵੀ ਲੈ ਆ ਇਕ ਹੋਰ, ਫੇਰ ਸੁਣਾਵੀਂ ਗੱਲਾਂ।"

ਮੈਂ ਵਿੱਕਰ ਦੇ ਮੋਢੇ ਉੱਤੇ ਹੱਥ ਰੱਖਿਆ। ਮੇਰਾ ਇਸ਼ਾਰਾ ਸਮਝ ਕੇ ਉਹ ਚੁੱਪ ਕੀਤਾ ਰਿਹਾ। ਤੇਜਿੰਦਰ ਨੇ ਆਪਣੀ ਗੱਲ ਅੱਗੇ ਤੋਰੀ।

"ਮਾਮਾ, ਮੇਰੇ ਲਈ ਇਹ ਅਸਮਾਨੋਂ ਹੀ ਡਿੱਗੀ ਹੈ। ਇਸਦੀ ਵਿਕਰੀ ਦੀ ਸੂਚਨਾ ਦਾ ਨੋਟ ਮੇਰੀ ਦੁਕਾਨ ਦੇ ਸ਼ੀਸ਼ੇ ਉੱਤੇ ਕਈ ਦਿਨ ਲੱਗਾ ਰਿਹਾ ਹੈ। ਜੇ ਇਸਨੂੰ ਖ਼ਰੀਦਣ ਦਾ ਖ਼ਿਆਲ ਹੁੰਦਾ ਤਾਂ ਮੈਂ ਇਸਦੀ ਮਾਲਕਣ ਨਾਲ ਗੱਲ ਕਰ ਸਕਦਾ ਸਾਂ।"

"ਇਹ ਕਿਸੇ ਕੁੜੀ ਕੋਲੋਂ ਖ਼ਰੀਦੀ ਹੈ ਤੂੰ ?"

"ਹਾਂ, ਸਿਲਾ ਕੋਲੋਂ। ਉਹ ਇਸਨੂੰ ਵੇਚਣ ਲਈ ਮਜਬੂਰ ਹੋ ਗਈ ਸੀ। ਉਸ ਲਈ ਇਸਦੀ ਸਾਂਭ ਬਹੁਤ ਮੁਸ਼ਕਲ ਹੋ ਗਈ ਸੀ।"

"ਅਤੇ ਤੇਰੇ ਲਈ ਇਸਦੀ ਸੰਭਾਲ ਸੌਖੀ ਹੈ। ਘਰ ਵਿਚ ਮੈਂ ਜੁ ਬੈਠੀ ਹਾਂ ਤੇਰੇ ਰੱਖੇ ਹੋਏ ਕੁੱਤੇ ਪਾਲਣ ਨੂੰ। ਪਰੇ ਹਟੋ; ਮੈਨੂੰ ਹੋਰ ਵੀ ਕੰਮ ਹਨ, ਆਪਣੀ ਕਹਾਣੀ ਆਪਣੇ ਕੋਲ ਰੱਖੋ।"

ਉਹ ਮੰਜੇ ਉੱਤੋਂ ਉੱਠ ਖਲੋਤੇ। ਉਨ੍ਹਾਂ ਦੇ ਪੈਰਾਂ ਵਿਚ ਬੈਠਾ ਤੇਜਿੰਦਰ ਵੀ ਉੱਠ ਕੇ ਖੜਾ ਹੋ ਗਿਆ ਅਤੇ ਉਸਦੀ ਲਾਗੇ ਬੈਠੀ ਜ਼ਾਰਾ ਵੀ ਉੱਠ ਖਲੋਤੀ। ਤੇਜਿੰਦਰ ਨੇ ਆਪਣੀ ਮਾਤਾ ਨੂੰ ਮੋਢਿਆਂ ਤੋਂ ਪਕੜ ਕੇ ਮੁੜ ਪਹਿਲਾਂ ਵਾਂਗ ਹੀ ਮੰਜੇ ਉੱਤੇ ਬਿਠਾ ਲਿਆ ਅਤੇ ਉਨ੍ਹਾਂ ਦੇ ਸਾਹਮਣੇ ਖਲੋਤਾ ਆਪਣੀ ਗੱਲ ਦੱਸਣ ਲੱਗ ਪਿਆ; ਜ਼ਾਰਾ ਲਾਗੇ ਖਲੋਤੀ ਸੁਣਦੀ ਰਹੀ, ਮੈਂ ਅਤੇ ਵਿੱਕਰ ਵੀ। "ਅੱਜ ਇਕ ਬਿਰਧ ਮਾਤਾ ਇਸਨੂੰ ਵੇਖਣ ਵੀ ਆਈ ਸੀ। ਉਸਨੂੰ ਇਹ ਚੰਗੀ ਲੱਗੀ ਪਰ ਉਹ ਬਹੁਤ ਬਿਰਧ ਹੋਣ ਕਰਕੇ ਵਡੇਰੀ ਨਸਲ ਦਾ ਕੁੱਤਾ ਨਹੀਂ ਪਾਲ ਸਕਦੀ। ਇਹ ਸਿੱਧੀ ਮੇਰੇ ਕੋਲ ਆ ਗਈ। ਮੈਂ ਇਸਦੀ ਰੱਸੀ ਫੜ ਲਈ; ਇਹ ਮੈਨੂੰ ਖਿੱਚ ਕੇ ਸਵੀਟਾਂ ਵਾਲੇ ਕਾਊਂਟਰ ਕੋਲ ਲੈ ਗਈ ਅਤੇ ਚੂਕਣਾ ਸ਼ੁਰੂ ਕਰ ਦਿੱਤਾ। ਇਕ ਟਾਫ਼ੀ ਚੁੱਕ ਕੇ ਮੈਂ ਇਸਨੂੰ ਦਿੱਤੀ। ਪਾਪਾ, ਅੱਜ ਇਸਨੇ ਸਿਲਾ ਦੀ ਇਜਾਜ਼ਤ ਲੈਣ ਦੀ ਲੋੜ ਨਾ ਸਮਝੀ। ਮੈਨੂੰ ਇਉਂ ਲੱਗਾ ਜਿਵੇਂ ਹਰ ਮਿਲਣੀ ਉੱਤੇ ਇਹ ਪਹਿਲਾਂ ਨਾਲੋਂ ਮੇਰੇ ਵੱਧ ਨੇੜੇ ਹੁੰਦੀ ਆਈ ਹੈ।"

"ਤੂੰ ਨਹੀਂ ਬੁਲਾਇਆ ਇਸਨੂੰ ?"

"ਨਹੀਂ ਮਾਮਾ, ਬਿਲਕੁਲ ਨਹੀਂ; ਅਤੇ ਇਹ ਗੱਲ ਓਨੀ ਹੀ ਸੱਚੀ ਹੈ ਜਿੰਨੀ ਇਹ


WWW.SIKHBOOKCLUB.COM

ਕਿ ਤੁਸੀਂ ਮੇਰੀ ਮਾਂ ਹੋ। ਹਾਂ, ਇਕ ਕਸੂਰ ਮੈਂ ਕੀਤਾ ਹੈ; ਉਹ ਇਹ ਕਿ ਮੈਂ ਇਸ ਤੋਂ ਦੂਰ ਨਹੀਂ ਦੌੜਿਆ, ਕਿਉਂਕਿ ਮੈਨੂੰ ਪਿਆਰ ਕਰਨ ਵਾਲੀ, ਮੇਰੀ ਮਾਂ, ਮੇਰੇ ਤੋਂ ਦੂਰ ਨਹੀਂ ਦੌੜੀ," ਕਹਿੰਦਾ ਕਹਿੰਦਾ ਤੇਜਿੰਦਰ ਮੁੜ ਆਪਣੀ ਮਾਤਾ ਦਾ ਗੋਡਾ ਫੜ ਕੇ ਉਨ੍ਹਾਂ ਦੇ ਪੈਰਾਂ ਵਿਚ ਬੈਠ ਗਿਆ ਅਤੇ ਉਸ ਦੀ ਗੋਸੇ ਜ਼ਾਰਾ ਵੀ ਮੁੜ ਪਹਿਲਾਂ ਵਾਂਗ ਹੀ ਬੈਠ ਗਈ। ਉਨ੍ਹਾਂ ਨੇ ਪਹਿਲੀ ਵੇਰ ਜ਼ਾਰਾ ਵੱਲ ਵੇਖਿਆ। ਉਨ੍ਹਾਂ ਦਾ ਧਿਆਨ ਪਾ ਕੇ ਜ਼ਾਰਾ ਥੋੜਾ ਜਿਹਾ ਚੁਕੀ। ਉਹ ਮੁੜ ਸਾਵਧਾਨ ਹੋ ਗਏ ਅਤੇ ਧਿਆਨ ਲਾਂਭੇ ਕਰ ਲਿਆ। ਉਨ੍ਹਾਂ ਦੇ ਸੁਭਾਅ ਵਿਚਲੀ ਜ਼ਿਦ ਉਨ੍ਹਾਂ ਦੇ ਹਿਰਦੇ ਵਿਚਲੀ ਕੋਮਲਤਾ ਕੋਲੋਂ ਲੁਕਣ ਦਾ ਜਤਨ ਕਰ ਰਹੀ ਸੀ। ਤੇਜਿੰਦਰ ਕਹਿ ਰਿਹਾ ਸੀ, "ਸਿਲਾ ਨੇ ਸ਼ਾਪਿੰਗ ਕਰ ਲਈ। ਮੈਂ ਵੇਖਿਆ ਕਿ ਉਸ ਕੋਲ ਸਾਮਾਨ ਨਾਲ ਭਰੇ ਹੋਏ ਦੋ ਵੱਡੇ ਵੱਡੇ ਥੈਲੇ ਸਨ। ਸਾਮਾਨ ਦੇ ਨਾਲ ਨਾਲ ਜ਼ਾਰਾ ਦੀ ਸੰਭਾਲ ਉਸ ਲਈ ਮੁਸ਼ਕਲ ਸੀ। ਮੈਂ ਉਸਨੂੰ ਕਾਰ ਤਕ ਛੱਡਣ ਚਲਾ ਗਿਆ।"

ਮਾਤਾ ਨੇ ਇਕ ਪੜਚੋਲਵੀਂ ਨਜ਼ਰ ਪੁੱਤਰ ਉੱਤੇ ਪਾਈ। ਉਹ ਜ਼ਾਰਾ ਵੱਲ ਵੇਖਦਾ ਹੋਇਆ ਕਹਿ ਰਿਹਾ ਸੀ :

"ਇਸਦੀ ਰੱਸੀ ਮੇਰੇ ਹੱਥ ਵਿਚ ਸੀ। ਸਿਲਾ ਆਪਣਾ ਸਾਮਾਨ ਕਾਰ ਵਿਚ ਰੱਖ ਰਹੀ ਸੀ। ਇਸਨੂੰ ਕਾਰ ਵਿਚ ਵੜਨ ਦੀ ਕੋਈ ਕਾਹਲ ਨਹੀਂ ਸੀ। ਜਦੋਂ ਸਿਲਾ ਨੇ ਸਾਰਾ ਸਾਮਾਨ ਆਪਣੀ ਕਾਰ ਦੇ ਬੂਟ ਵਿਚ ਰੱਖ ਲਿਆ ਤਾਂ ਮੈਂ ਪੁੱਛਿਆ, "ਬਿਰਧ ਮਾਤਾ ਨੇ ਕੀ ਆਖਿਆ ਹੈ ?"

"ਉਹ ਇਸਨੂੰ ਨਹੀਂ ਖ਼ਰੀਦ ਸਕਦੀ। ਉਹ ਕੋਈ ਛੋਟਾ ਕੁੱਤਾ ਚਾਹੁੰਦੀ ਹੈ, ਚਿਵਾਵਾ ਜਾਂ ਕੋਰਗੀ। ਉਹ ਬਹੁਤ ਬਿਰਧ ਹੈ, ਇਸਨੂੰ ਸਾਂਭ ਨਹੀਂ ਸਕੇਗੀ। ਤੁਹਾਡੀ ਨਜ਼ਰ ਵਿਚ ਹੈ ਕੋਈ ਗਾਹਕ ?"

ਮੈਂ ਕਿਹਾ, "ਹੈ ਤਾਂ ਨਹੀਂ, ਪਰ ਮੈਂ ਖ਼ਿਆਲ ਰੱਖਾਂਗਾ।"

"ਇਟਸ ਟੂ ਲੇਟ; ਮੇਰੀ ਕਨਫ਼ਾਈਨਮੈਂਟ ਡੇਟ ਆ ਰਹੀ ਹੈ। ਪਰਸੋਂ ਮੈਂ ਹਸਪਤਾਲ ਚਲੀ ਜਾਵਾਂਗੀ। ਜੈਕ ਨੂੰ ਛੁੱਟੀ ਲੈਣੀ ਪਵੇਗੀ। ਖ਼ੈਰ, ਕੋਈ ਨਾ ਕੋਈ.....।"

ਅਸੀਂ ਗੱਲਾਂ ਕਰ ਰਹੇ ਸਾਂ ਅਤੇ ਜ਼ਾਰਾ ਇਉਂ ਵਾਰੀ ਵਾਰੀ ਸਾਡੇ ਮੂੰਹਾਂ ਵੱਲ ਵੇਖ ਰਹੀ ਸੀ, ਜਿਵੇਂ ਸਾਡੀ ਗੱਲ ਬਾਤ ਨੂੰ ਪੂਰੀ ਤਰ੍ਹਾਂ ਸਮਝ ਰਹੀ ਹੋਵੇ।

ਮੈਂ ਆਪਣੀ ਦੁਕਾਨ ਵੱਲ ਮੁੜਿਆ। ਅਜੇ ਵੀਹ ਕੁ ਕਦਮ ਹੀ ਆਇਆ ਸਾਂ ਕਿ ਇਹ ਆਪਣੀ ਰੱਸੀ ਛੁਡਾ ਕੇ ਦੌੜੀ ਅਤੇ ਮੇਰੇ ਕੋਲ ਆ ਗਈ। ਮੇਰੇ ਸਾਹਮਣੇ ਖਲੋ ਕੇ ਮੇਰੇ ਮੂੰਹ ਵੱਲ ਵੇਖਣ ਲੱਗ ਪਈ। ਇਹ ਇਕ ਟੱਕ ਮੇਰੇ ਵੱਲ ਵੇਖੀ ਜਾ ਰਹੀ ਸੀ। ਹੌਲੀ ਹੌਲੀ ਮੈਨੂੰ ਇਸ ਦੀਆਂ ਅੱਖਾਂ ਵਿਚ ਉਹੋ ਜਿਹਾ ਕੁਝ ਦਿੱਸਣ ਲੱਗ ਪਿਆ, ਜਿਹੜਾ, ਤੁਸੀਂ ਦੱਸਦੇ ਹੋ ਕਿ ਪ੍ਰਿਟੀ ਦੀਆਂ ਅੱਖਾਂ ਵਿਚ ਤੁਹਾਨੂੰ ਦਿਸਿਆ ਸੀ। ਮੈਂ ਇਸਦੇ ਸਿਰ ਉੱਤੇ ਪਿਆਰ ਦੇਣ ਲਈ ਝੁਕਣ ਹੀ ਵਾਲਾ ਸਾਂ ਕਿ ਮੇਰੇ ਇਰਾਦੇ ਨੂੰ ਜਾਣ ਕੇ ਇਸਨੇ ਪੋਲੀ ਜਿਹੀ ਛਾਲ ਮਾਰੀ, ਆਪਣੇ ਅਗਲੇ ਪੰਜੇ ਮੇਰੀ ਛਾਤੀ ਉੱਤੇ ਰੱਖ ਦਿੱਤੇ ਅਤੇ ਕਿਸੇ ਅਧਿਕਾਰ ਨਾਲ ਮੇਰੇ ਕੋਲੋਂ ਸਾਥ ਦੀ ਮੰਗ ਕਰਨ ਲੱਗੀ।

ਸਿਲਾ ਇਹ ਸਭ ਵੇਖ ਰਹੀ ਸੀ। ਉਸ ਨੇ ਮੇਰੇ ਕੋਲ ਆ ਕੇ ਆਖਿਆ, "ਜ਼ਾਰਾ

ਨੇ ਆਪਣਾ ਮਾਲਕ ਲੱਭ ਲਿਆ ਹੈ। ਜੇ ਇਸਦਾ ਫ਼ੈਸਲਾ ਤੁਹਾਨੂੰ ਮਨਜ਼ੂਰ ਹੋਵੇ ਤਾਂ ਮੈਂ ਨਿਸਚਿੰਤ ਹੋ ਜਾਵਾਂਗੀ। ਤੁਹਾਡੇ ਕੋਲ ਰਹਿ ਕੇ ਇਹ ਤਾਂ ਖ਼ੁਸ਼ ਹੋਵੇਗੀ ਹੀ, ਇਸਦੇ ਨਾਲ ਨਾਲ ਮੈਨੂੰ ਵੀ ਭਰੋਸਾ ਹੋਵੇਗਾ ਕਿ ਇਹ ਆਪਣੀ ਪਸੰਦ...।" ਇਸ ਤੋਂ ਅੱਗੇ ਉਹ ਬੋਲ ਨਾ ਸਕੀ।

ਪੁੱਤਰ ਕੋਲੋਂ ਸਾਰੀ ਗੱਲ ਸੁਣ ਕੇ ਮਾਂ ਨੇ ਕੁਝ ਇਸ ਤਰ੍ਹਾਂ ਉਸ ਵੱਲ ਵੇਖਿਆ ਜਿਵੇਂ ਕਹਿ ਰਹੇ ਹੋਣ, 'ਹੁਣ ਖ਼ਤਮ ਕਰ ਇਹ ਲੰਮੀ ਕਹਾਣੀ,' ਅਤੇ ਉੱਠ ਕੇ ਕਿਚਨ ਵਿਚ ਚਲੇ ਗਏ। ਤੇਜਿੰਦਰ ਨੇ ਅਤਿਅੰਤ ਨਿਰਾਸ਼ਾ ਨਾਲ ਮੇਰੇ ਵੱਲ ਵੇਖਿਆ; ਉਸ ਤੋਂ ਵੀ ਵੱਧ ਨਿਰਾਸ਼ ਮੈਂ ਸਾਂ। ਅਸੀਂ ਸਾਰੇ ਡ੍ਰਾਇੰਗ ਰੂਮ ਵਿਚ ਆ ਗਏ। ਸਾਡੇ ਪਿੱਛੇ ਪਿੱਛੇ ਜ਼ਾਰਾ ਵੀ। ਉਸਦੇ ਗਲ ਵਿਚ ਪਈ ਰੱਸੀ ਫੜ ਕੇ ਤੇਜਿੰਦਰ ਨੇ ਆਖਿਆ, "ਚੱਲ ਜ਼ਾਰਾ, ਤੈਨੂੰ ਸਿਲਾ ਕੋਲ ਛੱਡ ਆਵਾਂ।" ਰੱਸੀ ਫੜੀ ਉਹ ਦਰਵਾਜ਼ੇ ਵੱਲ ਤੁਰ ਪਿਆ। ਜ਼ਾਰਾ ਨੇ ਉਸਦੇ ਪਿੱਛੇ ਜਾਣੋਂ ਇਨਕਾਰ ਕਰ ਦਿੱਤਾ। ਉਹ ਬਾਹਰ ਨੂੰ ਖਿੱਚ ਰਿਹਾ ਸੀ ਅਤੇ ਜ਼ਾਰਾ ਦਰਵਾਜ਼ੇ ਦੇ ਅੰਦਰਵਾਰ ਅੜੀ ਖਲੋਤੀ ਸੀ। ਇਸ-ਖਿੱਚਾ ਖਿੱਚੀ ਵਿਚ ਪਤਾ ਨਹੀਂ ਕਿਸ ਵੇਲੇ ਤੇਜਿੰਦਰ ਆਪੇ ਤੋਂ ਬਾਹਰ ਹੋ ਗਿਆ ਅਤੇ ਜ਼ਾਰਾ ਦੇ ਗਲੋਂ ਰੱਸੀ ਲਾਹ ਕੇ ਉਸਨੂੰ ਉਸੇ ਰੱਸੀ ਨਾਲ ਮਾਰਨ ਲੱਗ ਪਿਆ। ਜ਼ਾਰਾ ਉਸਦੇ ਸਾਹਮਣੇ ਪਿੱਠ-ਭਾਰ ਪਈ ਮਾਰ ਖਾਂਦੀ ਅਤੇ ਚਚਲਾਉਂਦੀ ਰਹੀ। ਤੇਜਿੰਦਰ ਦੇ ਮਾਤਾ ਜੀ ਰਸੋਈ ਵਿਚ ਖਲੋਤੇ ਇਹ ਤਮਾਸ਼ਾ ਵੇਖ ਰਹੇ ਸਨ। ਮੈਂ ਤੇਜਿੰਦਰ ਨੂੰ ਇਸ ਨਿਰਦੈਤਾ ਤੋਂ ਮਨ੍ਹਾ ਕਰਨ ਦਾ ਜਤਨ ਕਰ ਰਿਹਾ ਸਾਂ ਕਿ ਜੈਕ ਦੀ ਕਾਰ ਸਾਡੇ ਘਰ ਸਾਹਮਣੇ ਰੁਕੀ। ਪਤੀ ਦੀ ਕਾਰ ਵਿਚੋਂ ਨਿਕਲ ਕੇ ਸਿਲਾ ਛੇਤੀ ਛੇਤੀ ਘਰ ਦੇ ਦਰਵਾਜ਼ੇ ਸਾਹਮਣੇ ਆ ਕੇ ਕਹਿਣ ਲੱਗੀ, "ਤੇਜ, ਇਹ ਕੀ ਮੂਰਖਤਾ ਹੈ ? ਸਟਾਪ ਇਟ। ਮੈਂ ਤਾਂ ਆਈ ਸਾਂ ਕਿ ਤੁਹਾਨੂੰ ਇਸਦਾ ਬਰਥ ਸਰਟੀਫ਼ਿਕੇਟ ਅਤੇ ਫੈਮਿਲੀ ਹਿਸਟਰੀ ਦੇ ਕਾਗ਼ਜ਼ ਦੇ ਜਾਵਾਂ; ਮੈਨੂੰ ਨਹੀਂ ਸੀ ਪਤਾ ਕਿ ਇਹ ਸਭ ਵੇਖਣ ਨੂੰ ਮਿਲੇਗਾ। ਮੈਂ ਮਜਬੂਰ ਹਾਂ, ਮਰੀ ਨਹੀਂ। ਅਹਿ ਲਉ ਆਪਣੇ ਪੈਸੇ ਅਤੇ ਜ਼ਾਰਾ ਮੇਰੇ ਹਵਾਲੇ ਕਰੋ।"

ਤੇਜਿੰਦਰ ਨੇ ਪੈਸੇ ਲਏ ਬਿਨਾਂ ਜ਼ਾਰਾ ਦੀ ਰੱਸੀ ਉਸਨੂੰ ਫੜਾ ਦਿੱਤੀ। ਜਦੋਂ ਉਹ ਰੱਸੀ ਜ਼ਾਰਾ ਦੇ ਗਲ ਪਾਉਣ ਲੱਗੀ ਤਾਂ ਜ਼ਾਰਾ ਛਾਲ ਮਾਰ ਕੇ ਉੱਠੀ; ਦੌੜ ਕੇ ਰਸੋਈ ਵਿਚ ਗਈ ਅਤੇ ਤੇਜਿੰਦਰ ਦੇ ਮਾਤਾ ਜੀ ਦੇ ਪਿੱਛੇ ਇਉਂ ਜਾ ਬੈਠੀ ਜਿਵੇਂ ਕਿਸੇ ਖ਼ਤਰੇ ਤੋਂ ਦੌੜ ਕੇ ਬੱਚਾ ਆਪਣੀ ਮਾਂ ਕੋਲ ਆ ਜਾਂਦਾ ਹੈ। ਉਨ੍ਹਾਂ ਨੇ ਮੁੜ ਕੇ ਜ਼ਾਰਾ ਵੱਲ ਮੂੰਹ ਕੀਤਾ, ਜ਼ਾਰਾ ਨੇ ਉਨ੍ਹਾਂ ਵੱਲ ਵੇਖਿਆ; ਉਨ੍ਹਾਂ ਨੇ ਜ਼ਾਰਾ ਵੱਲ ਵੇਖਿਆ ਅਤੇ ਆਖਿਆ, "ਹਾਂ ਜ਼ਾਰਾ, ਮੈਨੂੰ ਤੇਰਾ ਫ਼ੈਸਲਾ ਮਨਜ਼ੂਰ ਹੈ।"

ਸਿਲਾ ਨੇ ਉਸਦੇ ਸਿਰ ਨੂੰ ਆਪਣੇ ਹੱਥਾਂ ਵਿਚ ਲੈ ਕੇ ਭਿੱਜੀਆਂ ਅੱਖਾਂ ਨਾਲ ਉਸਦੇ ਪ੍ਰਸੰਨ ਮੁਖ ਵੱਲ ਵੇਖਦਿਆਂ ਆਖਿਆ, "ਜ਼ਾਰਾ ਤੇਰਾ ਫ਼ੈਸਲਾ ਮੈਨੂੰ ਵੀ ਮਨਜ਼ੂਰ ਹੈ; ਬੱਸ ਏਨਾ ਹੀ ਸਾਥ ਸੀ ਸਾਡਾ।"

# ਬਿੱਲ ਉਦਾਸ ਹੋ ਗਿਆ

ਉਸਦਾ ਪੂਰਾ ਨਾਂ ਵਿਲੀਅਮ ਫ਼ਿਸ਼ਰ ਹੈ। ਉਸਦੇ ਜਾਣੂ ਉਸਨੂੰ ਬਿੱਲ ਕਹਿ ਕੇ ਬੁਲਾਉਂਦੇ ਹਨ। ਜਿਸ ਤਰ੍ਹਾਂ ਅਸੀਂ ਕੁਲਵਿੰਦਰ ਦਾ 'ਕਿੰਦਾ' ਅਤੇ ਜਸਵੰਤ ਦਾ 'ਜੱਸੂ' ਬਣਾ ਲੈਂਦੇ ਹਾਂ, ਉਸੇ ਤਰ੍ਹਾਂ ਵਲੈਤ ਦੇ ਲੋਕ ਰਾਬਰਟ ਤੋਂ 'ਬਾਬ' ਅਤੇ ਵਿਲੀਅਮ ਤੋਂ 'ਬਿੱਲ' ਬਣਾ ਲੈਂਦੇ ਹਨ। ਅੱਜ ਕੱਲ ਬਿੱਲ ਬਾਰਬੀਕਨ* ਵਿਚ ਕੌਂਸਲ ਦੇ ਫ਼ਲੈਟ ਵਿਚ ਰਹਿੰਦਾ ਹੈ। ਜਦੋਂ ਦੀ ਮੈਂ ਗੱਲ ਕਰਦਾ ਹਾਂ, ਉਦੋਂ ਉਹ ਮੇਰਾ ਗੁਆਂਢੀ ਸੀ। ਸੜਕੋਂ ਪਾਰ ਸਾਡੇ ਘਰ ਦੇ ਸਾਹਮਣੇ ਉਸਦਾ ਘਰ ਸੀ। ਪੰਜਤਾਲੀ-ਛਿਆਲੀ ਵਰ੍ਹਿਆਂ ਦਾ ਭਰਪੂਰ ਆਦਮੀ, ਬਿੱਲ, ਆਪਣੀ ਬਿਰਧ ਮਾਤਾ ਦਾ ਬਹੁਤ ਧਿਆਨ ਰੱਖਦਾ ਸੀ। ਕੋਈ ਪੰਦਰਾਂ ਸਾਲ ਪਹਿਲਾਂ ਜਦੋਂ ਉਸਦਾ ਪਿਤਾ ਕੈਂਸਰ ਦਾ ਰੋਗੀ ਹੋ ਗਿਆ ਸੀ, ਬਿੱਲ ਨੇ ਉਸਦੀ ਵੀ ਬਹੁਤ ਸੇਵਾ ਕੀਤੀ ਸੀ। ਇਹ ਪਤਾ ਲੱਗ ਜਾਣ ਉੱਤੇ ਕਿ ਰੋਗ ਲਾ-ਇਲਾਜ ਹੈ, ਉਹ ਆਪਣੇ ਪਿਤਾ ਨੂੰ ਘਰ ਲੈ ਆਇਆ ਸੀ। ਦੋਵੇਂ ਮਾਂ-ਪੁੱਤ ਉਸਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ; ਆਪਣੇ ਗ਼ਮ ਨੂੰ ਆਪਣੇ ਅੰਦਰੇ ਅੰਦਰ ਲੁਕਾ ਕੇ ਆਪਣੇ ਮੂੰਹਾਂ ਉੱਤੇ ਮੁਸਕਰਾਹਟਾਂ ਸਜਾਈ ਰੱਖਦੇ ਸਨ। ਜੇਮਜ਼ ਫ਼ਿਸ਼ਰ ਨੇ ਆਪਣੇ ਪੁੱਤਰ ਦੀ ਨਿੱਘੀ ਗੋਦ ਵਿਚ ਸਿਰ ਰੱਖੀ, ਆਪਣੀ ਪਤਨੀ ਦੀਆਂ ਸਿੱਲ੍ਹੀਆਂ ਨੀਲੀਆਂ ਅੱਖਾਂ ਵੱਲ ਵੇਖਦਿਆਂ ਹੋਇਆਂ ਅੰਤਲਾ ਸਾਹ ਲਿਆ ਸੀ। ਪੁੱਤਰ ਦੀਆਂ ਅੱਖਾਂ ਵਿਚੋਂ ਨਿਕਲੇ ਹੋਏ ਹੰਝੂ ਪਿਤਾ ਦੇ ਚੌੜੇ ਮੱਥੇ ਉੱਤੇ ਆ ਡਿੱਗੇ ਸਨ ਅਤੇ ਪਤਨੀ ਦਾ ਮੁਰਝਾਇਆ ਮੂੰਹ ਆਪਣੇ ਹੱਥਾਂ ਵਿਚ ਫੜੇ ਹੋਏ ਪਤੀ ਦੇ ਅਹਿੱਲ ਹੱਥ ਉੱਤੇ ਜਾ ਟਿਕਿਆ ਸੀ।

ਉਦੋਂ ਬਿੱਲ ਨਾਲ ਮੇਰੀ ਮਾਮੂਲੀ ਜਾਣ-ਪਛਾਣ ਸੀ; ਤਾਂ ਵੀ ਮਹਾਂਨਗਰ ਵਿਚ ਵੱਸਣ ਵਾਲੇ ਪੜੋਸੀਆਂ ਨਾਲੋਂ ਕੁਝ ਜ਼ਿਆਦਾ ਸੀ। ਇਕ ਤਾਂ ਉਹ ਰਾਹ ਜਾਂਦਿਆਂ ਨਾਲ ਦੋਸਤੀਆਂ ਲਾਉਣ ਦਾ ਸ਼ੌਕੀਨ ਸੀ, ਦੂਜੇ ਹਮ-ਪੇਸ਼ਾ ਹੋਣ ਕਰਕੇ ਅਸੀਂ ਕੰਮ ਉੱਤੇ ਆਉਂਦੇ ਜਾਂਦੇ ਹਰ ਦੂਜੇ ਚੌਥੇ, ਗੱਡੀਆਂ ਬੱਸਾਂ ਵਿਚ ਮਿਲਦੇ ਰਹਿੰਦੇ ਸਾਂ। ਅਚਾਨਕ ਇਹ ਜਾਣ-ਪਛਾਣ ਮਿੱਤਰਤਾ ਵਿਚ ਬਦਲ ਗਈ।

ਮੈਂ ਇਕ ਐਮਪਲਾਇਮੈਂਟ ਏਜੰਸੀ ਕੋਲ ਕੰਮ ਕਰਦਾ ਸਾਂ। ਇਕ ਵੇਰ ਏਜੰਸੀ ਨੇ ਮੈਨੂੰ ਵਾਲਟਰ ਲਾਰੰਸ ਨਾਂ ਦੀ ਫ਼ਰਮ ਨਾਲ ਕੰਮ ਕਰਨ ਲਈ ਬਾਰਥੋਲੋਮਿਊਜ਼ ਹਾਸਪੀਟਲ, ਸੈਂਟ੍ਰਲ ਲੰਡਨ ਭੇਜਿਆ। ਇਸ ਫ਼ਰਮ ਕੋਲ ਹਾਸਪੀਟਲ (ਇਮਾਰਤ ਅਤੇ ਫ਼ਰਨੀਚਰ) ਦੀ ਮੁਰੰਮਤ ਅਤੇ ਦੇਖ-ਭਾਲ ਦਾ ਪੱਕਾ ਠੇਕਾ ਸੀ। ਮੈਂ ਫ਼ਰਮ ਦੀ ਵਰਕਸ਼ਾਪ ਵਿਚ ਜਾ ਕੇ

*ਸੈਂਟ੍ਰਲ ਲੰਡਨ ਵਿਚ ਇਕ ਮੁਹੱਲਾ।



WWW.SIKHBOOKCLUB.COM 

ਫ਼ੋਰਮੈਨ ਦੇ ਦਫ਼ਤਰ ਦਾ ਦਰਵਾਜ਼ਾ ਖੜਕਾਇਆ।

"ਕਮ ਇਨ।"

ਆਵਾਜ਼ ਜਾਣੀ-ਪਛਾਣੀ ਲੱਗੀ। ਮੈਂ ਅੰਦਰ ਗਿਆ; ਵੇਖਿਆ, ਬਿੱਲ ਕੁਰਸੀ ਉੱਤੇ ਬੈਠਾ ਸੀ। ਮੈਨੂੰ ਵੇਖ ਕੇ ਖ਼ੁਸ਼ ਹੋ ਬੋਲਿਆ:

"ਹੈਲੋ ਸਿੰਘ, ਮੈਨੂੰ ਨਹੀਂ ਸੀ ਪਤਾ ਕਿ ਤੂੰ ਆ ਰਿਹਾ ਹੈਂ। ਪਟੇਲ ਦੋ ਤਿੰਨ ਮਹੀਨੇ ਲਈ ਇੰਡੀਆ ਗਿਆ ਹੈ। ਉਸਦੀ ਥਾਂ ਉੱਤੇ ਇਕ ਆਦਮੀ ਚਾਹੀਦਾ ਸੀ। ਵੈਲਕਮ।"

ਮੈਂ ਸਾਢੇ ਤਿੰਨ ਮਹੀਨੇ ਉਥੇ ਰਿਹਾ। ਇਹੋ ਜਿਹੀਆਂ ਥਾਵਾਂ ਉੱਤੇ ਕੰਮ ਬਹੁਤ ਘੱਟ ਹੁੰਦਾ ਹੈ; ਕਾਮੇ ਆਮ ਕਰਕੇ ਆਪਣੇ ਘਰ ਲਈ ਸਾਮਾਨ ਬਣਾਉਂਦੇ ਰਹਿੰਦੇ ਹਨ, ਫਿਰ ਬਿੱਲ ਦੇ ਰਾਜ ਵਿਚ!! ਉਨ੍ਹਾਂ ਸਾਢੇ ਤਿੰਨ ਮਹੀਨਿਆਂ ਵਿਚ ਮੈਨੂੰ ਬਿੱਲ ਦੀ ਮਾਨਸਿਕ ਸੁੰਦਰਤਾ ਨੂੰ ਵੇਖਣ ਦਾ ਪੂਰਾ ਪੂਰਾ ਮੌਕਾ ਮਿਲਿਆ। ਵਰਕਸ਼ਾਪ ਅੰਦਰੋਂ ਵਰਕਸ਼ਾਪ ਘੱਟ ਅਤੇ ਗਰੀਨ ਹਾਊਸ ਵੱਧ ਲੱਗਦੀ ਸੀ। ਇਹ ਚਾਰ ਗੁਜਰਾਤੀ ਮਿਸਤ੍ਰੀਆਂ ਦਾ ਕਮਾਲ ਸੀ। ਉਨ੍ਹਾਂ ਨੇ ਵਰਕਸ਼ਾਪ ਵਿਚਲੀ ਸਾਰੀ ਖ਼ਾਲੀ ਥਾਂ ਨੂੰ ਅਤੇ ਚਾਰ-ਚੁਫੇਰੇ ਦੀਆਂ ਖਿੜਕੀਆਂ ਨੂੰ ਆਪੋ ਵਿਚ ਵੰਡ ਕੇ ਟਮਾਟਰ, ਮੂਲੀਆਂ, ਪਾਲਕ, ਪੂਤਨਾ, ਧਨੀਆਂ ਅਤੇ ਵੱਖ ਵੱਖ ਪ੍ਰਕਾਰ ਦੀਆਂ ਫਲੀਆਂ ਉਗਾਉਣ ਲਈ ਵਰਤਿਆ ਹੋਇਆ ਸੀ। ਖਿੜਕੀਆਂ ਦੇ ਬਾਹਰਵਾਰ ਸਿਲਾਂ ਉੱਤੇ ਰੱਖੇ ਗਮਲਿਆਂ ਵਿਚ ਕਈ ਪ੍ਰਕਾਰ ਦੇ ਫੁੱਲ ਲੱਗੇ ਹੋਏ ਸਨ। ਇਨ੍ਹਾਂ ਦੀ ਦੇਖ-ਭਾਲ ਬਿੱਲ ਆਪ ਕਰਦਾ ਸੀ। ਵਰਕਸ਼ਾਪ ਵਿਚ ਕੁਝ ਵੀ ਏਧਰ ਓਧਰ ਖਿੱਲਰਿਆ ਹੋਇਆ ਨਹੀਂ ਸੀ; ਸਭ ਕੁਝ ਸਾਂਭ-ਸੂਤ ਕੇ ਥਾਂ ਸਿਰ। ਇਸ ਵਰਕਸ਼ਾਪ ਦਾ ਪ੍ਰਭਾਵ ਹਸਪਤਾਲ ਦੇ ਦਫ਼ਤਰ ਦੇ ਪ੍ਰਭਾਵ ਨਾਲੋਂ ਜੇ ਵੱਖਰਾ ਸੀ ਤਾਂ ਸਿਰਫ਼ ਇਸ ਪੱਖੋਂ ਕਿ ਦਫ਼ਤਰ ਵਿਚ ਕੰਮ ਕਰਨ ਵਾਲਿਆਂ ਵਿਚ ਇਸਤ੍ਰੀਆਂ ਦੀ ਗਿਣਤੀ ਜ਼ਿਆਦਾ ਸੀ ਅਤੇ ਏਥੇ ਸਾਰੇ ਮਰਦ ਕਾਮੇ ਸਨ; ਉਥੇ ਫ਼ਾਈਲਾਂ ਸਨ ਅਤੇ ਏਥੇ ਲੱਕੜਾਂ ਅਤੇ ਮਸ਼ੀਨਾਂ।

ਅੰਬਾ ਪ੍ਰਸਾਦ ਪਟੇਲ ਨੇ ਮੈਨੂੰ ਦੱਸਿਆ ਕਿ "ਉਨ੍ਹਾਂ ਨੂੰ ਸਬਜ਼ੀਆਂ ਉਗਾਉਣ ਦੀ ਸਲਾਹ ਬਿੱਲ ਨੇ ਦਿੱਤੀ ਸੀ। ਉਹ ਆਪਣੇ ਲਈ ਸਿਰਫ਼ ਸਪਰਿੰਗ ਓਨੀਅਨਜ਼ (Spring Onions) ਬੀਜਦਾ ਸੀ। ਪਿਛਲੇ ਸਤਾਈ ਸਾਲਾਂ ਤੋਂ ਹਸਪਤਾਲ ਦੀ ਮੁਰੰਮਤ ਦਾ ਠੇਕਾ ਵਾਲਟਰ ਲਾਰੈਂਸ ਕੋਲ ਸੀ; ਪਿਛਲੇ ਸਤਾਰਾਂ ਸਾਲਾਂ ਤੋਂ ਬਿੱਲ ਏਥੇ ਕੰਮ ਕਰ ਰਿਹਾ ਸੀ; ਪਿਛਲੇ ਪੰਦਰਾਂ ਸਾਲਾਂ ਤੋਂ ਉਹ ਇਥੇ ਇਨਚਾਰਜ ਸੀ ਅਤੇ ਪਿਛਲੇ ਤੇਰ੍ਹਾਂ ਸਾਲਾਂ ਤੋਂ ਚਾਰੇ ਗੁਜਰਾਤੀ ਮਿਸਤ੍ਰੀ ਅਤੇ ਦੋ ਆਇਰਿਸ਼ ਮਜ਼ਦੂਰ ਏਥੇ ਕੰਮ ਕਰ ਰਹੇ ਸਨ। ਉਹ ਸਾਰੇ ਇਕ ਪਰਿਵਾਰ ਵਾਂਗ ਰਹਿੰਦੇ ਸਨ; ਕਿਸੇ ਨੂੰ ਕਿਸੇ ਦੂਜੇ ਕੋਲੋਂ ਕਦੇ ਕੋਈ ਸ਼ਿਕਾਇਤ, ਅੱਵਲ ਤਾਂ ਹੋਈ ਨਹੀਂ, ਜੇ ਹੋਈ ਸੀ ਤਾਂ ਬਿੱਲ ਨੇ ਹਰ ਵੇਰ ਵਧੀਕੀ ਕਰਨ ਵਾਲੇ ਵੱਲੋਂ ਆਪ ਮੁਆਫ਼ੀ ਮੰਗ ਕੇ ਦੁਖਿਤ ਹਿਰਦੇ ਦਾ ਦਿਲ ਬਹਿਲਾਇਆ ਅਤੇ ਗਿਲਾ ਮਿਟਾਇਆ ਸੀ।"

ਆਪਣੇ ਵਿਹਲੇ ਵਕਤ ਵਿਚ ਬਿੱਲ ਦਫ਼ਤਰ ਵਿਚ ਬੈਠਾ ਪੜ੍ਹਦਾ ਰਹਿੰਦਾ ਸੀ। ਆਮ ਕਰਕੇ ਬਰਟ੍ਰੰਡ ਰਸਲ ਦੀ ਕਿਤਾਬ ਅਤੇ ਕਦੇ ਕਦੇ ਕੋਈ ਹੋਰ; ਪਰ ਅਖ਼ਬਾਰ ਕਦੇ ਨਹੀਂ। ਰਸਲ ਦਾ ਉਹ ਭਗਤ ਸੀ। ਮੇਰੇ ਪੁੱਛਣ ਉੱਤੇ ਉਸ ਨੇ ਦੱਸਿਆ ਕਿ "ਮੇਰੇ ਪਿਤਾ

ਜੀ ਰਸਲ ਨਾਲ ਮਿਲ ਕੇ ਕੰਮ ਕਰਦੇ ਰਹੇ ਸਨ। ਜਦੋਂ ਰਸਲ ਨੂੰ ਕਾਨਸ਼ਿਐਨਸ਼ਸ ਆਬਜੈਕਟਰ (Conscientious Objector—ਨੈਤਿਕ ਉਜ਼ਰਦਾਰ) ਦੇ ਤੌਰ ਉੱਤੇ ਕੈਦ ਕੀਤਾ ਗਿਆ ਸੀ, ਉਦੋਂ ਮੇਰੇ ਪਿਤਾ ਜੀ ਵੀ ਉਸਦੇ ਨਾਲ ਜੇਲ੍ਹ ਗਏ ਸਨ। ਜੇਲ੍ਹੋਂ ਬਾਹਰ ਆ ਕੇ ਰਸਲ ਉਨ੍ਹਾਂ ਸਾਰੇ ਲੋਕਾਂ ਦੇ ਘਰ ਸ਼ੁਕਰੀਆ ਅਦਾ ਕਰਨ ਗਿਆ ਸੀ ਜਿਨ੍ਹਾਂ ਨੇ ਜੰਗ ਦੇ ਖ਼ਿਲਾਫ਼ ਆਪਣੀ ਜ਼ਮੀਰ ਦੀ ਆਵਾਜ਼ ਨੂੰ ਸੁਣਿਆ ਅਤੇ ਮੰਨਿਆ ਸੀ। ਅਸੀਂ ਉਸ ਵੇਲੇ ਹੈਕਨੀ ਰਹਿੰਦੇ ਸਾਂ। ਉਹ ਮੇਰੇ ਪਿਤਾ ਨੂੰ ਮਿਲਣ ਸਾਡੇ ਘਰ ਵੀ ਆਇਆ ਸੀ।"

ਬਿੱਲ ਹਰ ਰੋਜ਼ ਸਵਾ ਚਾਰ ਕੁ ਵਜੇ ਵਰਕਸ਼ਾਪੋਂ ਚਲੇ ਜਾਂਦਾ ਸੀ। ਵਰਕਸ਼ਾਪ ਨੂੰ ਸਵੇਰੇ ਖੋਲ੍ਹਣ ਅਤੇ ਸ਼ਾਮ ਨੂੰ ਸਾਢੇ ਪੰਜ ਵਜੇ ਬੰਦ ਕਰਨ ਦਾ ਕੰਮ ਅੰਬਾ ਪ੍ਰਸਾਦ ਕਰਦਾ ਸੀ। ਇਸ ਬਾਰੇ ਮੈਂ ਪੁੱਛਿਆ ਤਾਂ ਅੰਬਾ ਪ੍ਰਸਾਦ ਨੇ ਦੱਸਿਆ:

"ਉਹ ਪਿਛਲੇ ਛੇ ਸਾਲਾਂ ਤੋਂ ਇਉਂ ਕਰ ਰਿਹਾ ਹੈ। ਹਸਪਤਾਲ ਦੇ ਦਫ਼ਤਰ ਵਿਚ ਜੇਨ ਨਾਂ ਦੀ ਇਕ ਔਰਤ ਕੰਮ ਕਰਦੀ ਹੈ। ਉਹ ਅਪਾਹਜ ਹੈ। ਉਸ ਦੀਆਂ ਲੱਤਾਂ ਕੰਮ ਨਹੀਂ ਕਰਦੀਆਂ। ਵੀਲ ਚੇਅਰ ਵਿਚ ਬੈਠ ਕੇ ਦਫ਼ਤਰ ਆਉਂਦੀ ਜਾਂਦੀ ਹੈ। ਹਸਪਤਾਲ ਦੇ ਲਾਗੇ ਹੀ, ਏਥੇ, ਬਾਰਬੀਕਨ ਵਿਚ ਉਸਨੂੰ ਫ਼ਲੈਟ ਮਿਲਿਆ ਹੋਇਆ ਹੈ। ਚਾਲੀ ਬਤਾਲੀ ਸਾਲਾਂ ਦੀ ਹੋਵੇਗੀ। ਪੋਲੀਓ ਨਾਲ ਲੱਤਾਂ ਮਾਰੀਆਂ ਗਈਆਂ ਹਨ। ਪਹਿਲਾਂ ਜੇਨ ਦੀ ਮਾਤਾ ਉਸਨੂੰ ਸਵੇਰੇ ਦਫ਼ਤਰ ਛੱਡ ਜਾਂਦੀ ਸੀ ਅਤੇ ਸ਼ਾਮ ਨੂੰ ਘਰ ਲੈ ਜਾਂਦੀ ਸੀ। ਇਕ ਦਿਨ ਬਿੱਲ ਨੇ ਉਸਨੂੰ ਵੇਖ ਕੇ ਪਛਾਣ ਲਿਆ ਅਤੇ ਆਖਿਆ, 'ਖਿਮਾ ਕਰਨਾ, ਕੀ ਤੁਸੀਂ ਸ੍ਰੀਮਤੀ ਵਿਲਸਨ ਹੋ?'

" 'ਹਾਂ।'

" 'ਤੁਸਾਂ ਮੈਨੂੰ ਪਛਾਤਾ ਨਹੀਂ। ਮੈਂ ਬਿੱਲ ਫ਼ਿਸ਼ਰ ਹਾਂ; ਜੇਮਜ਼ ਫ਼ਿਸ਼ਰ ਦਾ ਪੁੱਤਰ। ਅਸੀਂ ਹੈਕਨੀ ਰਹਿੰਦੇ ਸਾਂ; ਨਾਲ ਵਾਲੀ ਸੜਕ ਉੱਤੇ ਤੁਹਾਡਾ ਘਰ ਸੀ। ਠੀਕ ਹੈ ਨਾ?'

" 'ਹਾਂ, ਹਾਂ; ਆ ਗਿਆ ਚੇਤਾ। ਜਿਮ ਦਾ ਕੀ ਹਾਲ ਹੈ?'

" 'ਉਹ ਤਾਂ.....'

" 'ਹੈਂ! ਪੂਰਾ ਹੋ ਗਿਆ? ਬਹੁਤ ਦੁਖ ਦੀ ਗੱਲ ਹੈ।'

" 'ਮੈਂ ਜੇਨ ਨੂੰ ਪਛਾਨਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਪਰ ਇਹ ਮੰਨਣ ਵਿਚ ਨਹੀਂ ਸੀ ਆਉਂਦਾ ਕਿ ਇਹ ਉਹੋ ਜੇਨ ਹੋ ਸਕਦੀ ਹੈ ਜਿਹੜੀ ਦੌੜਨ ਵਿਚ ਸਭ ਨੂੰ ਪਿੱਛੇ ਛੱਡ ਜਾਂਦੀ ਸੀ।'

"ਗੱਲਾਂ ਗੱਲਾਂ ਵਿਚ, ਵੀਲ ਚੇਅਰ ਧੱਕੀ ਜਾਂਦਾ ਉਹ ਜੇਨ ਦੇ ਘਰ ਪੁੱਜ ਗਿਆ। ਉਸ ਦਿਨ ਤੋਂ ਪਿੱਛੋਂ ਅੱਜ ਤਕ ਉਹ ਰੋਜ਼ ਸਵੇਰੇ ਪਹਿਲਾਂ ਉਸਦੇ ਘਰ ਜਾਂਦਾ ਹੈ; ਉਸਨੂੰ ਨੌਂ ਵਜੇ ਦਫ਼ਤਰ ਪੁਚਾ ਕੇ ਵਰਕਸ਼ਾਪ ਆਉਂਦਾ ਹੈ ਅਤੇ ਸ਼ਾਮ ਨੂੰ ਉਸਨੂੰ ਉਸਦੇ ਘਰ ਛੱਡ ਕੇ ਘਰ ਜਾਂਦਾ ਹੈ। ਕਹਿੰਦਾ ਹੈ: 'ਸ੍ਰੀਮਤੀ ਵਿਲਸਨ ਮੇਰੀ ਮਾਤਾ ਵਰਗੀ ਹੈ। ਅਸੀਂ ਗੁਆਂਢੀ ਰਹੇ ਹਾਂ। ਉਸਦੀ ਮਦਦ ਕਰਨਾ ਮੇਰਾ ਫ਼ਰਜ਼ ਹੈ। ਇਸ ਉਮਰ ਵਿਚ ਆਪਣੀ ਧੀ ਦੀ ਵੀਲ ਚੇਅਰ ਧੱਕਦੀ ਉਹ ਚੰਗੀ ਨਹੀਂ ਲੱਗਦੀ।' "



WWW.SIKHBOOKCLUB.COM 

"ਅੰਬਾ ਜੀ, ਕਿੰਨਾ ਸੁਹਣਾ ਆਦਮੀ ਹੈ ਇਹ।"

"ਕਿੰਨਾ ਸੋਹਣਾ ? ਪਿਛਲੇ ਸਾਲ ਜਦੋਂ ਇਸਦੀ ਮਾਤਾ ਦਿਲ ਦੇ ਦੌਰੇ ਨਾਲ ਮਰ ਗਈ ਸੀ ਤਾਂ ਇਸਨੇ ਦੋ ਹਫ਼ਤੇ ਦੀ ਛੁੱਟੀ ਲਈ ਸੀ। ਉਨ੍ਹਾਂ ਸੋਗ ਦੇ ਦਿਨਾਂ ਵਿਚ ਵੀ ਆਪਣੀ ਇਹ ਡਿਊਟੀ ਨਿਭਾਉਂਦਾ ਰਿਹਾ ਸੀ, ਬਿਲਾਨਾਗਾ।"

ਕਿੰਨੀ ਕੋਮਲਤਾ, ਕਿੰਨੀ ਸੁਹਿਰਦਤਾ, ਕਿੰਨੀ ਸੁੰਦਰਤਾ ਦੇ ਨੇੜ ਵਿਚ ਵੱਸਦਾ ਰਿਹਾ ਹਾਂ, ਮੈਂ ! ਕਿੰਨਾ ਅਭਿੱਜ ਅਤੇ ਅਣਜਾਣ ਰਿਹਾ ਹਾਂ ਮੈਂ ਇਸ ਸਭ ਕਾਸੇ ਤੋਂ। ਆਪਣੀ ਦ੍ਰਿਸ਼ਟੀ ਦੇ ਦੋਸ਼ ਅਤੇ ਸੂਝ ਦੇ ਪੇਤਲੇਪਣ ਉੱਤੇ ਮੈਨੂੰ ਬਹੁਤ ਸ਼ਰਮ ਆਈ। ਹੁਣ ਬਿੱਲ ਮੇਰੇ ਲਈ ਵੱਖਰੀ ਪ੍ਰਕਾਰ ਦਾ ਮਨੁੱਖ ਬਣ ਗਿਆ ਸੀ।

ਉਨ੍ਹਾਂ ਦਿਨਾਂ ਵਿਚ ਹੀ ਮੈਨੂੰ ਮੇਰੀ ਭਣੇਵੀਂ, ਪਰਮਿੰਦਰ ਦੀ ਚਿੱਠੀ ਮਿਲੀ; ਲਿਖਿਆ ਸੀ :

ਦਿੱਲੀ

ਪਿਆਰੇ ਮਾਮਾ ਜੀ,

ਸਤਿ ਸ੍ਰੀ ਅਕਾਲ ! ਅਸੀਂ ਰਾਜ਼ੀ ਖ਼ੁਸ਼ੀ ਹਾਂ; ਆਸ ਹੈ ਤੁਸੀਂ ਵੀ ਰਾਜ਼ੀ ਖ਼ੁਸ਼ੀ ਹੋਵੋਗੇ। ਤੁਹਾਨੂੰ ਇਕ ਕੰਮ ਸੌਂਪਣ ਲੱਗੀ ਹਾਂ। ਮੈਨੂੰ ਭਰੋਸਾ ਹੈ ਤੁਸੀਂ ਜ਼ਰੂਰ ਕਰੋਗੇ। ਆਖ਼ਰ ਮਾਮੂੰ ਕਿਸ ਕੇ ਹੋ।

ਮੇਰੀ ਇਕ ਸਹੇਲੀ ਹੈ ਕੁਸੁਮ। 'ਇਹ ਸਿਰਫ਼ ਨਾਂ ਦੀ ਹੀ ਕੁਸੁਮ ਨਹੀਂ', ਇਸ ਸੱਚ ਨੂੰ ਤੁਸੀਂ, ਉਸਨੂੰ ਵੇਖਦਿਆਂ ਸਾਰ, ਪਰਵਾਨਣ ਲਈ ਮਜਬੂਰ ਹੋ ਜਾਉਗੇ। ਤਾਂ ਵੀ ਉਸ ਨਾਲ ਕੋਈ ਸ਼ਰਤ-ਵਰਤ ਨਾ ਲਗਾ ਬੈਠਣਾ। ਤੁਹਾਨੂੰ ਆਦਤ ਹੈ ਨਾ, ਇਸ ਲਈ ਚੇਤਾਵਨੀ ਦੇ ਰਹੀ ਹਾਂ। ਉਹ ਦਿੱਲੀ ਯੂਨੀਵਰਸਿਟੀ ਦੀ ਨੰਬਰ ਵਨ ਐਥਲੀਟ ਰਹਿ ਚੁੱਕੀ ਹੈ। ਮੇਰੀ ਸਹੇਲੀ ਹੈ, ਇਸ ਲਈ ਸੁਘੜ, ਸੁਸ਼ੀਲ ਤਾਂ ਹੋਵੇਗੀ ਹੀ। ਪਰ ਮੇਰੇ ਨਾਲੋਂ ਵੱਧ ਖ਼ੁਸ਼ਕਿਸਮਤ ਹੈ ਕਿ ਉਸਨੂੰ ਆਪਣੇ ਜੀਵਨ ਦੇ ਬਹੁਤ ਸਾਰੇ ਦਿਨ ਤੁਹਾਡੇ ਨੇੜ ਵਿਚ ਗੁਜ਼ਾਰਨ ਦਾ ਸੁ-ਅਵਸਰ ਮਿਲ ਰਿਹਾ ਹੈ।

ਕੁਸੁਮ ਦੇ ਪਿਤਾ ਦਾ ਇਕ ਦੋਸਤ, ਤੁਹਾਡੇ ਲਾਗੇ ਹੀ, ਈਸਟ ਹੈਮ ਵਿਚ ਰਹਿੰਦਾ ਹੈ। ਇਹ ਦੋਵੇਂ ਮਿੱਤਰ ਦੋ ਲਾਗਲੇ ਪਿੰਡਾਂ ਦੇ ਵਸਨੀਕ ਸਨ ਅਤੇ ਦਸਵੀਂ ਜਮਾਤ ਤਕ ਹਮ-ਜਮਾਤੀ ਰਹੇ ਹਨ। ਉਹ ਮਿੱਤਰ ਭਾਰਤ ਆਇਆ ਸੀ ਅਤੇ ਦੋਹਾਂ ਮਿੱਤਰਾਂ ਨੇ ਸਲਾਹ ਕਰ ਕੇ ਕੁਸੁਮ ਦਾ ਵਿਆਹ ਵਲੈਤ ਵੱਸਦੇ ਮਿੱਤਰ ਦੇ ਮੁੰਡੇ ਨਾਲ ਕਰਨ ਦਾ ਫ਼ੈਸਲਾ ਕਰ ਲਿਆ ਸੀ। ਸਾਰਾ ਕੰਮ ਹੋ ਚੁੱਕਾ ਹੈ। ਕੁਸੁਮ ਨੂੰ ਐਂਟਰੀ ਵੀ ਮਿਲ ਗਈ ਹੈ। ਇਕ ਅੜਚਣ ਹੈ। ਉਹ ਇਹ ਕਿ ਕੁਸੁਮ ਦਾ ਕੋਈ ਵੀ ਸੰਬੰਧੀ ਵਲੈਤ ਵਿਚ ਨਹੀਂ ਵੱਸਦਾ। ਕੁਸੁਮ ਦੇ ਪਿਤਾ ਜੀ ਇਹ ਨਹੀਂ ਚਾਹੁੰਦੇ ਕਿ ਵਿਆਹ ਤੋਂ ਪਹਿਲਾਂ ਹੀ ਉਹ ਸਹੁਰੇ ਘਰ ਜਾ ਕੇ ਰਹੇ। ਇਸ ਲਈ ਮੈਂ ਚਾਹੁੰਦੀ ਹਾਂ ਕਿ ਤੁਸੀਂ ਕੁਸੁਮ ਨੂੰ ਏਅਰਪੋਰਟ ਤੋਂ ਆਪਣੇ ਕੋਲ ਲੈ ਜਾਉ ਅਤੇ ਵਿਆਹ ਹੋਣ ਤਕ ਆਪਣੇ ਕੋਲ ਰੱਖੋ। ਕੁਸੁਮ ਦਾ ਕੰਨਿਆਦਾਨ ਤੁਸੀਂ ਕਰੋ ਅਤੇ ਡੋਲੀ ਤੁਹਾਡੇ ਘਰੋਂ, ਨਹੀਂ ਨਹੀਂ, ਮੇਰੇ ਮਾਮਾ ਜੀ ਦੇ ਘਰੋਂ ਵਿਦਾ ਹੋਵੇ। ਬੋਲੋ ਮਨਜ਼ੂਰ ?

.....ਹੁੱਰ.....ਰੇ.....। ਮੈਨੂੰ ਪਤਾ ਸੀ ਤੁਸੀਂ ਇਨਕਾਰ ਨਹੀਂ ਕਰ ਸਕਦੇ। ਆਖ਼ਿਰ ਮਾਮੂੰ ਕਿਸ ਕੇ ਹੋ!

ਤੁਹਾਡੀ ਬੇਟੀ
ਪਰਮਿੰਦਰ

ਮੇਰੇ ਵੱਲੋਂ ਪੂਰਾ ਭਰੋਸਾ ਪ੍ਰਾਪਤ ਕਰਕੇ ਕੁਸੁਮ ਦੇ ਮਾਪਿਆਂ ਨੇ ਉਸਨੂੰ ਮੇਰੇ ਕੋਲ ਭੇਜ ਦਿੱਤਾ। ਉਸਦੀ ਸੱਸ ਅਤੇ ਸਹੁਰਾ ਵੀ, ਉਸਨੂੰ ਲੈਣ ਏਅਰਪੋਰਟ ਗਏ। ਸਾਡੇ ਵਿਚੋਂ ਮੁੰਡੇ ਦਾ ਪਿਤਾ ਹੀ ਕੁਸੁਮ ਨੂੰ ਪਛਾਣ ਸਕਦਾ ਸੀ। ਇਸ ਲਈ ਜਦੋਂ ਵੀ ਕੋਈ ਮੁਟਿਆਰ ਕਸਟਮ ਦੇ ਗੇਟੋਂ ਬਾਹਰ ਆਉਂਦੀ ਸੀ, ਸਾਡੀਆਂ ਅੱਖਾਂ ਮੁੰਡੇ ਦੇ ਪਿਤਾ ਦੇ ਮੂੰਹ ਉੱਤੇ ਗੱਡੀਆਂ ਜਾਂਦੀਆਂ ਸਨ। ਇਕ ਸਰੂ-ਕੱਦ ਸੁੰਦਰ ਕੁੜੀ ਵੱਲ ਵੇਖ ਕੇ ਮੁੰਡੇ ਦੇ ਪਿਤਾ ਦੇ ਮੂੰਹ ਉੱਤੇ ਖਿੱਲਰੀ ਮੁਸਕਰਾਹਟ ਨੇ ਜਿਵੇਂ ਉੱਚੀ ਪੁਕਾਰ ਕੇ ਆਖਿਆ, "ਔਹ ਆ ਗਈ ਕੁਸੁਮ।" ਅਸੀਂ ਸਾਰੇ ਉਸ ਵੱਲ ਵਧੇ। ਉਸਨੇ ਆਪਣੇ ਸਹੁਰੇ ਦੇ ਪੈਰੀਂ ਹੱਥ ਲਾਇਆ, ਫਿਰ ਆਪਣੀ ਸੱਸ ਦੇ। ਮੈਂ ਅੱਗੇ ਹੋ ਕੇ ਆਖਿਆ, "ਬੇਟਾ ਜੀ, ਮੈਂ ਪਰਮਿੰਦਰ ਦਾ ਮਾਮਾ ਹਾਂ ਅਤੇ ਇਹ.....।" ਉਸਨੇ ਮੇਰੀ ਗੱਲ ਅਧਵਾਟਿਉਂ ਫੜ ਕੇ ਆਖਿਆ, "ਇਹ ਮਾਮੀ ਜੀ। ਮੈਂ ਤੁਹਾਡੀਆਂ ਤਸਵੀਰਾਂ ਵੇਖੀਆਂ ਹੋਈਆਂ ਹਨ, ਮਾਮਾ ਜੀ। ਮੇਰਾ ਖ਼ਿਆਲ ਹੈ ਮੈਂ ਤੁਹਾਨੂੰ ਓਨਾ ਹੀ ਜਾਣਦੀ ਹਾਂ, ਜਿੰਨਾ ਪਰਮਿੰਦਰ।"

ਕੁਸੁਮ ਨੂੰ ਵੇਖਣ ਤੋਂ ਬਾਅਦ ਉਸਦੇ ਮੂੰਹੋਂ ਠਰੰਮੇ ਨਾਲ ਬੋਲੇ ਹੋਏ ਇਹ ਵਾਕ ਸੁਣ ਕੇ ਮੈਨੂੰ ਪਰਮਿੰਦਰ ਦੇ ਲਿਖੇ ਉੱਤੇ ਪੂਰਾ ਯਕੀਨ ਹੋ ਗਿਆ। ਏਅਰਪੋਰਟ ਤੋਂ ਈਸਟ ਹੈਮ ਨੂੰ ਆਉਂਦਿਆਂ ਹੋਇਆਂ ਮੇਰੇ ਘਰ ਵਾਲੀ ਨੇ ਕੁਸੁਮ ਦੇ ਮਾਤਾ ਪਿਤਾ ਅਤੇ ਆਪਣੀ ਨਣਾਨ ਦੇ ਪਰਿਵਾਰ ਦੀ ਰਾਜ਼ੀ ਖ਼ੁਸ਼ੀ ਪੁੱਛੀ। ਉਨ੍ਹਾਂ ਦੀਆਂ ਗੱਲਾਂ ਸਮਾਪਤ ਹੋ ਜਾਣ ਪਿੱਛੋਂ ਮੈਂ ਉਸਨੂੰ ਉਸਦੀ ਵਿਦਿਆ ਸੰਬੰਧੀ ਪੁੱਛਿਆ ਅਤੇ ਛੇਤੀ ਹੀ ਗੱਲ ਉਸਦੇ ਐਥਲੀਟ ਹੋਣ ਬਾਰੇ ਚੱਲ ਪਈ। ਉਸਦਾ ਚਿਹਰਾ ਖਿੜ ਉੱਠਿਆ। ਪੂਰੇ ਭਰੋਸੇ ਨਾਲ ਉਸਨੇ ਆਖਿਆ, "ਮਾਮਾ ਜੀ, ਇਸ ਸਾਲ ਤਾਂ ਜ਼ਰਾ ਲੇਟ ਆਈ ਹਾਂ ਮੈਂ। ਲੰਡਨ ਮੈਰਾਥਨ ਹੋ ਚੁੱਕੀ ਹੈ। ਅਗਲੇ ਸਾਲ ਦੀ ਮੈਰਾਥਨ ਵਿਚ ਫਸਟ ਆ ਕੇ ਮੈਂ ਇੰਡੀਆ ਅਤੇ ਈਸਟ ਹੈਮ ਦੋਹਾਂ ਦਾ ਨਾਂ ਉੱਚਾ ਕਰ ਦਿਆਂਗੀ।"

"ਬੇਟਾ ਜੀ, ਤੁਹਾਨੂੰ ਜਿੱਤਣ ਦਾ ਪੂਰਾ ਭਰੋਸਾ ਕਿਵੇਂ ਹੋ ਗਿਆ ?"

"ਮਾਮਾ ਜੀ, ਮੈਂ ਐਥਲੀਟ ਹਾਂ; ਪ੍ਰੈਕਟਿਸ ਕਰਦੀ ਹਾਂ; ਜਾਣਦੀ ਹਾਂ ਕਿ ਜਿਹੜੀ ਕੁੜੀ ਇਸ ਵੇਰ ਜਿੱਤੀ ਹੈ ਉਸ ਨਾਲੋਂ ਮੇਰਾ ਟਾਈਮ ਸਾਢੇ ਸੱਤ ਸੈਕਿੰਡ ਘੱਟ ਹੈ। ਮੇਰਾ ਰਿਸ਼ਤਾ ਪੱਕਾ ਹੋ ਜਾਣ ਮਗਰੋਂ ਮੰਮੀ-ਪਾਪਾ ਨੂੰ ਵਿਆਹ ਦੀ ਫ਼ਿਕਰ ਸੀ ਪਰ ਮੈਨੂੰ ਮੈਰਾਥਨ ਜਿੱਤਣ ਦਾ ਚਾਅ ਸੀ। ਅਗਲੇ ਸਾਲ ਵੇਖਿਓ। .....ਮੈਂ ਪੂਰੇ ਛੱਬੀ ਮੀਲ ਬਿਨਾਂ ਥੱਕਿਆਂ ਦੌੜ ਸਕਦੀ ਹਾਂ।"

ਕੁਸੁਮ ਦੇ ਸੱਸ ਸਹੁਰਾ ਆਪਣੀ ਵੱਖਰੀ ਕਾਰ ਵਿਚ ਸਨ। ਈਸਟ ਹੈਮ ਪੁੱਜ ਕੇ ਉਨ੍ਹਾਂ ਨਾਲ ਅਗਲਾ ਪ੍ਰੋਗਰਾਮ ਮਿੱਥ ਮਿਥਾਅ ਕੇ ਅਸੀਂ ਆਪਣੇ ਘਰ ਆ ਗਏ ਅਤੇ ਉਹ ਆਪਣੇ ਘਰ ਚਲੇ ਗਏ।

ਜਦੋਂ ਅਸੀਂ ਘਰ ਪੁੱਜੇ, ਦਿਨ ਦੀ ਰੋਸ਼ਨੀ ਅਜੇ ਹੈ ਸੀ, ਉਂਞ ਸ਼ਾਮ ਦੇ ਸਾਢੇ ਨੌਂ ਵੱਜ ਚੁੱਕੇ ਸਨ। ਡਰਾਇੰਗ ਰੂਮ ਦੀ ਕੰਧ ਉੱਤੇ ਲੱਗੀ ਵੱਡੀ ਸਾਰੀ ਘੜੀ ਨੂੰ ਸਾਢੇ ਨੌਂ ਵਜਾਉਂਦੀ ਵੇਖ ਕੇ ਕੁਸੁਮ ਨੇ ਪੁੱਛਿਆ, "ਮਾਮਾ ਜੀ, ਇਹ ਟਾਈਮ ਠੀਕ ਹੈ ?"

"ਹਾਂ, ਬੇਟਾ ਜੀ, 'ਸ਼ਾਮ ਦੇ' ਜਾਂ ਭਾਰਤ ਅਨੁਸਾਰ 'ਰਾਤ ਦੇ' ਸਾਢੇ ਨੌਂ ਵੱਜ ਚੁੱਕੇ ਹਨ।"

"ਅਰੇ ਹਾਂ, ਭੂ-ਮੱਧ ਰੇਖਾ ਤੋਂ ਦੂਰ ਹਾਂ ਨਾ ਅਸੀਂ, ਏਥੇ ਦਿਨ ਅਤੇ ਰਾਤ ਦਾ ਫ਼ਰਕ ਵਡੇਰਾ ਹੈ।"

ਬਾਹਰਲੇ ਦਰਵਾਜ਼ੇ ਉੱਤੇ ਦਸਤਕ ਹੋਈ; ਦਰਵਾਜ਼ਾ ਖੁੱਲ੍ਹਣ ਉੱਤੇ ਬਿੱਲ ਅੰਦਰ ਆਇਆ ਅਤੇ ਆਉਂਦਿਆਂ ਹੀ ਮੈਨੂੰ ਪੁੱਛਿਆ, "ਸਿੰਘ, ਤੁਹਾਡੇ ਦੇਸ਼ ਵਿਚ ਵੱਡਾ ਭਰਾ ਆਪਣੀ ਭੈਣ ਨੂੰ ਕਿਸ ਤਰ੍ਹਾਂ 'ਜੀ ਆਇਆਂ' ਆਖਦਾ ਹੈ ?"

"ਭੈਣ ਹੱਥ ਜੋੜ ਕੇ 'ਨਮਸਤੇ' ਜਾਂ 'ਸਤਿ ਸ੍ਰੀ ਅਕਾਲ' ਆਖਦੀ ਹੈ ਅਤੇ ਭਰਾ ਉਸਦੇ ਸਿਰ ਉੱਤੇ ਹੱਥ ਰੱਖ ਕੇ ਉਸਨੂੰ ਪ੍ਰਸੰਨ ਲੰਮੀ ਉਮਰ ਦੇ ਨਾਲ ਨਾਲ ਸਦਾ ਸੁਹਾਗਵਤੀ ਹੋਣ ਦੀ ਅਸੀਸ ਦਿੰਦਾ ਹੈ।"

ਬਿੱਲ ਕੁਸੁਮ ਦੇ ਲਾਗੇ ਚਲੇ ਗਿਆ। ਕੁਸੁਮ ਨੇ ਕੁਰਸੀ ਉੱਤੋਂ ਉੱਠ ਕੇ ਹੱਥ ਜੋੜੇ ਅਤੇ ਸਿਰ ਝੁਕਾਇਆ। ਬਿੱਲ ਨੇ ਉਸਦਾ ਸਿਰ ਆਪਣੇ ਦੋਹਾਂ ਹੱਥਾਂ ਵਿਚ ਲੈਂਦਿਆਂ ਉਸਨੂੰ ਅਸੀਸ ਦਿੱਤੀ ਅਤੇ ਖਿੜਖਿੜਾ ਕੇ ਹੱਸਦਾ ਹੋਇਆ ਆਖਣ ਲੱਗਾ, "ਮੈਂ ਛੇਤੀ ਹੀ ਸਿਖ ਜਾਵਾਂਗਾ; ਹੈ ਨਾ ਸਿੰਘ ?"

ਕੁਸੁਮ ਦੇ ਵਿਆਹ ਦੀ ਖ਼ੁਸ਼ੀ ਸਾਨੂੰ ਸਾਰਿਆਂ ਨੂੰ ਸੀ ਪਰ ਬਿੱਲ ਨੂੰ ਸਭ ਤੋਂ ਜ਼ਿਆਦਾ ਸੀ। ਅਗਲੇ ਦਿਨ ਮੈਨੂੰ ਦਫ਼ਤਰ ਵਿਚ ਬੁਲਾ ਕੇ ਉਸਨੇ ਆਖਿਆ, "ਸਿੰਘ, ਵਿਆਹ ਦੇ ਕੰਮ ਲਈ ਦੋ, ਤਿੰਨ, ਚਾਰ, ਪੰਜ.....ਜਿੰਨੇ ਦਿਨਾਂ ਦੀ ਛੁੱਟੀ ਚਾਹੀਦੀ ਹੋਵੇ, ਨਿਝੱਕ ਕਰ ਲਵੀਂ। ਸਭ ਕੰਮ ਚੱਲਦੇ ਰਹਿਣੇ ਹਨ, ਕੰਮ ਹੈ ਹੀ ਕਿੰਨਾ ? ਕਿਸੇ ਗੱਲ ਦੀ ਫ਼ਿਕਰ ਨਾ ਕਰੀਂ, ਤੇਰੀ ਹਾਜ਼ਰੀ ਲੱਗਦੀ ਰਹੇਗੀ। ਮੇਰੀ ਭੈਣ ਦਾ ਵਿਆਹ ਹੈ; ਬਹੁਤਾ ਨਹੀਂ ਤਾਂ ਏਨਾ ਤਾਂ ਮੈਂ ਕਰ ਹੀ ਸਕਦਾ ਹਾਂ।"

"ਨਹੀਂ ਬਿੱਲ, ਮੈਨੂੰ ਕੁਝ ਨਹੀਂ ਕਰਨਾ ਪੈਣਾ। ਸਾਰਾ ਕੰਮ ਲੜਕੀ ਦੇ ਸਹੁਰਿਆਂ ਨੇ ਆਪੇ ਕਰ ਲੈਣਾ ਹੈ। ਸਾਨੂੰ ਤਾਂ ਮੁਫ਼ਤ ਦੀ ਵਡਿਆਈ ਮਿਲ ਰਹੀ ਹੈ।"

"ਭਾਰਤੀ ਵਿਆਹ ਬਹੁਤ ਰੰਗੀਨ ਹੁੰਦਾ ਹੈ ਨਾ ਸਿੰਘ ? ਬੜਾ ਮਜ਼ਾ ਆਵੇਗਾ। ਮੈਂ ਭਾਰਤੀ ਵਿਆਹ ਨੂੰ ਏਨਾ ਨੇੜੇ ਹੋ ਕੇ, ਆਦਿ ਤੋਂ ਅੰਤ ਤਕ ਕਦੇ ਨਹੀਂ ਵੇਖਿਆ। ਹੁਣ ਵੇਖਾਂਗਾ। ਤੂੰ ਇਸ ਵਿਆਹ ਵਿਚ ਲੜਕੀ ਦਾ ਪਿਤਾ ਹੈਂ, ਮੈਂ ਭਰਾ ਦਾ ਰੋਲ ਕਰਾਂਗਾ। ਤੂੰ ਮੈਨੂੰ ਦੱਸ ਦੇਵੀਂ ਸਭ ਕੁਝ।"

ਮੈਂ ਉਸਨੂੰ ਦੱਸਿਆ ਕਿ "ਅਨੰਦ ਕਾਰਜ ਸਮੇਂ ਭਰਾ ਲਾਵਾਂ ਵਿਚ ਲੜਕੀ ਦੇ ਸਹਾਇਕ ਰਾਹਨੁਮਾ ਹੁੰਦੇ ਹਨ; ਵਿਦਾਇਗੀ ਸਮੇਂ ਭੈਣ ਦੀ ਡੋਲੀ ਮੋਢਿਆਂ ਉੱਤੇ ਚੁੱਕ ਕੇ ਪਿੰਡ ਦੀ ਜੂਹੋਂ ਪਾਰ ਕਰਦੇ ਹਨ।"

"ਏਥੇ ਤਾਂ ਡੋਲੀ ਨਹੀਂ ਹੋਏਗੀ।"

"ਏਥੇ ਅਤੇ ਭਾਰਤ ਦੇ ਬਹੁਤੇ ਵਿਆਹਾਂ ਵਿਚ ਵੀ ਹੁਣ ਡੋਲੀ ਨਹੀਂ ਹੁੰਦੀ। ਕੁੜੀ ਕਾਰ ਵਿਚ ਬੈਠ ਕੇ ਵਿਦਾ ਹੁੰਦੀ ਹੈ। ਭਰਾ ਕਾਰ ਨੂੰ ਧੱਕ ਕੇ ਥੋੜੀ ਦੂਰ ਤਕ ਲਿਜਾਂਦੇ ਹਨ, ਬੱਸ ਹੋ ਗਈ ਰਸਮ।"

"ਵੰਡਰਫ਼ੁੱਲ, ਸਿੰਘ, ਵੰਡਰਫ਼ੁੱਲ। ਵਟ ਐਨ ਇਕਸਪੀਰੀਐਂਸ। ਕਾਰ ਮੈਨੂੰ ਇਕੱਲੇ ਨੂੰ ਧੱਕਣੀ ਪਵੇਗੀ। ਪਰ ਜੇ ਭਰਾ ਛੋਟਾ ਹੋਵੇ, ਤਾਂ?"

"ਵਿਆਹ ਸਮੇਂ ਭਰਾ ਕੇਵਲ ਭਰਾ ਹੁੰਦਾ ਹੈ, ਵੱਡਾ ਜਾਂ ਛੋਟਾ ਨਹੀਂ। ਉਂਞ ਵੀ ਜੀਵਨ ਵਿਚ ਉਹ ਭੈਣ ਲਈ ਉਸਦੇ ਪਿਤਾ ਦਾ ਪ੍ਰਤੀਨਿਧੀ ਹੈ।"

"ਕਿੰਨੀ ਸੁੰਦਰਤਾ ਹੈ ਮਨੁੱਖ ਦੇ ਪਰਵਾਰਕ ਸੰਬੰਧਾਂ ਵਿਚ! ਸਿੰਘ, ਮੇਰਾ ਜੀ ਕਰਦਾ ਹੈ, ਮੈਂ ਵੀ ਵਿਆਹ ਕਰ ਲਵਾਂ। ਮਾਤਾ ਦੇ ਗੁਜ਼ਰ ਜਾਣ ਪਿੱਛੋਂ ਮੈਂ ਬਿਲਕੁਲ ਇਕੱਲਾ ਹੋ ਗਿਆ ਹਾਂ। ਇਕੱਲਾ ਹੀ ਨਹੀਂ, ਸਗੋਂ ਬੇ-ਲੋੜਾ ਵੀ। ਮੈਨੂੰ ਇਉਂ ਲੱਗਣ ਲੱਗ ਪਿਆ ਹੈ, ਜਿਵੇਂ ਮੇਰੀ ਹੋਂਦ ਦੀ ਸਾਰਥਕਤਾ ਸਮਾਪਤ ਹੋ ਗਈ ਹੋਵੇ। ਮੈਂ ਕਿਸੇ ਲਈ ਕੁਝ ਨਹੀਂ ਕਰ ਰਿਹਾ; ਖਾ ਪੀ ਕੇ ਸਮਾਂ ਲੰਘਾ ਰਿਹਾ ਹਾਂ, ਬੱਸ। ਕਿਉਂ ਨਾ ਕੋਈ ਸਾਥੀ ਲੱਭ ਕੇ ਵਿਆਹ ਕਰ ਲਵਾਂ ਮੈਂ ਵੀ।"

ਮੈਂ ਉਸਦੇ ਮੂੰਹ ਵੱਲ ਵੇਖਿਆ; ਉਹ ਸੱਚਮੁੱਚ ਗੰਭੀਰ ਸੀ। ਤਾਂ ਵੀ ਮੈਂ ਆਖਿਆ, "ਬਿੱਲ, ਹੁਣ? ਇਸ ਉਮਰ ਵਿਚ?"

ਉਸੇ ਗੰਭੀਰਤਾ ਵਿਚੋਂ ਉਹ ਬੋਲਿਆ, "ਉਹ ਕਿਹੜੀ ਉਮਰ ਹੈ ਜਿਸ ਵਿਚ ਸਾਥ ਅਤੇ ਸਾਰਥਕਤਾ ਬੇ-ਲੋੜੇ ਹੋ ਜਾਂਦੇ ਹਨ, ਸਿੰਘ?"

ਬਣੇ ਹੋਏ ਪ੍ਰੋਗਰਾਮ ਅਨੁਸਾਰ, ਸ਼ਾਮ ਨੂੰ ਮੁੰਡਾ ਅਤੇ ਉਸਦੇ ਮਾਤਾ ਪਿਤਾ ਸਾਡੇ ਘਰ ਆਏ। ਥੋੜੀ ਬਹੁਤੀ ਜਾਣ-ਪਛਾਣ ਤਾਂ ਪਹਿਲਾਂ ਵੀ ਸੀ ਪਰ ਸਾਡੇ ਘਰ ਆਉਣ ਦਾ ਇਹ ਪਹਿਲਾ ਮੌਕਾ ਸੀ ਉਨ੍ਹਾਂ ਲਈ। ਕੁਸੁਮ ਦਾ ਪੇਕਾ ਘਰ ਬਣ ਗਿਆ ਹੋਣ ਕਰਕੇ ਸਾਡੇ ਘਰ ਦੇ ਜੀਆਂ ਨੇ ਉਨ੍ਹਾਂ ਦੇ ਆਉਣ ਉੱਤੇ ਕੁਝ ਉਚੇਚ ਵੀ ਕੀਤਾ। ਤੇਲ ਚੋਇਆ, ਸਾਰਾ ਟੱਬਰ ਸੁਆਗਤ ਲਈ ਖਲੋਤਾ; ਚਾਹ ਨਾਲ ਸਮੋਸਿਆਂ, ਪਕੌੜਿਆਂ ਅਤੇ ਮਿਠਾਈ ਦਾ ਪ੍ਰਬੰਧ ਕੀਤਾ ਅਤੇ ਆਏ ਗਏ ਲਈ ਸਾਂਭ ਕੇ ਰੱਖਿਆ ਹੋਇਆ ਟੀ-ਸੈੱਟ ਵੀ ਵਰਤਿਆ। ਮੇਰਾ ਜੀ ਕਰਦਾ ਸੀ ਕਿ ਇਸ ਮੌਕੇ ਉੱਤੇ ਬਿੱਲ ਨੂੰ ਵੀ ਬੁਲਾ ਲਿਆ ਜਾਵੇ ਪਰ ਘਰ ਵਾਲੀ ਦੀ ਸਲਾਹ ਇਸਦੇ ਹੱਕ ਵਿਚ ਨਹੀਂ ਸੀ। ਮੁੰਡਾ ਉੱਚਾ ਲੰਮਾ, ਸੁਹਣਾ ਜੁਆਨ ਅਤੇ ਕੁਸੁਮ ਲਈ ਹਰ ਤਰ੍ਹਾਂ ਯੋਗ ਵਰ ਸੀ। ਅਸੀਂ ਸਾਰੇ ਬਹੁਤ ਖ਼ੁਸ਼ ਸਾਂ। ਕੁਸੁਮ ਦੇ ਸੁਭਾਅ ਵਿਚਲਾ ਸਹਿਜ ਜਿਉਂ ਦਾ ਤਿਉਂ ਕਾਇਮ ਸੀ। ਚਾਹ ਪੀਂਦਿਆਂ ਮੁੰਡੇ ਨੇ ਇਕ ਦੋ ਵੇਰ ਕੁਸੁਮ ਵੱਲ ਵੇਖਿਆ ਸੀ ਅਤੇ ਉਸਦੀ ਨਜ਼ਰ ਆਪਣੇ ਵੱਲ ਆਉਂਦੀ ਵੇਖ ਕੇ ਅੱਖਾਂ ਏਧਰ ਓਧਰ ਕਰ ਲਈਆਂ ਸਨ। ਇਸ ਉੱਤੇ ਕੁਸੁਮ ਮਿੰਨ੍ਹਾ ਜਿਹਾ ਮੁਸਕਰਾਈ ਸੀ। ਮੁੰਡੇ ਦੇ ਮਾਤਾ ਪਿਤਾ ਓਨੇ ਹੀ ਖ਼ੁਸ਼ ਵਿਦਾ ਹੋਏ, ਜਿੰਨੇ ਖ਼ੁਸ਼ ਉਹ ਆਏ ਸਨ। ਮੁੰਡੇ ਦੇ ਮੂੰਹ ਉੱਤੇ ਆਉਣ ਸਮੇਂ ਕੁਝ ਘਬਰਾਹਟ ਸੀ ਅਤੇ ਜਾਣ ਸਮੇਂ ਉਦਾਸੀ।

ਤੀਜੇ ਦਿਨ ਸ਼ਾਮ ਨੂੰ ਮੁੰਡੇ ਦੇ ਮਾਤਾ ਪਿਤਾ ਦੁਬਾਰਾ ਸਾਡੇ ਵੱਲ ਆਏ। ਦੋਹਾਂ ਦੇ ਚਿਹਰੇ ਖ਼ੁਸ਼ੀ-ਵਿਹੂਣੇ ਸਨ ਪਰ ਉਦਾਸ ਨਹੀਂ ਸਨ। ਮੇਰੇ ਘਰ ਵਾਲੀ ਨੇ ਹੱਸ ਕੇ ਆਖਿਆ,


WWW.SIKHBOOKCLUB.COM 

"ਆਓ, ਜੀ ਆਇਆਂ ਨੂੰ, ਸਿਰ ਮੱਥੇ; ਪਰ ਵਿਆਹ ਦੀ ਕਾਹਲੀ ਨਾ ਪਾਇਓ। ਅਸਾਂ ਇਸਨੂੰ ਮਹੀਨਾ ਖੰਡ ਕੋਲ ਰੱਖਣਾ ਹੈ।"

ਪਤੀ ਪਤਨੀ ਨੇ ਇਕ ਦੂਜੇ ਵੱਲ ਵੇਖਿਆ ਅਤੇ ਵੇਖ ਕੇ ਇਕ ਦੂਜੇ ਵੱਲੋਂ ਅੱਖਾਂ ਫੇਰ ਲਈਆਂ। ਦੋਵੇਂ ਇਕ ਦੂਜੇ ਨੂੰ ਕਹਿੰਦੇ ਜਾਪੇ: "ਤੂੰ ਗੱਲ ਕਰ।"

"ਮੈਂ ਕਿਉਂ ਕਰਾਂ ? ਤੂੰ ਕਰ।"

ਉਨ੍ਹਾਂ ਦੀ ਖ਼ਾਮੋਸ਼ੀ ਨੂੰ 'ਸੁਣ' ਕੇ ਮੈਂ ਆਖਿਆ, "ਸਰਦਾਰ ਜੀ, ਕੀ ਗੱਲ ਹੈ ?"

ਉਸਨੇ ਕੁਰਸੀ ਤੋਂ ਉੱਠਦਿਆਂ ਹੋਇਆਂ ਆਖਿਆ, "ਜ਼ਰਾ ਬਾਹਰ ਆਓ।"

ਮੈਂ ਉਸਨੂੰ ਘਰ ਦੇ ਪਿਛਵਾੜੇ ਬਗੀਚੇ ਵਿਚ ਲੈ ਗਿਆ। ਕੁਝ ਚਿਰ ਚੁੱਪ ਰਹਿ ਕੇ ਨੀਵੀਂ ਪਾਈ ਉਹ ਬੋਲਿਆ, "ਸਰਦਾਰ ਜੀ, ਗੁੱਸਾ ਨਾ ਕਰਿਓ। ਨਾ ਕੁਝ ਮੇਰੇ ਵੱਸ ਹੈ ਨਾ ਤੁਹਾਡੇ। ਸਾਡਾ ਮੁੰਡਾ ਇਸ ਵਿਆਹ ਲਈ ਰਾਜ਼ੀ ਨਹੀਂ।"

"ਪਰ.....।"

"ਉਹ ਸਭ ਠੀਕ ਹੈ। ਸਭ ਕੁਝ ਉਸਨੂੰ ਪੁੱਛ-ਪੁਛਾ ਕੇ ਕੀਤਾ ਸੀ। ਕੁੜੀ ਦੀ ਫ਼ੋਟੋ ਵੀ ਉਸਨੇ ਵੇਖੀ ਸੀ ਅਤੇ ਪਸੰਦ ਕੀਤੀ ਸੀ। ਪਰ ਹੁਣ ਜਦੋਂ ਦਾ ਕੁੜੀ ਨੂੰ ਵੇਖ ਕੇ ਗਿਆ ਹੈ, ਉਦੋਂ ਦਾ ਸਾਡੇ ਨਾਲ ਲੜੀ ਜਾਂਦਾ ਹੈ। ਕਹਿੰਦਾ ਹੈ, ਤੁਸੀਂ ਮੇਰੇ ਨਾਲ ਧੋਖਾ ਕੀਤਾ ਹੈ।"

"ਕੋਈ ਗੱਲ ਵੀ ਦੱਸੋ, ਕੀ ਧੋਖਾ ਹੋਇਆ ਹੈ ਉਸ ਨਾਲ ?"

"ਸਰਦਾਰ ਜੀ, ਮੈਨੂੰ ਤਾਂ ਪਤਾ ਨਹੀਂ ਪਰ ਉਸਨੇ ਪਰਸੋਂ ਵੇਖ ਲਿਆ ਕਿ ਕੁੜੀ ਦੇ ਖੱਬੇ ਪਾਸੇ ਧੌਣ ਉੱਤੇ ਫੁਲਬਹਿਰੀ ਹੈ।"

"ਫੇਰ ?"

"ਉਹ ਕਹਿੰਦਾ ਹੈ ਮੈਂ ਇਹ ਵਿਆਹ ਨਹੀਂ ਕਰਨਾ।"

"ਤੁਸੀਂ ਕੀ ਕਹਿੰਦੇ ਹੋ ?"

"ਇਕ ਵੇਰ ਪੁੱਛੋ ਜਾਂ ਸੌ ਵੇਰ, ਸਾਡੇ ਵੱਲੋਂ ਨਾਂਹ ਜੇ। ਅਸੀਂ ਮੁੰਡੇ ਦੀ ਮਰਜ਼ੀ ਦੇ ਮਗਰ ਆਂ। ਤੁਹਾਨੂੰ ਪਤਾ ਹੈ ਇਸ ਦੇਸ ਵਿਚ.....।"

ਮੈਂ ਚੁੱਪ ਚਾਪ ਸਿਰ ਝੁਕਾਈ ਅੰਦਰ ਆ ਗਿਆ; ਮੇਰੇ ਪਿੱਛੇ ਪਿੱਛੇ ਉਹ ਵੀ। ਸਾਡੇ ਦੋਹਾਂ ਦੇ ਜਾਣ ਪਿੱਛੋਂ ਕੁਸੁਮ ਨੂੰ ਦੂਜੇ ਬੱਚਿਆਂ ਨਾਲ ਉਪਰ ਵਾਲੇ ਕਮਰੇ ਵਿਚ ਭੇਜ ਕੇ ਮੁੰਡੇ ਦੀ ਮਾਂ ਮੇਰੇ ਘਰ ਵਾਲੀ ਨੂੰ ਵੀ ਇਹੋ ਕੁਝ ਆਖ ਰਹੀ ਸੀ। ਉਸਦੇ ਆਖ਼ਰੀ ਸ਼ਬਦ ਜੋ ਮੈਂ ਸੁਣੇ, ਉਹ ਸਨ, ".....ਵੱਲੋਂ ਨਾਂਹ ਜੇ।" "ਅਸੀਂ ਮੁੰਡੇ ਦੀ ਮਰਜ਼ੀ ਦੇ ਮਗਰ ਆਂ," ਆਪਣੀ ਮੁਹਾਰਨੀ ਦਾ ਇਹ ਅੰਤਲਾ ਹਿੱਸਾ ਬੋਲਣ ਦਾ ਵਕਤ ਉਸਨੂੰ ਨਾ ਮਿਲ ਸਕਿਆ। ਉਹ ਉੱਠੀ ਅਤੇ ਬਿਨਾਂ 'ਸਤਿ ਸ੍ਰੀ ਅਕਾਲ' ਬੁਲਾਇਆਂ ਪਤੀ-ਪਤਨੀ ਘਰੋਂ ਬਾਹਰ ਹੋ ਗਏ।

ਅਗਲੇ ਦਿਨ ਮੈਂ ਅਤੇ ਮੇਰੇ ਘਰ ਵਾਲੀ ਉਨ੍ਹਾਂ ਵੱਲ ਗਏ। ਸਾਡੇ ਘੰਟੀ ਵਜਾਉਣ ਉੱਤੇ ਦੋਵੇਂ (ਪਤੀ ਪਤਨੀ) ਦਰਵਾਜ਼ੇ ਵੱਲ ਆਏ; ਦਰਵਾਜ਼ਾ ਖੋਲ੍ਹਿਆ ਅਤੇ ਪਤਨੀ ਨੇ ਆਖਿਆ, "ਆਓ ਜੀ; ਘਰ ਆਇਆ, ਅੰਮਾ ਜਾਇਆ; ਪਰ ਵਿਆਹ ਦੀ ਗੱਲ ਸਾਡੇ

ਨਾਲ ਨਾ ਕਰਿਓ। ਮੁੰਡਾ ਘਰੇ ਬੈਠਾ, ਵੱਲਾ ਸਵੱਲਾ ਬੋਲੂ। ਅੱਗੇ ਤੁਹਾਡੀ ਆਪਣੀ ਮਰਜ਼ੀ।"

ਅਸੀਂ ਦਰਵਾਜ਼ੇ ਉੱਤੋਂ ਹੀ ਪਰਤ ਆਏ।

ਭਾਰੇ ਦਿਲ ਨਾਲ ਮੈਂ ਕੁਸੁਮ ਦੇ ਮਾਤਾ ਪਿਤਾ ਨਾਲ ਟੈਲੀਫ਼ੂਨ ਉੱਤੇ ਗੱਲ ਕੀਤੀ ਅਤੇ ਭਰੀ ਆਵਾਜ਼ ਵਿਚ ਉਨ੍ਹਾਂ ਆਖਿਆ, "ਬੇਟੀ ਨੂੰ ਵਾਪਸ ਭੇਜ ਦਿਉ। ਸਨਿਚਰਵੰਾਰ ਸਵੇਰੇ ਦਸ ਵਜੇ ਏਅਰ ਇੰਡੀਆ ਰਾਹੀ ਕੁਸੁਮ ਨੇ ਵਾਪਸ ਜਾਣਾ ਸੀ। ਉਸ ਦਾ ਸਾਮਾਨ ਬੰਨ੍ਹ ਕੇ ਤਿਆਰੀ ਕਰ ਲਈ ਗਈ ਸੀ। ਉਪਰ ਵਾਲੇ ਕਮਰੇ ਵਿਚ ਬੈਠੀ ਉਹ ਨਿੱਕੀਆਂ ਮੋਟੀਆਂ ਚੀਜ਼ਾਂ ਸਾਂਭ ਰਹੀ ਸੀ। ਮੈਂ ਡ੍ਰਾਇੰਗ ਰੂਮ ਵਿਚ ਬੈਠਾ ਸਾਂ। ਸ਼ਾਮ ਦਾ ਵੇਲਾ ਸੀ; ਬਿੱਲ ਆਇਆ। ਉਹ ਸਾਧਾਰਣ ਨਾਲੋਂ ਬਹੁਤਾ ਖ਼ੁਸ਼ ਸੀ। ਆਉਂਦਿਆਂ ਹੀ ਬੋਲਿਆ, "ਸਿੰਘ, ਤਿਆਰ ਹੋ ਜਾ; ਤੇਰਾ ਧੜਾਕਾ ਕੱਢਣ ਲੱਗਾ ਹਾਂ ਮੈਂ। ਇਹ ਗੱਲ ਅਜੀਬ ਜਿਹੀ ਨਹੀਂ ਲੱਗਦੀ ਕਿ ਛੋਟੀ ਭੈਣ ਦਾ ਵਿਆਹ ਹੋ ਰਿਹਾ ਹੋਵੇ ਅਤੇ ਵੱਡਾ ਭਰਾ ਕੰਵਾਰਾ ਬੈਠਾ ਹੋਵੇ। ਜਦੋਂ ਮੈਂ ਜੇਨ ਨੂੰ ਕੁਸੁਮ ਦੇ ਵਿਆਹ ਬਾਰੇ ਦੱਸਿਆ ਤਾਂ ਉਸਨੇ ਆਖਿਆ ਕਿ ਭਾਰਤੀ ਵਿਆਹਾਂ ਵਿਚ ਭਰਜਾਈਆਂ ਦਾ ਵੀ ਮਹੱਤਵਪੂਰਨ ਰੋਲ ਹੁੰਦਾ ਹੋਵੇਗਾ। ਇਸ ਲਈ ਅਸਾਂ ਕੁਸੁਮ ਤੋਂ ਪਹਿਲਾਂ ਵਿਆਹ ਕਰਨ ਦਾ ਇਰਾਦਾ ਕਰ ਲਿਆ ਹੈ। ਕੱਲ ਸਨਿਚਰਵਾਰ ਸਵੇਰੇ ਸਾਢੇ ਦਸ ਵਜੇ ਨਿਊ ਹੈਮ ਰਜਿਸਟਰੀ ਆਫ਼ਿਸ ਵਿਚ ਮੇਰਾ ਅਤੇ ਜੇਨ ਦਾ ਵਿਆਹ ਹੋ ਰਿਹਾ ਹੈ। ਜੇਨ ਇਹ ਵੀ ਚਾਹੁੰਦੀ ਹੈ ਕਿ ਅਸੀਂ ਚਾਰੇ ਹਨੀਮੂਨ ਲਈ ਭਾਰਤ ਜਾਈਏ; ਨਾਲੇ ਅਗਲੇ ਸਾਲ ਜਦੋਂ ਕੁਸੁਮ ਮੈਰਾਥਨ ਦੌੜੇਗੀ, ਜੇਨ ਵੀ ਵੀਲ ਚੇਅਰ ਮੈਰਾਥਨ ਵਿਚ ਹਿੱਸਾ ਲੈਣ ਬਾਰੇ ਸੋਚ ਰਹੀ ਹੈ। ਕੱਲ ਰਜਿਸਟਰੀ ਆਫ਼ਿਸ ਜਾਣ ਲਈ ਤਿਆਰ ਰਵ੍ਹੀਂ।"

ਘਰ ਦੇ ਕਿਸੇ ਜੀਅ ਵੱਲੋਂ ਕਿਸੇ ਚਾਅ ਦਾ ਵਿਖਾਲਾ ਨਾ ਪਾਇਆ ਜਾਣ ਕਾਰਣ ਬਿੱਲ ਕੁਝ ਹੈਰਾਨ ਜਿਹਾ ਹੋ ਕੇ ਇਧਰ ਉਧਰ ਵੇਖਣ ਲੱਗ ਪਿਆ। ਉਸਦੀ ਨਜ਼ਰ ਕੁਸੁਮ ਉੱਤੇ ਪਈ। ਉਹ ਪੌੜੀਆਂ ਉਤਰਦੀ ਆਉਂਦੀ ਅਧਵਾਟੇ ਖਲੋ ਕੇ ਬਿੱਲ ਦੀ ਗੱਲ ਸੁਣ ਰਹੀ ਸੀ। ਮੈਂ ਬਿੱਲ ਨੂੰ ਦੱਸਿਆ, "ਬਿੱਲ, ਕੁਸੁਮ ਦੇ ਮੰਗੇਤਰ ਨੇ ਕੁਸੁਮ ਨਾਲ ਵਿਆਹ ਕਰਨੋਂ ਇਨਕਾਰ ਕਰ ਦਿੱਤਾ ਹੈ। ਕੁਸੁਮ ਕੱਲ ਦਸ ਵਜੇ ਦੀ ਫ਼ਲਾਈਟ ਉੱਤੇ ਵਾਪਸ ਦਿੱਲੀ ਜਾ ਰਹੀ ਹੈ।"

ਬਿੱਲ ਉਦਾਸ ਹੋ ਗਿਆ। ਉਸਦੇ ਚਾਵਾਂ ਦਾ ਰੇਤਲਾ ਘਰ ਢਹਿ ਗਿਆ। ਦਮ ਤੋੜਦਾ ਹੋਇਆ ਭ੍ਰਾਤਰੀ-ਭਾਵ ਅਤੇ ਦੌੜਨ ਤੋਂ ਪਹਿਲਾਂ ਹੀ ਜੀਵਨ ਦੀ ਮੈਰਾਥਨ ਵਿਚੋਂ ਹਾਰੀ ਹੋਈ ਭੈਣ ਇਕ ਦੂਜੇ ਦੇ ਸਨਮੁਖ ਖੜੇ ਸਨ। ਮੈਨੂੰ ਇਹ ਦੱਸਣ ਦੀ ਲੋੜ ਨਾ ਪਈ ਕਿ ਬਿੱਲ ਨੂੰ ਉਸ ਮੌਕੇ ਉੱਤੇ ਕੀ ਕਰਨਾ ਚਾਹੀਦਾ ਸੀ। ਉਸਨੇ ਆਪਣਾ ਸੱਜਾ ਹੱਥ ਕੁਸੁਮ ਦੇ ਸਿਰ ਉੱਤੇ ਰੱਖਿਆ ਅਤੇ ਖੱਬੇ ਹੱਥ ਨਾਲ ਆਪਣੀਆਂ ਅੱਖਾਂ ਦੇ ਬੂਹੇ ਬੰਦ ਕਰਨ ਦਾ ਜਤਨ ਕੀਤਾ, ਪਰ ਦੋ ਹੰਝੂ ਪਹਿਲਾਂ ਹੀ ਬਾਹਰ ਆ ਚੁੱਕੇ ਸਨ।

# ਸਾਰੇ ਦੇਸ਼ ਦੀ ਸੁੰਦਰਤਾ

ਆਪਣੇ ਦਫ਼ਤਰ ਵਿਚ ਕੰਮ ਕਰਨ ਵਾਲੀ ਇਕੋ ਇਕ ਭਾਰਤੀ ਇਸਤ੍ਰੀ ਹਾਂ ਮੈਂ; ਅਤੇ ਇਸ ਗੱਲ ਦੇ ਕੁਝ ਇਕ ਲਾਭ ਵੀ ਹਨ। ਪਹਿਲਾ ਇਹ ਕਿ ਇਕੱਲੀ ਅਤੇ ਵੱਖਰੀ ਹੋਣ ਕਰਕੇ ਮੈਂ ਦਫ਼ਤਰ ਦੀ ਸਿਆਸਤ ਤੋਂ ਪਰੇ ਹਾਂ ਅਤੇ ਇਹ ਮੰਨਿਆ ਵੀ ਜਾਂਦਾ ਹੈ ਕਿ ਮੈਂ ਪਰੇ ਹਾਂ। ਦੂਜਾ ਇਹ ਕਿ ਵਿਸ਼ੇਸ਼ ਮੌਕਿਆਂ ਉੱਤੇ ਮੈਂ, ਸਾੜ੍ਹੀ ਜਾਂ ਸੂਟ ਪਹਿਨ ਕੇ ਜਾਂਦੀ ਹੋਣ ਕਰਕੇ ਬਾਕੀ ਸਟਾਫ਼ ਮੈਂਬਰਾਂ ਨਾਲੋਂ ਨਿਵੇਕਲੀ ਦਿੱਸਦੀ ਹਾਂ ਅਤੇ ਹਰ ਪਾਰਟੀ ਵਿਚ ਮੈਨੂੰ ਨਿਵੇਕਲੀ ਥਾਵੇਂ ਬਿਠਾਇਆ ਜਾਂਦਾ ਹੈ। ਪਿਛਲੇਰੇ ਸਾਲ ਜਦੋਂ ਵਲੈਤ ਦਾ ਐਗ੍ਰੀਕਲਚਰ ਮਨਿਸਟਰ ਸਾਡੀ ਲਿਬਾਰਟਰੀ ਨੂੰ ਵਿਜ਼ਿਟ ਕਰਨ ਆਇਆ ਸੀ, ਉਦੋਂ ਉਸਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਉਸਦਾ ਸੁਆਗਤ ਕਰਨ ਦਾ ਕੰਮ ਮੈਨੂੰ ਸੌਂਪਿਆ ਗਿਆ ਸੀ ਅਤੇ ਵਧੀਆ ਸਾੜ੍ਹੀ ਪਹਿਨ ਕੇ ਆਉਣ ਦੀ ਸਲਾਹ ਵੀ ਦਿੱਤੀ ਗਈ ਸੀ। ਨਿਰੀ ਸਲਾਹ ਹੀ ਨਹੀਂ, ਸਗੋਂ ਦਫ਼ਤਰ ਦੇ ਮੈਨੇਜਰ ਨੇ ਮੇਰੀਆਂ ਸਾੜ੍ਹੀਆਂ ਮੰਗਵਾ ਕੇ ਵੇਖੀਆਂ ਸਨ ਅਤੇ ਵੇਖਣ ਪਿੱਛੋਂ ਉਨ੍ਹਾਂ ਵਿਚੋਂ ਇਕ ਸਾੜ੍ਹੀ ਉਸ ਮੌਕੇ ਲਈ ਚੁਣੀ ਸੀ।

ਮੈਨੂੰ ਮਿਲਣ ਵਾਲਾ ਉਚੇਚਾ ਧਿਆਨ ਮੇਰੇ ਲਈ ਉਤਸ਼ਾਹ ਦਾ ਸਰੋਤ ਬਣਿਆ ਰਹਿੰਦਾ ਸੀ ਅਤੇ ਮੈਂ ਆਪਣੇ ਕੰਮ ਵਿਚ ਲੋੜ ਨਾਲੋਂ ਵੱਧ ਦਿਲਚਸਪੀ ਲੈਂਦੀ ਸਾਂ। ਮੇਰੇ ਦਫ਼ਤਰ ਵਿਚ ਰੱਖਿਆ ਹੋਇਆ ਤਾਜ ਦਾ ਮਾਡਲ, ਕਮਰੇ ਦੀ ਕੰਧ ਉੱਤੇ ਲਟਕਦੀ ਸੁਰਣ ਮੰਦਿਰ ਅੰਮ੍ਰਿਤਸਰ ਦੀ ਤਸਵੀਰ, ਮੇਜ਼ ਉੱਤੇ ਪਿਆ ਹੋਇਆ ਮਹਾਤਮਾ ਬੁੱਧ ਦਾ ਬਸਟ, ਮੈਂਟਲ ਪੀਸ ਉੱਤੇ ਪਏ ਸੰਗਮਰਮਰ ਦੇ ਦੋ ਨਿੱਕੇ ਨਿੱਕੇ ਹਾਥੀਆਂ ਦੇ ਵਿਚਕਾਰ ਰੱਖੀ ਹੋਈ ਮਹਾਤਮਾ ਗਾਂਧੀ ਦੀ ਨਿੱਕੀ ਜਿਹੀ ਮੂਰਤੀ ਮੇਰੇ ਸੁਆਦਾਂ ਦੀ ਸੂਖਮਤਾ ਅਤੇ ਮੇਰੇ ਵਿਚਾਰਾਂ ਦੀ ਵਿਸ਼ਾਲਤਾ ਦੇ ਪ੍ਰਤੀਕ ਮੰਨੇ ਜਾਂਦੇ ਸਨ। ਸਟਾਫ਼ ਦੇ ਸਾਰੇ ਮੈਂਬਰ ਮੈਨੂੰ ਸੂਝ-ਬੂਝ ਅਤੇ ਵਾਕਫ਼ੀਅਤ ਵਾਲੀ ਭਾਰਤੀ ਮਹਿਲਾ ਮੰਨਦੇ ਸਨ।

ਇਕ ਦਿਨ ਅਚਾਨਕ ਮੈਨੂੰ ਜਾਪਿਆ ਜਿਵੇਂ ਮੇਰਾ ਇਹ ਸਰੂਪ ਮੇਰੇ ਸਹਿਕਾਰੀਆਂ ਦੀ ਨਜ਼ਰ ਵਿਚ ਤਿੜਕਣ ਲੱਗ ਪਿਆ ਹੈ।

ਹੋਇਆ ਇਹ ਕਿ ਸਾਡਾ ਮੈਨੇਜਰ ਅਤੇ ਉਸਦੀ ਪਤਨੀ ਗਰਮੀਆਂ ਦੀਆਂ ਛੁੱਟੀਆਂ ਵਿਚ, ਆਪਣੀ ਲੜਕੀ ਸਮੇਤ, ਛੇ ਹਫ਼ਤਿਆਂ ਲਈ ਦੱਖਣੀ ਭਾਰਤ ਗਏ। ਇਹ ਨਿੱਕਾ ਜਿਹਾ ਵਲੈਤੀ ਪਰਿਵਾਰ ਦੱਖਣੀ ਭਾਰਤ ਦਾ ਲੰਮਾ ਟੂਰ ਲਾ ਕੇ ਆਇਆ। ਕਈ ਪੁਰਾਤਨ ਮੰਦਿਰਾਂ ਦੀਆਂ ਤਸਵੀਰਾਂ ਦੇ ਨਾਲ ਨਾਲ ਉਨ੍ਹਾਂ ਦੇ ਸੰਖੇਪ ਇਤਿਹਾਸਕ ਵਿਵਰਣ ਵੀ ਲਿਖ ਲਿਆਇਆ। ਜਿਸ ਜਿਸ ਮੰਦਿਰ ਨੂੰ ਵੇਖਣ ਉਹ ਗਏ, ਉਥੋਂ ਦੀਆਂ ਉਚੇਚੀਆਂ ਸੁਗਾਤਾਂ ਵੀ ਖ਼ਰੀਦਦੇ ਰਹੇ। ਸਟਾਫ਼ ਦੇ ਹਰ ਮੈਂਬਰ ਲਈ ਕੁਝ ਨਾ ਕੁਝ ਲਿਆਂਦਾ ਉਨ੍ਹਾਂ

ਨੇ; ਮੇਰੇ ਲਈ ਕਾਂਜੀਵਰਮ ਦੀ ਇਕ ਸਾੜ੍ਹੀ। ਇਹ ਸਟਾਫ਼ ਦੇ ਮੈਂਬਰਾਂ ਲਈ ਲਿਆਂਦੇ ਹੋਏ ਤੋਹਫ਼ਿਆਂ ਵਿਚੋਂ ਸਭ ਤੋਂ ਜ਼ਿਆਦਾ ਮਹਿੰਗੀ ਵੀ ਸੀ ਅਤੇ ਸੁਹਣੀ ਵੀ। ਮੈਂ ਉਨ੍ਹਾਂ ਦੀ ਪਸੰਦ ਦੀ ਦਾਦ ਦੇਣ ਲਈ ਵਿਵਸ਼ ਸਾਂ।

ਸਟਾਫ਼ ਲਈ ਲਿਆਂਦੀਆਂ ਹੋਈਆਂ ਸੁਗਾਤਾਂ ਨੂੰ ਦੇਣ ਦਾ ਕੰਮ ਉਚੇਚ ਨਾਲ ਕੀਤਾ ਗਿਆ। ਛੁੱਟੀ ਤੋਂ ਮਗਰੋਂ ਸਟਾਫ਼ ਦੇ ਸਤਾਰਾਂ ਮੈਂਬਰ ਇਕ ਕਮਰੇ ਵਿਚ ਇਕੱਠੇ ਹੋਏ; ਚਾਹ ਪੀਤੀ ਅਤੇ ਦੱਖਣੀ ਭਾਰਤ ਦੇ ਮੰਦਰਾਂ ਦੀਆਂ ਸਲਾਈਡਾਂ ਵੇਖੀਆਂ। ਉਨ੍ਹਾਂ ਸਲਾਈਡਾਂ ਨੂੰ ਵਿਖਾਉਂਦਿਆਂ ਹੋਇਆਂ ਸਾਡਾ ਮੈਨੇਜਰ ਉਨ੍ਹਾਂ ਮੰਦਿਰਾਂ ਬਾਰੇ ਇਕੱਠੀ ਕੀਤੀ ਹੋਈ ਆਪਣੀ ਜਾਣਕਾਰੀ ਨੂੰ ਵੀ ਪੜ੍ਹ ਕੇ ਸੁਣਾਈ ਜਾਂਦਾ ਸੀ। ਉਹ ਜਾਣਕਾਰੀ ਸੰਖੇਪ ਵੀ ਸੀ ਅਤੇ ਟੁੱਟਵੀਂ ਵੀ। ਜਿਥੋਂ ਵੀ ਉਹ ਅਟਕ ਜਾਂਦਾ ਸੀ, ਉਥੋਂ ਇਹ ਕਹਿ ਕੇ ਅੱਗੇ ਤੁਰ ਪੈਂਦਾ ਸੀ, "ਮੈਂ ਜਲਦੀ ਜਲਦੀ ਵਿਚ ਕਈ ਗੱਲਾਂ ਲਿਖਣੋਂ ਉੱਕ ਗਿਆ ਹਾਂ। ਕੋਈ ਗੱਲ ਨਹੀਂ, ਅਸੀਂ ਅਨੀਤਾ ਕੋਲੋਂ ਵਿਸਥਾਰ ਨਾਲ ਜਾਣ ਸਕਦੇ ਹਾਂ।"

ਜਦੋਂ ਵੀ ਉਹ ਇਉਂ ਕਹਿੰਦਾ ਸੀ, ਮੇਰਾ ਸਾਰਾ ਆਪਾ ਹਲੂਣਿਆ ਜਾਂਦਾ ਸੀ। ਮੈਨੂੰ ਉਨ੍ਹਾਂ ਮੰਦਿਰਾਂ ਬਾਰੇ ਕੁਝ ਵੀ ਪਤਾ ਨਹੀਂ ਸੀ। ਜਿਹੜੀ ਸਾੜ੍ਹੀ ਮੈਨੂੰ ਤੋਹਫ਼ੇ ਵਜੋਂ ਦਿੱਤੀ ਗਈ ਸੀ, ਉਸ ਦਾ ਜਨਮ-ਸਥਾਨ ਕਾਂਜੀਵਰਮ ਜਾਂ ਕਾਂਚੀਪੁਰਮ, ਭਾਰਤ ਦੇ ਨਕਸ਼ੇ ਉੱਤੇ ਕਿਥੇ ਹੈ, ਮੈਨੂੰ ਇਹ ਵੀ ਪਤਾ ਨਹੀਂ ਸੀ। ਸਲਾਈਡਾਂ ਵਿਖਾਉਂਦਿਆਂ ਹੋਇਆਂ ਉਸਨੇ ਚਾਰ ਪੰਜ ਵੇਰ ਮੇਰਾ ਨਾਂ ਲਿਆ ਅਤੇ ਚਾਰ ਪੰਜ ਵੇਰ ਮੇਰੇ ਸਹਿਕਾਰੀਆਂ ਦੀਆਂ ਤੀਹ ਅੱਖਾਂ ਨੇ ਮੇਰੀ ਜਾਣਕਾਰੀ ਦੇ ਖੋਖਲੇਪਨ ਵਿਚ ਝਾਤੀ ਪਾ ਕੇ ਮੈਨੂੰ ਸ਼ਰਮਿੰਦੀ ਜਿਹੀ ਮੁਸਕਰਾਹਟ ਦੇ ਉਹਲੇ ਹੋਣ ਲਈ ਮਜਬੂਰ ਕੀਤਾ। ਜਦੋਂ ਉਹ ਕਾਂਜੀਵਰਮ ਦੇ ਕੈਲਾਸ਼ਨਾਥ ਮੰਦਿਰ ਦੀ ਸਲਾਈਡ ਵਿਖਾਉਂਦਿਆਂ ਹੋਇਆਂ ਕਹਿ ਰਿਹਾ ਸੀ, "ਇਹ ਸ਼ਿਵ-ਮੰਦਿਰ ਸਤਵੀਂ ਸਦੀ ਵਿਚ ਬਣਾਇਆ ਗਿਆ ਸੀ ਅਤੇ ਇਸਦੀ ਮਜ਼ਬੂਤੀ ਸ਼ਿਵਜੀ ਦੇ ਨਿਵਾਸ ਅਸਥਾਨ, ਕੈਲਾਸ਼ ਪਰਬਤ ਦੀ ਮਜ਼ਬੂਤੀ ਦਾ ਮਨੁੱਖੀ ਉਤਾਰਾ ਹੈ," ਉਦੋਂ ਜਾਣਕਾਰੀ ਵਿਚ ਵਾਧਾ ਹੋਣ ਦੀ ਖ਼ੁਸ਼ੀ ਨਾਲ ਭਰੇ ਹੋਏ ਮੇਰੇ ਸਹਿਕਾਰੀ, ਵਿਸਮਾਦ ਅਤੇ ਸ਼ਰਧਾ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਵੇਖ ਵੇਖ ਕੇ ਮੈਨੂੰ ਅਭਾਰਤੀ ਹੋਣ ਦਾ ਅਹਿਸਾਸ ਕਰਵਾ ਰਹੇ ਸਨ।

ਮੈਨੂੰ ਸ੍ਵਰਨ ਮੰਦਿਰ ਅਤੇ ਤਾਜ ਤੋਂ ਸਿਵਾ ਹਿੰਦੁਸਤਾਨ ਦੀ ਹੋਰ ਕਿਸੇ ਵੀ ਸੁੰਦਰਤਾ ਨੂੰ ਵੇਖਣ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਤੇਰ੍ਹਾਂ ਸਾਲ ਦੀ ਉਮਰ ਵਿਚ ਮੈਂ ਲੰਡਨ ਆ ਗਈ ਸੀ। ਸੈਰ-ਸਪਾਟੇ ਸਾਡੇ ਦੇਸ਼ ਦੀ ਵਿਦਿਆ ਦਾ ਮਹੱਤਵਪੂਰਣ ਹਿੱਸਾ ਨਾ ਉਦੋਂ ਸਨ ਨਾ ਅੱਜ ਹਨ। ਆਪਣੀ ਵਿਦਿਆ ਪੂਰੀ ਕਰ ਕੇ ਦੋ ਵੇਰ ਭਾਰਤ ਗਈ। ਵਿਆਹ ਆਦਿਕ ਦੇ ਚੱਕਰ ਵਿਚ ਸਾਰਾ ਸਮਾਂ ਬੀਤ ਜਾਂਦਾ ਰਿਹਾ। ਭਾਰਤ ਦੇ ਪੁਰਾਤਨ ਗੌਰਵ ਨੂੰ ਵੇਖਣ ਜਾਣਨ ਦਾ ਖ਼ਿਆਲ ਹੀ ਨਾ ਆਇਆ।

ਸਲਾਈਡਾਂ ਵੇਖ ਕੇ ਅਤੇ ਆਪੋ-ਆਪਣੀ ਸੁਗਾਤ ਲੈ ਕੇ ਸਟਾਫ਼ ਮੈਂਬਰ ਚਲੇ ਗਏ। ਉਸ ਦਿਨ ਤੋਂ ਪਿੱਛੋਂ ਮੈਨੇਜਰ ਦੇ ਟੂਰ ਅਤੇ ਉਸ ਦੁਆਰਾ ਵਿਖਾਈਆਂ ਸਲਾਈਡਾਂ ਦਾ ਜ਼ਿਕਰ ਕਿਸੇ ਨੇ ਕਦੇ ਨਾ ਕੀਤਾ। ਬੱਸ ਏਨਾ ਕੁ ਹੋਇਆ ਕਿ ਦੋ ਚਾਰ ਦਿਨ ਮੇਰੇ ਸਹਿਕਾਰੀ ਮੈਨੂੰ ਦਿਨ ਵਿਚ ਪਹਿਲੀ ਵੇਰ ਮਿਲਣ ਉੱਤੇ ਗੁੱਡ ਮਾਰਨਿੰਗ ਕਹਿਣ ਦੀ ਥਾਂ ਮੁਸਕਰਾ

ਕੇ ਕਹਿੰਦੇ ਰਹੇ, "ਇੰਡੀਆ ਇਜ਼ ਵੰਡਰਫੁਲ"। ਉਸ ਤੋਂ ਪਿੱਛੋਂ ਗੱਲ ਆਈ ਗਈ ਹੋ ਗਈ। ਪਰੰਤੂ ਮੇਰੀ ਵਾਰਡਰੋਬ ਵਿਚ ਲਟਕਦੀ ਕਾਂਜੀਵਰਮ ਦੀ ਸਾੜ੍ਹੀ ਮੈਨੂੰ ਸਦਾ ਹੀ ਇਹ ਕਹਿੰਦੀ ਰਹੀ, "ਤੂੰ ਆਪਣੇ ਦੇਸ਼ ਬਾਰੇ ਉਨਾ ਵੀ ਨਹੀਂ ਜਾਣਦੀ ਜਿੰਨਾ ਵਿਦੇਸ਼ੀ ਜਾਣਦੇ ਹਨ। ਕਿਹੋ ਜਿਹੀ ਹਿੰਦੁਸਤਾਨੀ ਹੈਂ ਤੂੰ ?"

ਅਤੇ ਮੈਂ ਫ਼ੈਸਲਾ ਕਰ ਲਿਆ ਕਿ ਇਸ ਵੇਰ ਛੁੱਟੀ ਜਾ ਕੇ ਮੈਂ ਭਾਰਤ ਨੂੰ ਵੇਖਣਾ ਸ਼ੁਰੂ ਕਰਾਂਗੀ। ਪਹਿਲਾਂ ਰਾਜਸਥਾਨ ਵੇਖਾਂਗੀ; ਅਗਲੇ ਸਾਲ ਪੂਰਬੀ ਭਾਰਤ, ਅਗਲੇਰੇ ਸਾਲ ਦੱਖਣੀ ਭਾਰਤ ਅਤੇ ਇਵੇਂ ਹੀ ਹੌਲੀ ਹੌਲੀ ਸਾਰਾ ਦੇਸ਼ ਵੇਖ ਲਵਾਂਗੀ।

ਆਪਣੇ ਸੋਚੇ ਹੋਏ ਪ੍ਰੋਗਰਾਮ ਅਨੁਸਾਰ ਮੈਂ ਰਾਜਸਥਾਨ ਬਾਰੇ ਜਾਣਕਾਰੀ ਇਕੱਠੀ ਕਰਦੀ ਰਹੀ। ਦਿੱਲੀ ਵਿਚ ਵੱਸਦੀ ਆਪਣੀ ਭੂਆ ਦੀ ਧੀ ਨਾਲ ਸਾਰੀ ਵਿਉਂਤ ਬਣਾ ਲਈ। ਛੁੱਟੀ ਲਈ ਅਤੇ ਅਸੀਂ ਦੋਵੇਂ (ਪਤੀ-ਪਤਨੀ) ਭਾਰਤ ਪਹੁੰਚ ਗਏ। ਵਿਆਹ ਤੋਂ ਪਿੱਛੋਂ ਅਸੀਂ ਛੇਤੀ ਹੀ ਇੰਗਲੈਂਡ ਵਾਪਸ ਆ ਗਏ ਸਾਂ। ਹੁਣ ਜਦੋਂ ਦੋ ਸਾਲ ਪਿੱਛੋਂ ਘਰ ਗਏ ਤਾਂ ਅਜੇ ਵੀ ਆਪਣੇ ਸੰਬੰਧੀਆਂ ਲਈ ਅਸੀਂ ਨਵ-ਵਿਵਾਹਤਾ ਦੰਪਤੀ ਹੀ ਸਾਂ। ਨਵੇਂ ਵਿਆਹੇ ਜੋੜੇ ਲਈ ਰਿਸ਼ਤੇਦਾਰਾਂ ਨੂੰ ਮਿਲਣ ਜਾਣਾ ਜ਼ਰੂਰੀ ਸੀ; ਖ਼ਾਸ ਕਰਕੇ ਇਸ ਲਈ ਕਿ ਵਿਆਹ ਸਮੇਂ ਸਾਡੇ ਕੋਲ ਵਕਤ ਨਾ ਹੋਣ ਕਰਕੇ ਅਸੀਂ ਰਿਸ਼ਤੇਦਾਰਾਂ ਵੱਲ ਜਾਣ ਦੀ ਰਸਮ ਨਹੀਂ ਸਾਂ ਕਰ ਸਕੇ। ਜਿੰਨੇ ਰਿਸ਼ਤੇਦਾਰ ਸਹੁਰਿਆਂ ਵੱਲ ਦੇ, ਉਨੇ ਹੀ ਪੇਕਿਆਂ ਵੱਲ ਦੇ।

ਘਰ ਪੁੱਜਦਿਆਂ ਹੀ ਬੀ ਜੀ (ਮੇਰੀ ਸੱਸ) ਨੇ ਜ਼ਰੂਰੀ ਸੰਬੰਧੀਆਂ ਦੇ ਨਾਂ ਥਾਂ ਮੇਰੇ ਸਾਹਮਣੇ ਰੱਖ ਕੇ ਮਮਤਾ, ਅਧਿਕਾਰ ਅਤੇ ਭੋਲੇਪਨ ਦੀ ਭਾਸ਼ਾ ਵਿਚ ਆਖਿਆ, "ਲੈ ਬੀਬਾ, ਦੋ ਚਾਰ ਦਿਨ ਆਰਾਮ ਕਰ ਲਵੋ; ਫੇਰ ਇਨ੍ਹਾਂ ਸਾਕਾਂ ਵੱਲ ਫੇਰਾ ਮਾਰ ਆਇਓ। ਸੁਖ ਨਾਲ ਛੁੱਟੀ ਦੇ ਗਿਣੇ ਮਿਥੇ ਦਿਨ ਲੰਘਦਿਆਂ ਪਤਾ ਨਹੀਂ ਲੱਗਦਾ। ਪੇਕੇ ਜਾਣਾ ਵੀ ਜ਼ਰੂਰੀ ਆ। ਉਹ ਵੀ ਵੇਖਦੇ ਹੋਣਗੇ ਅੱਖਾਂ ਚੁੱਕੀ। ਰਿਸ਼ਤੇ ਵੀ ਮਿਲਦਿਆਂ ਦੇ ਈ ਹੁੰਦੇ ਨੇ। ਗਰਮੀ ਤਾਂ ਹੈ, ਪਰ ਇਹ ਕੰਮ ਵੀ ਜ਼ਰੂਰੀ ਆ। ਮਹੀਨਾ ਭਰ ਘਰ ਬੈਠੇ ਵੀ ਅੱਕ ਜਾਣਾ ਤੁਸਾਂ।"

ਬੀ ਜੀ ਲਈ ਇਹ ਸੋਚਣਾ ਸੁਭਾਵਕ ਸੀ ਕਿ ਕੇਵਲ ਛੁੱਟੀਆਂ ਕੱਟਣ ਲਈ ਦੇਸ਼ ਆਏ ਸਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਤੋਂ ਵੱਧ ਜ਼ਰੂਰੀ ਕੰਮ ਸਾਨੂੰ ਨਹੀਂ ਸੀ। ਸਾਡੀ ਕਰਮ-ਭੂਮੀ ਤਾਂ ਵਲੈਤ ਸੀ। ਤੁਰਨ ਤੋਂ ਪਹਿਲਾਂ ਆਪਣੇ ਰਾਜਸਥਾਨੀ ਦੌਰੇ ਦੀ ਗੱਲ ਅਸਾਂ ਆਪਣੇ ਘਰ ਵਾਲਿਆਂ ਨੂੰ ਨਹੀਂ ਸੀ ਲਿਖੀ; ਲਿਖਣ ਦੀ ਲੋੜ ਹੀ ਨਹੀਂ ਸੀ ਸਮਝੀ। ਹੁਣ ਇਹ ਕਹਿਣ ਦੀ ਹਿੰਮਤ ਨਹੀਂ ਸੀ ਹੋ ਰਹੀ ਕਿ ਰਸਮਾਂ, ਰਿਵਾਜਾਂ ਅਤੇ ਰਿਸ਼ਤਿਆਂ ਵਿਚ ਸਮਾਈ ਹੋਈ ਸਾਂਝ, ਸੰਸਕ੍ਰਿਤੀ ਅਤੇ ਪਿਆਰ-ਭਾਵਨਾ ਨਾਲੋਂ ਰਾਜਸਥਾਨ ਦੇ ਕਿਲ੍ਹਿਆਂ, ਮੰਦਿਰਾਂ ਅਤੇ ਮਹੱਲਾਂ ਦੀਆਂ ਦੀਵਾਰਾਂ ਵਿਚ ਲੱਗੇ ਹੋਏ ਪੱਥਰ ਸਾਡੇ ਲਈ ਵੱਧ ਮਹੱਤਵ ਰੱਖਦੇ ਸਨ। ਮੇਰੇ ਪਤੀ-ਦੇਵ (ਭੂਪਿੰਦਰ) ਦੀ ਮਨੋ-ਸਥਿਤੀ ਬਾਰੇ ਮੈਂ ਕੁਝ ਨਹੀਂ ਕਹਿ ਸਕਦੀ; ਮਨ ਹੀ ਮਨ ਮੈਂ ਬਹੁਤ ਖਿਝੀ; ਜੀ ਕੀਤਾ ਬੋਰੀਆ ਬਿਸਤਰਾ ਚੁੱਕ ਕੇ ਦਿੱਲੀ ਜਾ ਬੈਠਾਂ ਅਤੇ ਜਿਸ ਵੀ ਫ਼ਲਾਈਟ ਵਿਚ ਸੀਟ ਮਿਲੇ, ਲੈ ਕੇ ਇੰਗਲੈਂਡ ਵਾਪਸ


WWW.SIKHBOOKCLUB.COM

ਪਰਤ ਜਾਵਾਂ। ਓਥੇ ਜਾ ਕੇ ਗਰਮੀ, ਮੱਛਰ, ਮੱਖੀਆਂ ਤੇ ਧੂੜ ਤੋਂ ਤਾਂ ਪਿੱਛਾ ਛੁੱਟੇਗਾ।

ਇਹ ਮੇਰੀ ਸੋਚ ਨਹੀਂ, ਬੇ-ਬਸੀ ਸੀ। ਅਸਲ ਵਿਚ ਨਿਮਾਜ਼ਾਂ ਦੇ ਨਾਲ ਨਾਲ ਰੋਜ਼ੇ ਵੀ ਗਲ ਪੈ ਚੁੱਕੇ ਸਨ। ਅਸਲੀਅਤ ਭਾਵੇਂ ਕੁਝ ਵੀ ਹੋਵੇ, ਦਲੀਲ ਦੇ ਰੂਪ ਵਿਚ, ਪਿਆਰ-ਭਾਵਨਾ, ਪਰੰਪਰਾ ਅਤੇ ਸੰਸਕ੍ਰਿਤੀ ਸਾਡੇ ਵਿਰੋਧੀ ਪੱਖ ਵਿਚ ਖੜੇ ਸਨ। ਇਨ੍ਹਾਂ ਨੂੰ ਜਗਿਆਸਾ ਅਤੇ ਖੋਜ ਦੇ ਟਾਕਰੇ ਵਿਚ ਤੁੱਛ ਮੰਨਣ ਦੀ ਲੀਹ ਪਾਉਣੀ ਸਾਡੇ ਵੱਸ ਦੀ ਗੱਲ ਨਹੀਂ ਸੀ। ਗਲ ਪਿਆ ਢੋਲ ਵਜਾਉਣਾ ਹੀ ਪਿਆ।

ਅਤੇ ਇਸ ਢੋਲ ਦਾ ਪਹਿਲਾ ਡੱਗਾ ਭੂਪੀ ਦੇ ਨਾਨਕੇ ਘਰ ਲੱਗਾ। ਭੂਪੀ (ਭੁਪਿੰਦਰ) ਦੇ ਮਾਮਾ ਜੀ ਫਗਵਾੜੇ ਮਿੱਲ ਵਿਚ ਕੰਮ ਕਰਦੇ ਸਨ ਅਤੇ ਉਨ੍ਹਾਂ ਦੇ ਨੂੰਹ-ਪੁੱਤ ਦੋਵੇਂ ਇਕੋ ਸਕੂਲ ਵਿਚ ਪੜ੍ਹਾਉਂਦੇ ਸਨ। ਉਨ੍ਹਾਂ ਨੂੰ ਆਪਣੇ ਆਉਣ ਦੀ ਸੂਚਨਾ ਅਸੀਂ ਨਹੀਂ ਸਾਂ ਦੇ ਸਕੇ; ਟੈਲੀਫ਼ੋਨ ਦੀ ਸੁਵਿਧਾ ਨਹੀਂ ਸੀ ਅਤੇ ਡਾਕ ਰਾਹੀਂ ਸੂਚਨਾ ਦੇਣ ਜੋਗਾ ਸਮਾਂ ਸਾਡੇ ਕੋਲ ਨਹੀਂ ਸੀ। ਦਿਨੇ ਗਿਆਰਾਂ ਕੁ ਵਜੇ ਜਦੋਂ ਅਸੀਂ ਓਥੇ ਪੁੱਜੇ, ਭੂਪੀ ਦੇ ਮਾਮਾ ਜੀ, ਭਰਾ ਅਤੇ ਭਰਜਾਈ ਘਰੋਂ ਜਾ ਚੁੱਕੇ ਸਨ। ਭੂਪੀ ਦੀ ਮਾਮੀ ਜੀ ਆਪਣੇ ਤਿੰਨ ਕੁ ਸਾਲ ਦੇ ਪੋਤੇ ਨੂੰ ਪੱਖੀ ਝੱਲ ਕੇ ਸੁਆ ਰਹੇ ਸਨ। ਪਤਾ ਨਹੀਂ ਸਾਡੇ ਮੋਟਰ-ਸਾਈਕਲ ਦੀ ਆਵਾਜ਼ ਨਾਲ ਜਾਂ ਸਾਡੇ ਲਈ ਦਰਵਾਜ਼ਾ ਖੋਲ੍ਹਣ ਆ ਜਾਣ ਉੱਤੇ ਮਾਮੀ ਜੀ ਦੁਆਰਾ ਝੱਲੀ ਜਾ ਰਹੀ ਪੱਖੀ ਬੰਦ ਹੋ ਜਾਣ ਨਾਲ, ਮੱਖੀਆਂ ਦੇ ਭਰਪੂਰ ਹਮਲੇ ਕਾਰਨ ਬੱਚਾ ਅੱਖਾਂ, ਨੱਕ, ਮੂੰਹ ਮਲਦਾ ਅਤੇ ਉੱਚੀ ਉੱਚੀ ਰੋਂਦਾ ਹੋਇਆ ਜਾਗ ਪਿਆ। ਮੋਟਰ-ਸਾਈਕਲ ਵਿਹੜੇ ਵਿਚ ਖਲ੍ਹਾਰ ਕੇ ਅਸੀਂ ਮਾਮੀ ਜੀ ਦੇ ਪਿੱਛੇ ਪਿੱਛੇ ਕਮਰੇ ਵਿਚ ਦਾਖ਼ਲ ਹੋਏ। ਬੱਚੇ ਨੂੰ ਮੱਖੀਆਂ ਦੇ ਕਬਜ਼ੇ ਵਿਚੋਂ ਛੁਡਾ ਕੇ ਚੁੱਪ ਕਰਾਉਣ ਦਾ ਜਤਨ ਕਰਦਿਆਂ ਹੋਇਆਂ ਮਾਮੀ ਜੀ ਨੇ ਸਾਡੀ ਸੁਖ-ਸਾਂਦ ਪੁੱਛਣੀ ਚਾਹੀ। ਅਸੀਂ ਵੀ ਦੱਸਣ ਵਿਚ ਕੋਈ ਹਰਜ ਨਹੀਂ ਸਾਂ ਸਮਝਦੇ ਪਰ ਬੱਚਾ ਆਪਣਾ ਦੁਖ ਦੱਸਣ ਲਈ ਕਾਹਲਾ ਸੀ। ਉਸਨੇ ਕਿਸੇ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਉਹ ਆਪਣੇ ਮਾਮਾ-ਪਾਪਾ ਨੂੰ ਆਵਾਜ਼ਾਂ ਮਾਰਦਾ ਹੋਇਆ ਉੱਚੀ ਉੱਚੀ ਰੋਈ ਗਿਆ ਅਤੇ ਮਾਮੀ ਜੀ ਉਸਨੂੰ ਚੁੱਪ ਕਰਾਉਣ ਦਾ ਜਤਨ ਕਰਦੇ ਹੋਏ ਸਾਡੀ ਰਾਜ਼ੀ ਖ਼ੁਸ਼ੀ ਪੁੱਛਦੇ ਰਹੇ। ਬੱਚੇ ਦੇ ਰੋਣ-ਰੌਲੇ ਕਾਰਣ ਇਕ ਦੂਜੇ ਦੀਆਂ ਗੱਲਾਂ ਅੱਧ-ਪਚੱਧੀਆਂ ਸੁਣਦੀਆਂ ਸਨ। 'ਕਦੋਂ ਆਏ ਸੀ ?' ਵਿਚੋਂ ਕੇਵਲ 'ਕਦੋਂ' ਸੁਣ ਕੇ ਭੂਪੀ ਨੂੰ ਪੂਰਾ ਸੁਆਲ ਸਮਝ ਪੈ ਗਿਆ ਸੀ। ਇਸੇ ਤਰ੍ਹਾਂ 'ਬੀਬੀ' ਅਤੇ 'ਭਾਈਆ' ਦੋ ਸ਼ਬਦ ਸੁਣਨ ਵਿਚ ਆ ਜਾਣ ਉੱਤੇ ਪਤਾ ਲੱਗ ਗਿਆ ਕਿ ਉਹ ਸਾਡੇ ਮਾਤਾ-ਪਿਤਾ ਦੀ ਸੁਖ-ਸਾਂਦ ਪੁੱਛ ਰਹੇ ਹਨ।

ਸੁਖ-ਸਾਂਦ ਪੁੱਛੀ ਜਾਣ ਤਕ ਮਾਮੀ ਜੀ ਨੇ ਬੋਤਲ ਵਿਚ ਦੁੱਧ ਪਾ ਕੇ ਬੱਚੇ ਨੂੰ ਦੇ ਦਿੱਤਾ। ਇਸ ਲਈ ਉਹ ਚੁੱਪ ਕਰ ਗਿਆ। ਬੱਚੇ ਦੇ ਚੁੱਪ ਕਰ ਜਾਣ ਉੱਤੇ, 'ਕਦੋਂ ਆਏ ਸੀ ? ਕੀ ਹਾਲ ਹੈ ? ਬੀਬੀ-ਭਾਈਏ ਨੂੰ ਨਾਲ ਕਿਉਂ ਨਹੀਂ ਲਿਆਏ ? ਕਿੰਨੇ ਚਿਰ ਲਈ ਆਏ ਹੋ ? ਕਦੋਂ ਜਾਣਾ ਹੈ ?' ਦੀ ਸਾਰੀ ਮੁਹਾਰਨੀ ਇਕ ਵੇਰ ਫਿਰ ਦੁਹਰਾਈ ਗਈ। ਚਾਹ ਜਾਂ ਰੋਟੀ ਦੀ ਅਜੇ ਸਾਨੂੰ ਲੋੜ ਨਹੀਂ ਸੀ। ਠੰਢਾ ਪਾਣੀ ਪੀ ਕੇ ਅਸੀਂ ਸੰਤੁਸ਼ਟ ਹੋ ਗਏ ਪਰ ਮਾਮੀ ਜੀ ਦੀ ਤਸੱਲੀ ਨਾ ਹੋਈ। ਉਨ੍ਹਾਂ ਨੇ ਦੋ ਤਿੰਨ ਵੇਰ ਚਾਹ ਜਾਂ ਰੋਟੀ ਲਈ


WWW.SIKHBOOKCLUB.COM 

ਪੁੱਛਿਆ ਪਰ ਸਾਡੇ ਵੱਲੋਂ 'ਸ਼ਾਮ ਨੂੰ ਇਕੋ ਵਾਰ ਇਕੱਠੇ ਬੈਠ ਕੇ ਖਾਵਾਂਗੇ' ਆਖਿਆ ਜਾਣ ਉੱਤੇ ਉਨ੍ਹਾਂ ਨੇ ਹਾਰ ਮੰਨ ਲਈ।

ਕਮਰੇ ਵਿਚ ਗਰਮੀ ਸੀ, ਬਿਜਲੀ ਬੰਦ ਸੀ; ਮਾਮੀ ਜੀ ਕੋਲ ਕਰਨ ਲਈ ਬਹੁਤੀਆਂ ਗੱਲਾਂ ਨਹੀਂ ਸਨ, ਜੇ ਹੁੰਦੀਆਂ ਤਾਂ ਕੀਤੀਆਂ ਨਹੀਂ ਸਨ ਜਾ ਸਕਣੀਆਂ। ਕਿਉਂਜੁ ਬੱਚੇ ਦੇ ਮੁੜ ਜਾਗ ਪੈਣ ਅਤੇ ਰੋਣ ਦਾ ਡਰ ਸੀ। ਅਸੀਂ ਦੋਵੇਂ ਸੋਫ਼ੇ ਉੱਤੇ ਬੈਠੇ, ਆਪਣੇ ਮੂੰਹਾਂ ਤੋਂ ਮੱਖੀਆਂ ਉਡਾਉਣ ਵਿਚ ਰੁੱਝੇ, ਕਦੀ ਕੰਧਾਂ ਵੱਲ ਵੇਖਣ ਲੱਗ ਪੈਂਦੇ ਸਾਂ, ਕਦੀ ਛੱਤ ਵੱਲ ਅਤੇ ਕਦੀ ਇਕ ਦੂਜੇ ਵੱਲ। ਮੈਂ ਅੰਦਰੋ ਅੰਦਰ ਕੁੜ੍ਹ ਰਹੀ ਸਾਂ; ਕੀ ਸੋਚ ਕੇ ਆਏ ਸਾਂ, ਕੀ ਹੋ ਗਿਆ!

ਤਿੰਨ ਕੁ ਵਜੇ ਮਾਮੀ ਜੀ ਰਾਤ ਦੀ ਰੋਟੀ ਦਾ ਆਹਰ ਕਰਨ ਲੱਗ ਪਏ। ਉਸ ਵੇਲੇ ਬੱਚਾ ਵੀ ਜਾਗ ਪਿਆ; ਪਤਾ ਨਹੀਂ ਉਸਦੀ ਨੀਂਦ ਪੂਰੀ ਹੋ ਗਈ ਸੀ ਜਾਂ ਭੂਪੀ ਦੇ ਪੱਖੀ ਝੱਲਣ ਵਿਚ ਅਵੇਸਲਾ ਹੋ ਜਾਣ ਕਰ ਕੇ ਮੱਖੀਆਂ ਦਾ ਜ਼ੋਰ ਪੈ ਗਿਆ ਸੀ। ਕੁਝ ਵੀ ਹੋਵੇ ਮਾਮੀ ਜੀ ਕਿਚਨ ਵਿਚ ਰੁੱਝੇ ਹੋਏ ਸਨ ਅਤੇ ਬੱਚੇ ਦੀ ਸੰਭਾਲ ਕਰਨੀ ਸਾਡਾ ਇਖ਼ਲਾਕੀ ਫ਼ਰਜ਼ ਬਣ ਗਿਆ ਸੀ। ਬੱਚੇ ਦੇ ਮਾਤਾ-ਪਿਤਾ ਦੇ ਆਉਣ ਤਕ ਅਸੀਂ ਇਹ ਫ਼ਰਜ਼ ਨਿਭਾਉਂਦੇ ਰਹੇ। ਪੰਜ ਕੁ ਵਜੇ ਸਕੂਟਰ ਦੀ ਆਵਾਜ਼ ਸੁਣ ਕੇ ਬੱਚਾ 'ਮੰਮੀ ਮੰਮੀ' ਕਰਦਾ ਵਿਹੜੇ ਵਿਚ ਚਲਾ ਗਿਆ। ਭੂਪੀ ਦਾ ਭਰਾ ਅਤੇ ਭਰਜਾਈ ਆ ਗਏ। ਮੁੜ ਉਹੋ ਮੁਹਾਰਨੀ—ਕੀ ਹਾਲ ? ਕਦੋਂ ਆਏ ? ਕਿੰਨੀ ਛੁੱਟੀ ? ਕਦੋਂ ਜਾਣਾ ? ਦੱਸਿਆ ਕਿਉਂ ਨਾ ? ਅਸੀਂ ਛੁੱਟੀ ਲੈ ਲੈਂਦੇ। ਸਕੂਲ ਦੋ ਵਜੇ ਬੰਦ ਹੋ ਗਿਆ ਸੀ। ਅਸੀਂ ਐਵੇਂ ਧੁੱਪ ਤੋਂ ਬਚਣ ਲਈ ਦਫ਼ਤਰ ਵਿਚ ਬੈਠੇ ਰਹੇ। ਜੇ ਪਤਾ ਹੁੰਦਾ ਤੁਸੀਂ ਆਏ ਹੋ ਤਾਂ ਛੇਤੀ ਆ ਜਾਂਦੇ।

ਡੇਢ ਕੁ ਘੰਟੇ ਪਿੱਛੋਂ ਮਾਮਾ ਜੀ ਆ ਗਏ। ਮੁੜ ਉਹੋ ਸੁਆਲ ਅਤੇ ਉਹੋ ਜੁਆਬ। ਰੋਟੀ ਖਾਧੀ, ਸੌਂ ਗਏ। ਅਗਲੀ ਸਵੇਰ ਮਾਮਾ ਜੀ, ਭਾਅ ਜੀ ਅਤੇ ਭਾਬੀ ਜੀ.ਸਾਡੇ ਸੁੱਤਿਆਂ ਸੁੱਤਿਆਂ ਹੀ ਆਪੋ ਆਪਣੇ ਕੰਮੀਂ ਜਾਣ ਲਈ ਤਿਆਰ ਹੋ ਗਏ। ਅੱਖਾਂ ਮਲਦਿਆਂ ਬਿਸਤਰੇ ਵਿਚੋਂ ਨਿਕਲ ਕੇ ਭੂਪੀ ਨੇ ਆਖਿਆ, "ਮਾਮਾ ਜੀ, ਅੱਜ ਅਸਾਂ ਚਲੇ ਜਾਣਾ ਹੈ।" ਉਨ੍ਹਾਂ ਨੇ ਬੜੇ ਦਾਅਵੇ ਨਾਲ ਘੂਰ ਕੇ ਕਿਹਾ, "ਚੁੱਪ ਕਰ ਕੇ ਬੈਠਾ ਰਹਿ, ਕੱਲ ਆਇਆ, ਅੱਜ ਚਲੇ ਜਾਣਾ ਹੈ। ਬੱਸ ਏਨਾ ਹੀ ਮੇਲ ਸੀ ਸਾਡੇ ਨਾਲ ?"

"ਮਾਮਾ ਜੀ, ਮਜਬੂਰੀ ਹੈ, ਭੂਆ ਜੀ ਵੱਲ, ਫੇਰ ਮਾਸੀਆਂ ਵੱਲ ਵੀ ਜਾਣਾ ਹੈ; ਅਨੀਤਾ ਦੇ ਪਿੰਡ ਵੀ ਨਹੀਂ ਗਏ ਅਜੇ।"

"ਹੱਛਾ, ਕੱਲ ਕਰਾਂਗੇ ਸਾਰੀ ਗੱਲ," ਕਹਿ ਕੇ ਉਹ ਘਰੋਂ ਨਿਕਲ ਗਏ। ਉਨ੍ਹਾਂ ਦੇ ਜਾਣ ਮਗਰੋਂ ਅਸੀਂ ਨ੍ਹਾ ਧੋ ਕੇ ਨਾਸ਼ਤਾ ਕਰ ਕੇ ਸੋਚੀਂ ਪੈ ਗਏ ਕਿ ਪੰਜ ਪਹਾੜ ਦਿਨ ਕਿੰਜ ਬਿਤਾਇਆ ਜਾਵੇਗਾ। ਸੋਚ ਹੀ ਰਹੇ ਸਾਂ ਕਿ ਦੋ ਗੁਆਂਢਣਾਂ ਨੇ ਵਿਹੜੇ ਵਿਚ ਆ ਕੇ ਮਾਮੀ ਜੀ ਨੂੰ ਵਧਾਈ ਦਿੱਤੀ, "ਭੈਣੇ ਵਧਾਇਓਂ, ਸੁਖ ਨਾਲ ਦੋਹਤਵਾਨ ਆਇਆ ਹੈ।" ਵਧਾਈ ਦੇਣ ਪਿੱਛੋਂ ਉਨ੍ਹਾਂ ਨੇ ਵੀ ਸਾਡੀ ਅਤੇ ਸਾਡੇ ਮਾਤਾ ਪਿਤਾ ਦੀ ਸੁਖ-ਸਾਂਦ ਪੁੱਛੀ ਅਤੇ ਨਾਲ ਇਹ ਵੀ ਕਿ ਕਦੋਂ ਆਏ ਸਾਂ ਅਤੇ ਕਦੋਂ ਜਾਣਾ ਸੀ। ਇਹ ਪੁੱਛਦਿਆਂ


WWW.SIKHBOOKCLUB.COM

ਹੋਇਆਂ ਦੋਹਾਂ ਨੇ ਸਾਡੇ ਸਿਰਾਂ ਉੱਤੇ ਵਾਹਵਾ ਲੰਮਾ ਪਿਆਰ ਵੀ ਦਿੱਤਾ। ਉਹ ਬਹੁਤਾ ਚਿਰ ਨਾ ਰੁਕੀਆਂ। ਸਾਡਾ ਜੀ ਕੀਤਾ ਕਿ ਅਸੀਂ ਬਾਜ਼ਾਰ ਵਿਚ ਫਿਰ ਤੁਰ ਕੇ ਸਮਾਂ ਬਿਤਾ ਆਈਏ। ਅਸੀਂ ਬਾਹਰ ਗਏ ਪਰ ਆਪਣੇ ਆਸ਼ੇ ਵਿਚ ਸਫਲ ਨਾ ਹੋ ਸਕੇ। ਬਾਜ਼ਾਰ ਵਿਚ ਉੱਡਦਾ ਘੱਟਾ, ਟਾਂਗਿਆਂ, ਰਿਕਸ਼ਿਆਂ, ਰੇੜ੍ਹੀਆਂ, ਪਸ਼ੂਆਂ ਅਤੇ ਆਉਣ ਜਾਣ ਵਾਲੇ ਲੋਕਾਂ ਦੀ ਭੀੜ ਨੇ ਛੇਤੀ ਹੀ ਘਰ ਮੁੜ ਜਾਣ ਲਈ ਮਜਬੂਰ ਕਰ ਦਿੱਤਾ। ਇਸ ਤੋਂ ਛੁੱਟ ਸਾਨੂੰ ਇਹ ਵੀ ਪਤਾ ਸੀ ਕਿ ਮਾਮੀ ਜੀ ਨੇ ਸਾਡੇ ਲਈ ਰੋਟੀ ਪਕਾਉਣੀ ਸੀ, ਅਤੇ ਇਹ ਸੰਭਾਵਨਾ ਤਾਂ ਹੀ ਸਾਕਾਰ ਹੋ ਸਕਦੀ ਸੀ ਜੇ ਅਸੀਂ ਬੱਚੇ ਨੂੰ ਸੰਭਾਲਦੇ।

ਮਾਮੀ ਜੀ ਰਾਤ ਦੀ ਰੋਟੀ ਦੇ ਆਹਰ ਵਿਚ ਲੱਗੇ ਹੋਏ ਸਨ, ਡੂਪੀ ਬੱਚੇ ਨਾਲ ਖੇਡ ਪਿਆ ਹੋਇਆ ਸੀ ਅਤੇ ਮੈਂ ਜੈਪੁਰ, ਜੋਧਪੁਰ ਅਤੇ ਜੈਸਲਮੇਰ ਦੀਆਂ ਇਮਾਰਤਾਂ ਦੀ ਯਾਦ ਭੁਲਾਉਣ ਦਾ ਜਤਨ ਕਰ ਰਹੀ ਸਾਂ। ਜਦੋਂ ਮਾਮਾ ਜੀ, ਭਾਅ ਜੀ ਅਤੇ ਭਰਜਾਈ ਜੀ ਘਰ ਆਏ, ਮਾਮਾ ਜੀ ਕੋਲ ਪਲਾਸਟਿਕ ਦਾ ਥੈਲਾ ਸੀ, ਜਿਹੜਾ ਉਨ੍ਹਾਂ ਨੇ ਬਹੁਤ ਸਾਵਧਾਨੀ ਨਾਲ ਮਾਮੀ ਜੀ ਦੇ ਹਵਾਲੇ ਕੀਤਾ। ਅਸੀਂ ਦੋਵੇਂ ਸਾਰਾ ਦਿਨ ਇਹੋ ਪੱਕੀਆਂ ਪਕਾਉਂਦੇ ਰਹੇ ਸਾਂ ਕਿ ਕੱਲ ਜ਼ਰੂਰ ਹੀ ਇਥੋਂ ਚਲੇ ਜਾਣਾ ਹੈ। ਸਾਰਾ ਦਿਨ ਇਕ ਕਮਰੇ ਵਿਚ ਹੱਥ ਉੱਤੇ ਹੱਥ ਰੱਖ ਕੇ ਬੈਠਣ ਅਤੇ ਹਰ ਮਿੰਟ ਵਿਚ ਦੋ ਤਿੰਨ ਵਾਰ ਮੱਖੀਆਂ ਨੂੰ ਦੁਰਕਾਰਨ ਫਿਟਕਾਰਨ ਦੇ ਨਿਕੰਮੇਪਨ ਤੋਂ ਮੈਂ ਤੰਗ ਆ ਗਈ ਸਾਂ। ਅਗਲਾ ਦਿਨ ਹੋਇਆ। ਉਹ ਤਿੰਨੇ ਸਦਾ ਵਾਂਗ ਆਪਣੇ ਕੰਮੀਂ ਕਾਰੀਂ ਜਾਣ ਲਈ ਤਿਆਰ ਹੋ ਗਏ। ਡੂਪੀ ਨੇ ਕਿਹਾ, "ਮਾਮਾ ਜੀ, ਅੱਜ ਅਸਾਂ ਜ਼ਰੂਰ ਚਲੇ ਜਾਣਾ ਹੈ।"

ਉਨ੍ਹਾਂ ਨੇ ਬਹੁਤੀ ਹੀਲ-ਹੁੱਜਤ ਕੀਤੇ ਬਿਨਾਂ ਆਖਿਆ, "ਹੱਛਾ, ਜਿਵੇਂ ਤੇਰੀ ਮਰਜ਼ੀ। ਅਸੀਂ ਤਾਂ ਚਾਹੁੰਦੇ ਹਾਂ ਚਾਰ ਦਿਨ ਰਹੋ; ਪਰ ਤੁਸੀਂ ਹੋਏ ਵਲੈਤੀ ਆਦਮੀ। ਬਹੁਤੀ ਕਾਹਲੀ ਪਾਈ ਹੈ ਤੁਸਾਂ; ਬਹਿ ਕੇ ਗੱਲ ਬਾਤ ਕਰਨ ਦਾ ਮੌਕਾ ਵੀ ਨਹੀਂ ਦਿੱਤਾ।" ਭਾਅ ਜੀ ਅਤੇ ਭਰਜਾਈ ਜੀ ਦਰਵਾਜ਼ਿਉਂ ਬਾਹਰ ਜਾ ਢੁੱਕੇ ਸਨ ਅਤੇ ਸਕੂਟਰ ਸਟਾਰਟ ਕਰਕੇ ਮਾਮਾ ਜੀ ਦੀ ਉਡੀਕ ਕਰ ਰਹੇ ਸਨ।

ਉਨ੍ਹਾਂ ਦੇ ਚਲੇ ਜਾਣ ਪਿੱਛੋਂ ਅਸਾਂ ਚਾਹ ਪੀ ਕੇ ਜਾਣ ਦੀ ਤਿਆਰੀ ਕਰ ਲਈ। ਮਾਮੀ ਜੀ ਨੇ ਕੱਲ ਵਾਲੇ ਪਲਾਸਟਿਕ ਦੇ ਥੈਲੇ ਵਿਚੋਂ ਕੁਝ ਕੱਪੜੇ ਕੱਢ ਕੇ ਸਾਨੂੰ ਦਿੰਦਿਆਂ ਹੋਇਆਂ ਆਖਿਆ, "ਲਉ ਪੁੱਤਰ.....।" ਉਨ੍ਹਾਂ ਦੀ ਗੱਲ ਵਿਚੋਂ ਟੋਕ ਕੇ ਡੂਪੀ ਨੇ ਆਖਿਆ, "ਨਹੀਂ ਮਾਮੀ ਜੀ, ਇਸਦੀ ਕੋਈ ਲੋੜ ਨਹੀਂ। ਇਹ ਪੁਰਾਣੇ.....।"

"ਕਿਉਂ, ਲੋੜ ਕਿਉਂ ਨਹੀਂ? ਵਿਆਹ ਤੋਂ ਪਿੱਛੋਂ ਸੁਖ ਨਾਲ ਪਹਿਲੀ ਵੇਰ ਆਏ ਹੋ; ਸ਼ਗਨ ਤੋਂ ਬਿਨਾਂ ਕਿਵੇਂ ਚਲੇ ਜਾਉਗੇ?"

ਮਾਮੀ ਜੀ ਜ਼ਰਾ ਏਧਰ ਓਧਰ ਹੋਏ ਤਾਂ ਮੈਂ ਡੂਪੀ ਨੂੰ ਕਿਹਾ, "ਚਲੋ ਸ਼ਗਨ ਹੀ ਸਹੀ; ਪਰ ਤੁਰਨ ਦੀ ਕਰੋ।" ਉਂਵ ਮੈਨੂੰ ਪਤਾ ਸੀ ਕਿ ਸਾਡੇ ਜਾਣ ਵਿਚ ਹੁਣ ਕੋਈ ਰੋਕ ਨਹੀਂ ਪਾਈ ਜਾਣੀ। ਜੇ ਸ਼ਗਨ ਵਜੋਂ ਦਿੱਤਾ ਜਾਣ ਲਈ ਕੱਪੜਾ ਘਰ ਵਿਚ ਹੁੰਦਾ ਤਾਂ ਅਸੀਂ ਕੱਲ ਹੀ ਚਲੇ ਗਏ ਹੋਣਾ ਸੀ।

ਇਕ ਹਫ਼ਤਾ ਬੀਤ ਗਿਆ। ਇਕ ਭੂਆ ਅਤੇ ਦੋ ਮਾਸੀਆਂ ਨੂੰ ਮਿਲਣ ਵਿਚ

ਦਸ ਕੁ ਦਿਨ ਹੋਰ ਖ਼ਰਾਬ ਹੋ ਗਏ। ਜਿਥੇ ਵੀ ਗਏ, ਬੱਸ ਉਹੋ ਸੁਖ-ਸਾਂਦ, ਕਦੋਂ, ਕਿਵੇਂ, ਕਿੰਨੇ ਨਾਲ ਆਰੰਭ ਹੋਣ ਵਾਲੇ ਪ੍ਰਸ਼ਨਾਂ ਦੇ ਉਹੋ ਕਈ ਵੇਰ ਦੁਹਰਾਏ ਹੋਏ ਉੱਤਰ। ਅਸੀਂ ਭੂਪੀ ਦੀ ਮਾਸੀ ਵੱਲ ਗਏ ਹੋਏ ਸਾਂ, ਜਦੋਂ ਮੇਰੇ ਮੰਮੀ-ਪਾਪਾ ਸਾਨੂੰ ਮਿਲਣ ਲਈ ਸਾਡੇ ਘਰ ਆਏ ਪਰ ਬਿਨਾਂ ਮਿਲੇ ਹੀ ਚਲੇ ਗਏ। ਜ਼ਰੂਰੀ ਰਿਸ਼ਤੇਦਾਰਾਂ ਨਾਲ ਰਸਮੀ ਮੁਲਾਕਾਤਾਂ ਕਰ ਲੈਣ ਤੋਂ ਪਿੱਛੋਂ ਅਸੀਂ ਮੰਮੀ-ਪਾਪਾ ਨੂੰ ਮਿਲਣ ਗਏ। ਬਚਪਨ ਦੀਆਂ ਸਹੇਲੀਆਂ ਨੂੰ ਮਿਲ ਕੇ ਇਸ ਸੰਸਾਰ ਦੀ ਸੁੰਦਰਤਾ ਅਤੇ ਜੀਵਨ ਦੀ ਸਰਲਤਾ ਵਿਚ ਮੁੜ ਵਿਸ਼ਵਾਸ ਹੋਣ ਲੱਗ ਪਿਆ ਪਰ ਇਹ ਝੋਰਾ ਮੈਨੂੰ ਲੱਗਾ ਹੀ ਰਿਹਾ ਕਿ ਮੈਂ ਆਪਣੇ ਆਸ਼ੇ ਵਿਚ ਸਫਲ ਨਹੀਂ ਸਾਂ ਹੋ ਸਕਦੀ। ਵਾਪਸ ਜਾ ਕੇ ਆਪਣੇ ਸਹਿਕਾਰੀਆਂ ਨਾਲ, ਮੈਂ, ਭਾਰਤ ਦੀ ਕਿਸੇ ਵੀ ਸੁੰਦਰਤਾ ਦਾ ਜ਼ਿਕਰ ਨਹੀਂ ਕਰ ਸਕਾਂਗੀ।

ਮੈਂ ਚਾਹੁੰਦੀ ਸਾਂ ਕਿ ਛੁੱਟੀ ਦੇ ਬਾਕੀ ਬਚੇ ਚਾਰ ਦਿਨ ਇਥੇ ਰਹਿ ਕੇ ਆਪਣੀ ਬਚਪਨ ਦੀਆਂ ਸਹੇਲੀਆਂ ਨਾਲ ਆਪਣੀ ਜਾਣੀ-ਪਛਾਣੀ ਧਰਤੀ ਦਾ ਸਪਰਸ਼ ਮਾਣਦੀ ਰਹਾਂ; ਪਰ ਭੂਪੀ ਨੇ ਇਕ ਹੋਰ ਹੀ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ, "ਮੇਰਾ ਇਕ ਦੋਸਤ ਹੈ ਦਲੀਪ। ਅਸੀਂ ਕਾਲਜ ਤਕ ਜਮਾਤੀ ਰਹੇ ਹਾਂ। ਮੈਂ ਉਸਦੇ ਘਰ ਦੋ ਦੋ, ਚਾਰ ਚਾਰ ਰਾਤਾਂ ਰਹਿੰਦਾ ਹੁੰਦਾ ਸਾਂ। ਉਸਦੀ ਮਾਤਾ ਬਹੁਤ ਪਿਆਰ ਕਰਦੀ ਸੀ ਮੈਨੂੰ। ਉਹ ਮੇਰੇ ਅਤੇ ਦਲੀਪ ਵਿਚ ਕੋਈ ਫ਼ਰਕ ਨਹੀਂ ਸੀ ਸਮਝਦੀ। ਪੜ੍ਹੀ ਲਿਖੀ ਹੈ; ਗਿਆਨੀ ਪਾਸ ਹੈ। ਅੰਕਲ ਅਤੇ ਉਹ ਮਿਲ ਕੇ ਆਪਣਾ ਗਿਆਨੀ ਕਾਲਜ ਚਲਾਉਂਦੇ ਹੁੰਦੇ ਸਨ। ਅੰਕਲ ਦੀ ਮੌਤ ਪਿੱਛੋਂ ਉਸਨੇ ਖ਼ਾਲਸਾ ਹਾਇਰ ਸਕੈਂਡਰੀ ਸਕੂਲ ਵਿਚ ਪੰਜਾਬੀ ਟੀਚਰ ਦੀ ਨੌਕਰੀ ਕਰ ਲਈ ਸੀ। ਹੁਣ ਰੀਟਾਇਰ ਹੋ ਚੁੱਕੀ ਹੈ। ਦਲੀਪ ਨੂੰ ਅਮਰੀਕਾ ਗਏ ਨੂੰ ਪੰਜ ਸਾਲ ਹੋ ਗਏ ਹਨ। ਸੁਣਿਆ ਹੈ, ਉਸਨੇ ਓਧਰ ਹੀ ਵਿਆਹ ਕਰਵਾ ਲਿਆ ਹੈ ਅਤੇ ਪੱਕਾ ਵੀ ਹੋ ਗਿਆ ਹੈ, ਪਰ ਆਪਣੀ ਮਾਂ ਦੀ ਖ਼ਬਰ ਸਾਰ ਨਹੀਂ ਲੈਂਦਾ। ਮੇਰਾ ਜੀਅ ਕਰਦਾ ਹੈ ਆਂਟੀ ਨੂੰ ਮਿਲਣ ਨੂੰ।"

ਛੁੱਟੀ ਤਾਂ ਬਰਬਾਦ ਹੋ ਹੀ ਚੁੱਕੀ ਸੀ; ਜਿਥੇ ਸੌ ਓਥੇ ਸਵਾ ਸੌ। ਚਲੋ ਇਵੇਂ ਹੀ ਸਹੀ; ਅਤੇ ਅਸੀਂ ਮੁੜ ਆਪਣੇ ਘਰ ਆ ਗਏ। ਦਲੀਪ ਦਾ ਪਿੰਡ ਭੂਪੀ ਦੇ ਪਿੰਡ ਤੋਂ ਦੋ ਕੁ ਮੀਲ ਦੀ ਵਿੱਥ ਉੱਤੇ ਹੈ। ਅਸੀਂ ਸਵੇਰੇ ਖਾਧੇ ਪੀਤੇ ਬਿਨਾਂ ਹੀ ਤਿਆਰ ਹੋ ਕੇ ਪੈਦਲ ਤੁਰਦੇ ਉਸਦੇ ਘਰ ਸਾਹਮਣੇ ਜਾ ਖਲੋਤੇ ਅਤੇ ਦਰਵਾਜ਼ਾ ਖੜਕਾਇਆ। ਕੁਝ ਚਿਰ ਪਿੱਛੋਂ ਜ਼ਰਾ ਕੁ ਧੱਕਿਆ; ਕੁੰਡਾ ਨਹੀਂ ਸੀ ਲੱਗਾ ਹੋਇਆ; ਦਰਵਾਜ਼ਾ ਖੁੱਲ੍ਹ ਗਿਆ; ਅਸੀਂ ਦੋਵੇਂ ਵਿਹੜੇ ਵਿਚ ਜਾ ਖਲੋਤੇ। ਸਵੱਛ ਵਸਤਰ ਧਾਰੀ, ਇਕ ਬਿਰਧ ਮਾਤਾ, ਹੌਲੀ ਹੌਲੀ ਤੁਰਦੀ ਸਾਡੇ ਕੋਲ ਆਈ। ਆਪਣੇ ਸੱਜੇ ਹੱਥ ਨੂੰ, ਸੂਰਜ ਦੀ ਰੌਸ਼ਨੀ ਰੋਕਣ ਲਈ, ਛੱਤਣ ਦੇ ਰੂਪ ਵਿਚ ਮੱਥੇ ਉੱਤੇ ਰੱਖੀ ਉਸਨੇ ਭੂਪੀ ਨੂੰ ਗਹੁ ਨਾਲ ਵੇਖਿਆ, ਬਾਹਾਂ ਫੈਲਾਈਆਂ ਅਤੇ ਭੂਪੀ ਨੂੰ ਆਪਣੀ ਗਲਵੱਕੜੀ ਵਿਚ ਲੈ ਕੇ, ਝੱਲਿਆਂ ਹਾਰ ਆਖਣ ਲੱਗੀ, "ਵੇ ਦੀਪਿਆ, ਵੇ ਮੇਰੇ ਚਾਨਣਾ, ਅੱਜ ਰਾਹ ਕਿਵੇਂ ਭੁੱਲ ਗਿਆ ਵੇ! ਮੇਰੀ ਸੁਣ ਲਈ ਸੱਚੇ ਰੱਬ ਨੇ; ਤੂੰ ਮੇਰੀ ਮਮਤਾ ਦੀ ਲਾਜ ਰੱਖ ਲਈ ਦੀਪਿਆ। ਜੁਗ ਜੁਗ ਜੀ ਵੇ ਜੀਣ ਜੋਗਿਆ, ਮਾਂ ਸਦਕੇ, ਮਾਂ ਵਾਰੀ। ਇੱਛਰਾਂ ਦਾ ਸੁੱਕਾ ਬਾਗ ਹਰਾ ਹੋ ਗਿਆ, ਵੇ ਮੇਰੇ ਪੂਰਨਾ।"

ਕਿੰਨਾ ਮਾਰਮਿਕ ਸੀ ਇਹ ਮਧੁਰ ਮਿਲਨ। ਮਾਤਾ ਦੇ ਹੰਝੂਆਂ ਨੇ ਭੂਪੀ ਦਾ ਮੋਢਾ ਭਿਉਂ ਦਿੱਤਾ। ਮੈਂ ਮਾਤਾ ਦੇ ਪੈਰੀਂ ਹੱਥ ਲਾਇਆ। ਮੇਰੇ ਸਿਰ ਨੂੰ ਦੋਹਾਂ ਹੱਥਾਂ ਵਿਚ ਲੈ ਕੇ ਹਿੱਕ ਨਾਲ ਘੁੱਟਦਿਆਂ ਉਸਨੇ ਅਸੀਸਾਂ ਦਾ ਮੀਂਹ ਵਰ੍ਹਾ ਦਿੱਤਾ, "ਸਦਾ ਸੁਹਾਗਣ ਰਹਿ ਧੀਏ, ਦੁੱਧੀਂ ਨ੍ਹਾ, ਪੁੱਤੀਂ ਖੇਡ; ਜੀਊ ਸਦਕੇ, ਧੰਨ ਭਾਗ; ਇਸ ਸੁੰਞੇ ਵਿਹੜੇ ਲੱਛਮੀ ਦੇ ਪੈਰ ਪਏ; ਮੇਰਾ ਘਰ ਭਰ ਗਿਆ, ਧੀਏ.....।"

ਅਸਾਂ ਦੋਹਾਂ ਇਹ ਸੋਚਿਆ ਕਿ ਜਾਂ ਤਾਂ ਨਜ਼ਰ ਦੀ ਕਮਜ਼ੋਰੀ ਕਾਰਣ ਉਹ ਸਾਨੂੰ ਪਛਾਣ ਨਹੀਂ ਸਕੀ ਜਾਂ ਪੁੱਤਰ-ਵਿਯੋਗ ਵਿਚ ਆਪਣਾ ਬੌਧਿਕ ਸੰਤੁਲਨ ਗਵਾ ਬੈਠੀ ਹੈ। ਅੰਦਰ ਜਾ ਕੇ ਜਦੋਂ ਅਸਾਂ ਉਸਨੂੰ ਆਪਣੇ ਸਾਰੇ ਕੰਮ ਠੀਕ ਠੀਕ ਤਰੀਕੇ ਨਾਲ ਕਰਦੀ ਵੇਖਿਆ ਤਾਂ ਸਾਨੂੰ ਇਹ ਵਿਸ਼ਵਾਸ ਹੋ ਗਿਆ ਕਿ ਉਸ ਦੀ ਨਜ਼ਰ ਕਮਜ਼ੋਰ ਨਹੀਂ, ਦਿਮਾਗੀ ਸੰਤੁਲਨ..... ਸ਼ਾਇਦ।

ਉਸਨੇ ਇਕ ਸੂਟਕੇਸ ਖੋਲ੍ਹਿਆ; ਉਸ ਵਿਚੋਂ ਇਕ ਬਨਾਰਸੀ ਸਾੜ੍ਹੀ ਕੱਢੀ। ਫਿਰ ਇਕ ਅਲਮਾਰੀ ਵਿਚੋਂ ਸਾਫ਼ ਤੌਲੀਆ ਕੱਢ ਕੇ ਮੈਨੂੰ ਪਕੜਾਉਂਦਿਆਂ ਆਖਿਆ, "ਲੈ ਬੀਬੀ ਰਾਣੀ, ਨ੍ਹਾ ਧੋ ਕੇ ਇਹ ਸਾੜ੍ਹੀ ਬੰਨ੍ਹ। ਕਿੰਨੇ ਸਾਲਾਂ ਤੋਂ ਤੇਰੇ ਲਈ ਖ਼ਰੀਦ ਕੇ ਰੱਖੀ ਸੀ। ਤੈਨੂੰ ਇਸ ਸਾੜ੍ਹੀ ਵਿਚ ਵੇਖਣ ਦੀ ਰੀਝ ਪੂਰੀ ਹੋਈ..... ਕਿਸੇ ਜਨਮ ਵਿਚ ਮੋਤੀ ਦਾਨ ਕੀਤੇ ਹੋਣਗੇ ਮੈਂ।"

ਹੁਣ ਉਹ ਬਿਲਕੁਲ ਨਾਰਮਲ ਹਾਲਤ ਵਿਚ ਸੀ। ਮੈਨੂੰ ਨ੍ਹਾਉਣ ਧੋਣ ਦੇ ਆਹਰ ਵਿਚ ਲਾ ਕੇ ਉਹ ਰਸੋਈ ਵਿਚ ਚਲੇ ਗਈ। ਮੇਰੇ ਨ੍ਹਾਉਂਦਿਆਂ ਅਤੇ ਕੱਪੜੇ ਬਦਲਦਿਆਂ ਉਸਨੇ ਆਲੂਆਂ ਵਾਲੇ ਪਰਾਉਂਠੇ ਅਤੇ ਚਾਹ ਬਣਾਉਣ ਦਾ ਪ੍ਰਬੰਧ ਕਰ ਲਿਆ। ਅਸੀਂ ਖਾਣ ਬੈਠੇ; ਉਹ ਗਰਮ ਗਰਮ ਪਕਾ ਕੇ ਲਿਆਉਂਦੀ ਗਈ। ਹੈਰਾਨ ਸਾਂ ਕਿ ਮੈਂ ਦੋ ਪਰਾਉਂਠੇ ਕਿਵੇਂ ਖਾ ਗਈ। ਭੂਪੀ ਦੀ ਪਲੇਟ ਵਿਚ ਉਹ ਉਦੋਂ ਤਕ ਪਰਾਉਂਠੇ ਰੱਖਣੋਂ ਨਾ ਹਟੀ, ਜਿੰਨਾ ਚਿਰ ਗਿਣਤੀ ਚਾਰ ਨੂੰ ਨਾ ਪੁੱਜ ਗਈ ਅਤੇ ਚਾਰ ਪਰਾਉਂਠੇ ਦੇ ਲੈਣ ਤੋਂ ਪਿੱਛੋਂ ਉਸਨੇ ਭੂਪੀ ਨੂੰ ਹੋਰ ਖਾਣ ਲਈ ਨਾ ਆਖਿਆ ਨਾ ਪੁੱਛਿਆ। ਭੂਪੀ ਨੂੰ ਸਵੇਰੇ ਰੱਜ ਕੇ ਖਾਣ ਦੀ ਆਦਤ ਹੈ, ਇਹ ਮੈਂ ਜਾਣਦੀ ਹਾਂ। ਆਲੂਆਂ ਵਾਲੇ ਪਰਾਉਂਠੇ ਵੀ ਉਸਨੂੰ ਪਸੰਦ ਹਨ ਅਤੇ ਚਾਰ ਤੋਂ ਘੱਟ ਉਸਨੇ ਕਦੇ ਖਾਧੇ ਵੀ ਨਹੀਂ। ਭੂਪੀ ਦੀਆਂ ਜਿਨ੍ਹਾਂ ਆਦਤਾਂ ਬਾਰੇ ਮੈਂ ਦੋ ਸਾਲਾਂ ਵਿਚ ਜਾਣ ਗਈ ਸਾਂ, ਉਨ੍ਹਾਂ ਆਦਤਾਂ ਦੀ ਜਾਣਕਾਰੀ ਬਿਰਧ ਮਾਤਾ ਲਈ ਅਸੰਭਵ ਨਹੀਂ ਸੀ ਕਿਉਂਕਿ ਦਲੀਪ ਨਾਲ ਲੰਮੀ ਦੋਸਤੀ ਰਹਿ ਚੁੱਕੀ ਸੀ ਭੂਪੀ ਦੀ। ਪਰ ਇਸ ਸਮੇਂ ਤਾਂ ਮਾਤਾ ਭੂਪੀ ਨੂੰ ਦਲੀਪ ਸਮਝ ਰਹੀ ਸੀ। ਕੀ ਉਸਦੀ ਦਿਮਾਗੀ ਖ਼ਰਾਬੀ ਨੇ ਭੂਪੀ ਅਤੇ ਦਲੀਪ ਨੂੰ ਦੋ ਤੋਂ ਇਕ ਕਰ ਦਿੱਤਾ ਸੀ ? ਉਸਦੀ ਨਿਰਛਲ, ਨਿਰਮਲ ਪ੍ਰਸੰਨਤਾ ਇਹ ਕਹਿੰਦੀ ਸੀ ਕਿ ਉਸਦੀ ਦਿਮਾਗੀ ਸਿਹਤ ਬਿਲਕੁਲ ਠੀਕ ਹੈ।

ਖਾਣ-ਖੁਆਉਣ ਤੋਂ ਵਿਹਲੀ ਹੋ ਕੇ ਮਾਤਾ ਨੇ ਸਾਨੂੰ ਮੰਜੇ ਉੱਤੇ ਬਿਠਾ ਲਿਆ ਅਤੇ ਇਕ ਨਿੱਕਾ ਜਿਹਾ ਸੂਟਕੇਸ ਸਾਡੇ ਕੋਲ ਲਿਆ ਰੱਖਿਆ ਅਤੇ ਮੈਨੂੰ ਖੋਲ੍ਹਣ ਲਈ ਆਖਿਆ। ਮੈਂ ਖੋਲ੍ਹਿਆ। ਉਸ ਵਿਚ ਨਿੱਕੇ ਬੱਚੇ ਦੇ ਕੱਪੜੇ ਸਨ। ਕੁਝ ਸੀਤੇ ਹੋਏ ਅਤੇ ਕੁਝ ਸਲਾਈਆਂ ਨਾਲ, ਕੁਝ ਕਰੋਸ਼ੀਏ ਨਾਲ ਉਣੇ ਹੋਏ। ਕੱਪੜੇ ਵਿਖਾਉਂਦਿਆਂ ਹੋਇਆਂ ਉਸਨੇ ਦੱਸਿਆ,



WWW.SIKHBOOKCLUB.COM 

"ਦੀਪੂ, ਮੇਰਾ ਖ਼ਿਆਲ ਸੀ ਜਦੋਂ ਤੂੰ ਆਵੇਂਗਾ ਤੇਰੇ ਨਾਲ ਤੇਰਾ ਕੋਈ ਬੱਚਾ, ਮੇਰਾ ਕੋਈ ਪੋਤਰਾ (ਜਾਂ ਮੇਰੀ ਪੋਤਰੀ) ਵੀ ਹੋਵੇਗਾ। ਮੇਰਾ ਇਹ ਖ਼ਿਆਲ ਗ਼ਲਤ ਨਿਕਲਿਆ। ਖ਼ੈਰ, ਕੋਈ ਗੱਲ ਨਹੀਂ। ਉਸਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਉਹ ਸਭ ਨੂੰ ਦਿੰਦਾ ਹੈ; ਅਸਾਂ ਕਿਸੇ ਦੇ ਮਾਂਹ ਮਾਰੇ ਹਨ ਕਿ ਸਾਨੂੰ ਨਾ ਦੇਵੇ ? ਇਹ ਕੱਪੜੇ ਤੁਸੀਂ ਨਾਲ ਲੈ ਜਾਇਓ। ਜਦੋਂ ਵੀ ਪਰਮਾਤਮਾ ਤੁਹਾਨੂੰ ਬੱਚਾ ਦੇਵੇ, ਇਹ ਕੱਪੜੇ ਪਾ ਕੇ ਉਸਦੀ ਫ਼ੋਟੋ ਮੈਨੂੰ ਘੱਲਿਓ।"

ਫਿਰ ਅਲਮਾਰੀ ਵਿਚੋਂ ਇਕ ਮਦਰਾਸੀ ਸਾੜ੍ਹੀ ਕੱਢ ਕੇ ਮੈਨੂੰ ਦਿੰਦਿਆਂ ਹੋਇਆਂ ਆਖਿਆ, "ਬੀਬੀ ਰਾਣੀ, ਸ਼ਾਮ ਨੂੰ ਇਹ ਸਾੜ੍ਹੀ ਲਾਵੀਂ। ਮੇਰਾ ਜੀ ਕਰਦਾ ਹੈ ਤੈਨੂੰ ਵੱਖ ਵੱਖ ਰੂਪਾਂ ਵਿਚ ਵੇਖਣ ਨੂੰ, ਧੀ ਦੇ ਰੂਪ ਵਿਚ, ਨੂੰਹ ਦੇ ਰੂਪ ਵਿਚ, ਮਾਂ ਦੇ ਰੂਪ ਵਿਚ, ਅੰਨਪੂਰਣਾ ਦੇ ਰੂਪ ਵਿਚ, ਗ੍ਰਹਿਲਕਸ਼ਮੀ ਦੇ ਰੂਪ ਵਿਚ। ਕਿੰਨੇ ਰੂਪ ਹਨ ਤੇਰੇ, ਧੀਏ ! ਕਿੰਨੀ ਭੁੱਖ ਹੈ ਮੈਨੂੰ ਤੇਰੇ ਅਨੇਕ ਰੂਪਾਂ ਨੂੰ ਵੇਖਣ ਦੀ !!" ਮਾਂ ਦੀਆਂ ਅੱਖਾਂ ਭਰ ਆਈਆਂ।

ਸ਼ਾਮ ਨੂੰ ਮਾਤਾ ਨੇ ਮਾਂਹ ਦੀ ਖਿਚੜੀ ਬਣਾਈ। ਮੈਂ ਫਿਰ ਹੈਰਾਨ ਹੋਈ ਕਿ ਮਾਂਹ ਦੀ ਖਿਚੜੀ ਤਾਂ ਭੂਪੀ ਦੀ ਪਸੰਦ ਹੈ। ਜਦੋਂ ਖਿਚੜੀ ਬਣ ਗਈ, ਉਸਨੇ ਭੂਪੀ ਨੂੰ ਆਖਿਆ, "ਦੀਪੂ ਪੁੱਤਰ, ਖਿਚੜੀ ਬਣ ਗਈ ਹੈ। ਆਪਣੇ ਘਰ ਲਵੇਰਾ ਨਹੀਂ। ਮੈਂ ਸੂਬੇਦਾਰਨੀ ਕੋਲੋਂ ਮੱਖਣ ਲੈ ਆਵਾਂ। ਤੁਸੀਂ ਰੋਟੀ ਖਾਣ ਲਈ ਤਿਆਰ ਹੋਵੋ।"

ਉਸਦੇ ਜਾਣ ਪਿੱਛੋਂ ਭੂਪੀ ਨੇ ਦੱਸਿਆ ਕਿ ਖਿਚੜੀ ਵਿਚ ਮੱਖਣ ਪਾ ਕੇ ਖਾਣਾ ਕੇਵਲ ਮੈਨੂੰ ਹੀ ਪਸੰਦ ਹੈ, ਦਲੀਪ ਨੂੰ ਮੱਖਣ ਨਾਲ ਨਫ਼ਰਤ ਸੀ। ਉਹ ਕਹਿੰਦਾ ਹੁੰਦਾ ਸੀ, 'ਮੱਖਣ ਦੀ ਚਿਕਨਾਹਟ ਦਾ ਚੇਤਾ ਕਰਕੇ ਮੇਰਾ ਜੀਅ ਕੱਚਾ ਹੋਣ ਲੱਗ ਪੈਂਦਾ ਹੈ', ਉਸਨੇ ਸਾਗ ਵਿਚ ਵੀ ਕਦੇ ਮੱਖਣ ਨਹੀਂ ਸੀ ਪਾਇਆ; ਤੜਕੇ ਵਿਚ ਜਿਹੜਾ ਘਿਉ ਪੈ ਗਿਆ, ਸੋ ਪੈ ਗਿਆ।

ਮਾਤਾ ਨੇ ਘਰ ਆ ਕੇ ਦੱਸਿਆ ਕਿ ਉਹ ਸੂਬੇਦਾਰਨੀ ਨੂੰ ਸਵੇਰੇ ਤਾਜ਼ਾ ਮੱਖਣ ਰੱਖਣ ਲਈ ਕਹਿ ਆਈ ਹੈ। ਸਵੇਰੇ ਉੱਠ ਕੇ ਉਸਨੇ ਫਿਰ ਆਲੂਆਂ ਵਾਲੇ ਪਰਾਉਂਠੇ ਪਕਾਏ। ਭੂਪੀ ਦੇ ਚਾਰ ਪਰਾਉਂਠੇ ਅਤੇ ਲੱਪ ਸਾਰਾ ਮੱਖਣ ਖਾਣ ਉੱਤੇ ਮਾਂ ਨੂੰ ਜੋ ਤ੍ਰਿਪਤੀ ਹੋਈ, ਉਹ ਉਸਦੇ ਚਿਹਰੇ ਉੱਤੇ ਪ੍ਰਤੱਖ ਵੇਖੀ ਜਾ ਸਕਦੀ ਸੀ। ਉਸ ਦਿਨ ਮਾਤਾ ਨੇ ਮੈਨੂੰ ਨਵੀਆਂ ਵਹੁਟੀਆਂ ਵਾਲੇ ਕੱਪੜੇ ਪਹਿਨਣ ਨੂੰ ਆਖਿਆ। ਉਹਦੀ ਆਗਿਆ ਮੰਨਣ ਵਿਚ ਕੋਈ ਵਿਸਮਾਦੀ ਆਨੰਦ ਸੀ। ਅਸਾਂ ਉਸਨੂੰ ਦੱਸਿਆ ਸੀ ਕਿ ਅੱਜ ਸ਼ਾਮ ਨੂੰ ਅਸਾਂ ਚਲੇ ਜਾਣਾ ਹੈ। ਸਾਡੇ ਕੋਲ ਹੋਰ ਵਕਤ ਨਹੀਂ ਸੀ।

ਸਾਡੀ ਵਿਦਾਇਗੀ ਦਾ ਸਮਾਂ ਨੇੜੇ ਆ ਗਿਆ। ਮਾਤਾ ਨੇ ਦੋਹਾਂ ਸਾੜ੍ਹੀਆਂ ਨੂੰ, ਜੋ ਮੈਂ ਪਹਿਨੀਆਂ ਸਨ ਅਤੇ ਉਸ ਸੂਟ ਨੂੰ, ਜਿਸ ਨੂੰ ਪਹਿਨ ਕੇ ਅੱਜ ਮੈਂ ਨਵੀਂ ਵਹੁਟੀ ਬਣ ਰਹੀ ਸਾਂ, ਉਸੇ ਨਿੱਕੇ ਜਿਹੇ ਸੂਟਕੇਸ ਵਿਚ ਰੱਖ ਦਿੱਤਾ, ਜਿਸ ਵਿਚ ਬੱਚੇ ਦੇ ਕੱਪੜੇ ਪਏ ਸਨ। ਅਸੀਂ ਜਿਸ ਤਰ੍ਹਾਂ ਦੇ ਆਏ ਸਾਂ ਉਸੇ ਤਰ੍ਹਾਂ ਦੇ ਵਿਦਾ ਹੋਣ ਲੱਗੇ। ਮਾਤਾ ਨੇ ਸੂਟਕੇਸ ਭੂਪੀ ਦੇ ਹੱਥ ਵਿਚ ਦੇ ਕੇ ਆਖਿਆ, "ਭੂਪੀ, ਜਦੋਂ ਤੂੰ ਦਰਵਾਜ਼ਾ ਖਟਖਟਾਇਆ ਸੀ, ਉਸ ਸਮੇਂ ਮੈਂ ਦੀਪੂ ਦੇ ਧਿਆਨ ਵਿਚ ਬੈਠੀ ਸਾਂ। ਆਪਣੇ ਆਪ ਤੋਂ ਉੱਕੀ ਬੇਖ਼ਬਰ ਸਾਂ ਕਿ ਦਰਵਾਜ਼ਾ ਖੜਕਿਆ। ਮੈਂ ਜਾਤਾ ਮੇਰਾ ਦੀਪੂ ਆਇਆ ਹੈ। ਜਿਵੇਂ ਕੋਈ ਨੀਂਦ

ਵਿਚ ਜਾਂ ਬੇਹੋਸ਼ੀ ਵਿਚ ਤੁਰਨ ਲੱਗ ਪਵੇ, ਮੈਂ ਦਰਵਾਜ਼ੇ ਵੱਲ ਆਈ। ਆਪਣੇ ਦੀਪੂ ਨੂੰ ਸਾਹਮਣੇ ਵੇਖ ਕੇ ਮੇਰੀ ਮਮਤਾ ਬੇਕਾਬੂ ਹੋ ਗਈ। ਮੈਂ ਦੀਪੂ ਨੂੰ ਗਲਵਕੜੀ ਵਿਚ ਲਿਆ ਅਤੇ ਹੌਲੀ ਹੌਲੀ ਮੁੜ ਆਪੇ ਵਿਚ ਪਰਤ ਆਈ। ਮੇਰੇ ਵਿਚਲੀ ਮਾਂ ਨੇ ਕੁਝ ਸਮੇਂ ਲਈ ਦੀਪੂ ਦੇ ਭਰਮ ਵਿਚ ਜੀਣਾ ਚਾਹਿਆ। ਮੇਰੀ ਚੇਤਨ 'ਮੈਂ' ਨੇ ਵੀ ਉਸਦਾ ਆਖਾ ਮੰਨ ਲਿਆ। ਪੁੱਤਰਾ, ਇਹ ਦੋ ਦਿਨ ਮੇਰੀ ਮਮਤਾ ਨੇ ਤੁਹਾਡੇ ਸਹਾਰੇ ਰੱਜ ਕੇ ਜੀਵਿਆ ਹੈ, ਮੈਂ ਤੁਹਾਡਾ ਦੇਣ ਨਹੀਂ ਦੇ ਸਕਦੀ।"

ਆਪਣੇ ਪਿੰਡ ਨੂੰ ਤੁਰੀ ਆਉਂਦੀ ਮੈਂ ਸੋਚ ਰਹੀ ਸਾਂ, "ਮੇਰੀ ਛੁੱਟੀ ਸਫਲ ਹੋਈ ਹੈ। ਇਸ ਮਾਂ ਦੀ ਮਮਤਾ ਵਿਚ ਰਾਜਸਥਾਨ ਦੀ ਹੀ ਨਹੀਂ, ਸਗੋਂ ਸਾਰੇ ਦੇਸ਼ ਦੀ ਸੁੰਦਰਤਾ ਮੈਂ ਵੇਖ ਲਈ ਹੈ।"

SIKHBOOKCLUB.COM

# ਸੰਵੇਦਨਾ

ਮੈਂ ਅਜਿਹੀ ਮੀਟਿੰਗ ਵਿਚ ਪਹਿਲੀ ਵੇਰ ਹੀ ਗਿਆ ਸਾਂ। ਮੇਰਾ ਇਕ ਮਿੱਤਰ ਬਦੋਬਦੀ ਮੈਨੂੰ ਨਾਲ ਲੈ ਗਿਆ ਸੀ। ਉਹ ਕਿਸੇ ਸਾਹਿਤ ਸਭਾ ਦਾ ਮੈਂਬਰ ਸੀ। ਉਹ ਆਪਣੀ ਸਭਾ ਦੀਆਂ ਸਾਹਿਤਿਕ ਸਰਗਰਮੀਆਂ ਦਾ ਜ਼ਿਕਰ ਕਰਦਾ ਰਹਿੰਦਾ ਸੀ। "ਸਾਡੀ ਸਭਾ ਉੱਚੇ ਪੱਧਰ ਦੀ ਸਾਹਿਤ ਸਿਰਜਣਾ ਦਾ ਜਿਊਂਦਾ ਜਾਗਦਾ ਸਰੋਤ ਹੈ; ਇਹ ਸਾਡੀ ਸੰਸਕ੍ਰਿਤੀ ਦੀ ਰੱਖਿਅਕ ਹੈ; ਇਹ ਦੇਸ਼-ਵਿਦੇਸ਼ ਦੇ ਸਾਹਿਤਕਾਰਾਂ ਨੂੰ ਸਨਮਾਨਤ ਕਰ ਕੇ ਉਨ੍ਹਾਂ ਨੂੰ ਅਤੇ ਉਨ੍ਹਾਂ ਵਰਗੇ ਹੋਰ ਕਈ ਸਾਹਿਤਕਾਰਾਂ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੀ ਹੈ, ਇਸ ਦੀਆਂ ਮਾਹਵਾਰੀ ਮੀਟਿੰਗਾਂ ਵਿਚ ਜ਼ਰੂਰੀ ਵਿਸ਼ਿਆਂ ਉੱਤੇ ਗੰਭੀਰ ਚਰਚਾ ਹੁੰਦੀ ਹੈ; ਮਿਆਰੀ ਸਾਹਿਤ ਨਾਲ ਜਾਣ-ਪਛਾਣ ਹੁੰਦੀ ਹੈ; ਇਸ ਰਾਹੀਂ ਪ੍ਰਤਿਭਾਵਾਨ ਵਿਅਕਤੀਆਂ ਦੀ ਸੁਹਬਤ ਵਿਚ ਸਮਾਂ ਗੁਜ਼ਾਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ," ਅਤੇ ਇਹੋ ਜਿਹੇ ਕਈ ਹੋਰ ਬਾਗ਼ਾਂ ਦੀ ਹਰਿਆਵਲ ਨੇ ਮੈਨੂੰ ਆਪਣੇ ਮਿੱਤਰ ਦੀ ਸਿਆਣਪ ਉੱਤੇ ਭਰਪੂਰ ਭਰੋਸਾ ਕਰਨ ਲਈ ਤਿਆਰ ਕਰ ਲਿਆ। ਜੀਵਨ ਵਿਚ ਪਹਿਲੀ ਵੇਰ ਮੈਂ ਇਕ ਸਾਹਿਤਿਕ ਮੀਟਿੰਗ ਵਿਚ ਚਲਾ ਗਿਆ।

ਮੇਰੇ ਮਿੱਤਰ ਦੇ ਦੱਸਣ ਅਨੁਸਾਰ ਉਹ ਮੀਟਿੰਗ ਵਿਸ਼ੇਸ਼ ਤੌਰ ਉੱਤੇ ਮਹੱਤਵਪੂਰਣ ਸੀ। ਉਸ ਦਿਨ ਸਭਾ ਦੇ ਸ੍ਰੇਸ਼ਟ ਕਹਾਣੀਕਾਰ ਨੇ ਆਪਣੀ ਲਿਖੀ ਕਹਾਣੀ ਪੜ੍ਹ ਕੇ ਸੁਣਾਉਣੀ ਸੀ। ਸਭਾ ਦੇ ਮੈਂਬਰ ਉਸ ਲੇਖਕ ਨੂੰ ਕਹਾਣੀ-ਜਗਤ ਦਾ ਬੇ-ਤਾਜ ਬਾਦਸ਼ਾਹ ਮੰਨਦੇ ਸਨ। ਜਿਹੜੀ ਕਹਾਣੀ ਉਸ ਮੀਟਿੰਗ ਵਿਚ ਸੁਣਾਈ ਜਾਣ ਵਾਲੀ ਸੀ, ਉਹ ਸਾਹਿਤ-ਸੰਸਾਰ ਵਿਚ ਆਪਣੀ ਉਚੇਚੀ ਥਾਂ ਬਣਾ ਚੁੱਕੀ ਸੀ। ਪਿਛਲੇ ਇਕ ਮਹੀਨੇ ਤੋਂ ਅਖ਼ਬਾਰਾਂ-ਇਸ਼ਤਿਹਾਰਾਂ ਰਾਹੀਂ ਮੀਟਿੰਗ ਵਿਚ ਪੜ੍ਹੀ ਜਾਣ ਵਾਲੀ ਇਸ ਕਹਾਣੀ ਬਾਰੇ ਲੋਕਾਂ ਨੂੰ ਦੱਸਿਆ ਜਾ ਰਿਹਾ ਸੀ—ਕੇਵਲ ਮੀਟਿੰਗ ਦਾ ਸਮਾਂ-ਸਥਾਨ ਹੀ ਨਹੀਂ, ਸਗੋਂ ਕਹਾਣੀ ਦੇ ਵਿਸ਼ੇ-ਵਸਤੂ ਬਾਰੇ ਵੀ।

ਪਰੰਤੂ ਇਸ ਸੂਚਨਾ-ਸੰਚਾਰ ਦਾ ਆਮ ਲੋਕਾਂ ਉੱਤੇ ਬਹੁਤਾ ਅਸਰ ਨਹੀਂ ਸੀ ਹੋਇਆ। ਮੀਟਿੰਗ ਦੀ ਹਾਜ਼ਰੀ ਦੋ ਕੁ ਦਰਜਨ ਵਿਅਕਤੀਆਂ ਤੋਂ ਘੱਟ ਹੀ ਸੀ। ਹਾਜ਼ਰ ਲੋਕਾਂ ਵਿਚ ਨਿਰੋਲ ਸਰੋਤਾ, ਸ਼ਾਇਦ ਮੈਂ ਇਕੱਲਾ ਹੀ ਸਾਂ। ਬਾਕੀ ਸਾਰੇ ਲੇਖਕ ਸਨ; ਕਵੀ, ਕਹਾਣੀਕਾਰ, ਨਾਵਲਕਾਰ, ਗ਼ਜ਼ਲ ਗੋ ਅਤੇ ਆਲੋਚਕ। ਉਨ੍ਹਾਂ ਵਿਚ ਅੱਧਿਉਂ ਬਹੁਤੇ ਪੀ-ਐਚ.ਡੀ. ਸਨ। ਇਸ ਸੱਚ ਤੋਂ ਜਾਣੂ ਹੋਣ ਦਾ ਸੁਭਾਗ ਮੈਨੂੰ ਇਸ ਕਰਕੇ ਪ੍ਰਾਪਤ ਹੋ ਗਿਆ ਕਿ ਮੀਟਿੰਗ ਦੇ ਆਰੰਭ ਵਿਚ ਸਭਾ ਦੇ ਸੈਕਟਰੀ ਨੇ ਹਾਜ਼ਰ ਲੋਕਾਂ ਦੀ ਜਾਣ-ਪਛਾਣ ਕਰਾਈ ਸੀ। ਇਹ ਜਾਣ-ਪਛਾਣ ਨਿਰੋਲ ਰਸਮੀ ਸੀ। ਉਥੇ ਆਉਣ ਉੱਤੇ

ਉਹ ਸਾਰੇ ਜਿਸ ਗਰਮਜੋਸ਼ੀ ਨਾਲ ਇਕ ਦੂਜੇ ਨੂੰ ਮਿਲੇ ਸਨ ਅਤੇ ਜਿਨ੍ਹਾਂ ਖੁੱਲ੍ਹੇ-ਖੁਲਾਸੇ ਸ਼ਬਦਾਂ ਵਿਚ ਉਨ੍ਹਾਂ ਨੇ ਇਕ ਦੂਜੇ ਦੀ ਸੁਖ-ਸਾਂਦ ਪੁੱਛੀ ਸੀ, ਉਸ ਤੋਂ ਇਹ ਭਲੀ-ਭਾਂਤ ਪ੍ਰਗਟ ਸੀ ਕਿ ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਜਾਣ-ਪਛਾਣ ਦੀ ਰਸਮ ਅਦਾ ਕਰਦੇ ਹੋਏ ਸੈਕਟਰੀ ਸਾਹਿਬ ਜਦੋਂ ਮੇਰੇ ਤਕ ਪੁੱਜੇ ਤਾਂ ਉਨ੍ਹਾਂ ਦੀ ਜ਼ੁਬਾਨ ਪਹਿਲਾਂ ਕੁਝ ਅਟਕੀ, ਥਥਲਾਈ ਅਤੇ ਫਿਰ ਰੁਕ ਗਈ। ਉਹ ਮੈਨੂੰ ਜਾਣਦੇ ਨਹੀਂ ਸੀ। ਮੇਰੇ ਮਿੱਤਰ ਨੇ ਉਨ੍ਹਾਂ ਦੀ ਮੁਸ਼ਕਲ ਹੱਲ ਕਰਦਿਆਂ ਹੋਇਆਂ ਆਖਿਆ, "ਇਹ ਮੇਰੇ ਮਿੱਤਰ..........ਸਿੰਘ ਜੀ ਹਨ; ਇਨ੍ਹਾਂ ਨੂੰ ਸਾਹਿਤ ਨਾਲ ਪਿਆਰ ਹੈ।"

ਜਾਣ-ਪਛਾਣ ਤੋਂ ਪਿੱਛੋਂ ਸੈਕਟਰੀ ਸਾਹਿਬ ਨੇ ਸਮੇਂ ਸਿਰ ਪੁੱਜਣ ਲਈ ਸਭ ਦਾ ਧੰਨਵਾਦ ਕਰਦਿਆਂ ਹੋਇਆਂ ਇਹ ਵੀ ਆਖਿਆ, "ਅੱਜ ਦੀ ਹਾਜ਼ਰੀ ਸਾਡੀ ਆਸ ਉਮੀਦ ਤੋਂ ਕਿਤੇ ਵੱਧ ਹੈ। ਸਾਹਿਤਿਕ ਸਮਾਰੋਹਾਂ ਉੱਤੇ ਹਾਜ਼ਰੀ ਦਾ ਵੱਧ ਹੋਣਾ ਗ਼ੈਰ-ਕੁਦਰਤੀ ਹੈ, ਕਿਉਂਕਿ ਮਿਆਰੀ ਕਲਾ ਦੀ ਸੂਝ ਆਮ ਲੋਕਾਂ ਨੂੰ ਨਹੀਂ ਹੁੰਦੀ। ਅੱਜ ਦੀ ਹਾਜ਼ਰੀ ਦਾ ਸਿਹਰਾ ਸਾਡੇ ਮਿੱਤਰ ਦੀ ਕਹਾਣੀ-ਕਲਾ ਦੇ ਸਿਰ ਹੈ। ਇਹ ਮਾਂ-ਬੋਲੀ ਦੇ ਅਣਥੱਕ ਸੇਵਕ ਹਨ। ਗਰੋਸਰੀ ਦੀ ਦੁਕਾਨ ਕਰਦਿਆਂ ਹੋਇਆਂ ਪੀ-ਐਚ.ਡੀ. ਦੀ ਤਿਆਰੀ ਕਰਨੀ ਅਤੇ ਪੀ-ਐਚ.ਡੀ. ਦੀ ਤਿਆਰੀ ਕਰਦਿਆਂ ਹੋਇਆਂ ਸਾਹਿਤ-ਰਚਨਾ ਜਾਰੀ ਰੱਖਣੀ ਹਾਰੀ-ਸਾਰੀ ਦਾ ਕੰਮ ਨਹੀਂ। ਮੈਂ ਉਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਕਹਾਣੀ ਪੜ੍ਹ ਕੇ ਸੁਣਾਉਣ।"

ਕਹਾਣੀਕਾਰ ਜੀ ਆਪਣੀ ਕਹਾਣੀ ਪੜ੍ਹਨ ਲਈ ਮੰਚ ਉੱਤੇ ਆ ਗਏ। ਅਜੇ ਉਹ ਸਭਾ ਦੇ 'ਸੰਚਾਲਕਾਂ' ਅਤੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਆਏ 'ਸਾਹਿਤਕਾਰਾਂ ਅਤੇ ਕਲਾ-ਪਾਰਖੂਆਂ' ਦਾ ਧੰਨਵਾਦ ਹੀ ਕਰ ਰਹੇ ਸਨ ਕਿ ਪੈਂਤੀ ਕੁ ਸਾਲਾਂ ਦਾ ਇਕ ਆਦਮੀ ਹਾਲ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਦਾਖ਼ਲ ਹੋਇਆ। ਸਾਰਿਆਂ ਵਾਂਗ ਮੈਂ ਵੀ ਮੁੜ ਕੇ ਉਸ ਆਦਮੀ ਵੱਲ ਵੇਖਿਆ। ਉਹ ਆਦਮੀ ਸਾਹਿਤਕਾਰ ਜਾਂ ਸਮਾਲੋਚਕ ਨਾ ਹੋਣ ਕਰਕੇ ਉਨ੍ਹਾਂ ਸਾਰਿਆਂ ਲਈ ਓਪਰਾ ਸੀ, ਮੇਰੇ ਮਿੱਤਰ ਲਈ ਵੀ। ਸਾਰੇ ਸਾਹਿਤਕਾਰਾਂ ਨੇ ਉਸ ਵੱਲੋਂ ਇਉਂ ਮੂੰਹ ਮੋੜ ਲਿਆ, ਜਿਵੇਂ ਸਾਹਿਤਿਕ ਮੀਟਿੰਗ ਵਿਚ ਓਪਰਿਆਂ ਦਾ ਆਗਮਨ ਉਨ੍ਹਾਂ ਨੂੰ ਸੁਖਾਇਆ ਨਾ ਹੋਵੇ। ਮੈਂ 'ਉਸ ਨੂੰ' ਜਾਣਦਾ ਸਾਂ ਪਰ ਓਨਾ ਨਹੀਂ, ਜਿੰਨਾ 'ਉਸ ਬਾਰੇ'। ਮੈਂ ਆਪਣੀ ਥਾਂ ਤੋਂ ਉੱਠ ਕੇ ਉਸ ਕੋਲ ਗਿਆ ਅਤੇ ਬਾਹੋਂ ਪਕੜ ਕੇ, ਸਤਿਕਾਰ ਨਾਲ, ਉਸ ਨੂੰ ਆਪਣੇ ਲਾਗਲੀ ਕੁਰਸੀ ਉੱਤੇ ਲਿਆ ਬਿਠਾਇਆ। ਬੈਠਣ ਤੋਂ ਪਹਿਲਾਂ ਉਸਨੇ ਆਪਣੇ ਹੱਥ ਵਿਚਲਾ ਕਾਗ਼ਜ਼ ਤਹਿ ਕਰ ਕੇ ਆਪਣੇ ਕੋਟ ਦੀ ਅੰਦਰਲੀ ਜੇਬ ਵਿਚ ਪਾਇਆ। ਇਹ, ਇਸ ਮੀਟਿੰਗ ਦੀ ਸੂਚਨਾ ਦੇਣ ਲਈ, ਸਭਾ ਵੱਲੋਂ ਛਾਪਿਆ ਹੋਇਆ ਇਸ਼ਤਿਹਾਰ ਸੀ। ਉਸ ਆਦਮੀ ਪ੍ਰਤੀ ਮੇਰਾ ਸਾਦਰ ਵਤੀਰਾ ਇਕ ਪ੍ਰਕਾਰ ਦੀ ਜ਼ਮਾਨਤ ਸੀ, ਜਿਹੜੀ ਮਨਜ਼ੂਰ ਕਰ ਲਈ ਗਈ ਅਤੇ ਕਹਾਣੀਕਾਰ ਨੇ ਕਹਿਣਾ ਸ਼ੁਰੂ ਕੀਤਾ, "ਜਿਹਾ ਕਿ ਸਭਾ ਦੁਆਰਾ ਛਾਪੇ ਗਏ ਇਸ਼ਤਿਹਾਰ ਵਿਚ ਵੀ ਦੱਸਿਆ ਗਿਆ ਹੈ, ਇਹ ਕਹਾਣੀ ਕੋਰੀਆ ਦੇ ਉਸ ਹਵਾਈ ਜਹਾਜ਼ ਨਾਲ ਸੰਬੰਧਤ ਹੈ, ਜਿਸ ਨੂੰ ਅਮਰੀਕਾ ਦੁਆਰਾ ਜਸੂਸੀ ਲਈ ਵਰਤਿਆ ਜਾ ਰਿਹਾ ਹੋਣ ਕਰਕੇ, ਰੂਸੀਆਂ ਨੇ ਰਾਕਟ ਮਾਰ ਕੇ ਤਬਾਹ ਕਰ ਦਿੱਤਾ ਸੀ।"

ਮੈਂ ਸਭਾ ਦਾ ਇਸ਼ਤਿਹਾਰ ਨਹੀਂ ਸੀ ਪੜ੍ਹਿਆ; ਆਪਣੇ ਮਿੱਤਰ ਦੇ ਕਹੇ ਕਹਾਏ ਮੀਟਿੰਗ ਵਿਚ ਆਇਆ ਸਾਂ। ਕਹਾਣੀਕਾਰ ਦੇ ਉਪਰੋਕਤ ਵਾਕ ਨੂੰ ਸੁਣ ਕੇ ਮੈਂ ਕੁਝ ਚਿੰਤਾਤੁਰ ਹੋ ਗਿਆ। ਮੇਰੀ ਚਿੰਤਾ ਦਾ ਕਾਰਣ ਸੀ ਮੇਰੇ ਲਾਗੇ ਬੈਠਾ ਨਵਾਂ ਆਇਆ ਆਦਮੀ। ਉਸਨੇ ਆਪਣਾ ਸੱਜਾ ਹੱਥ ਆਪਣੇ ਕੋਟ ਦੀ ਅੰਦਰਲੀ ਜੇਬ ਵਿਚ ਪਾ ਕੇ ਉਸ ਵਿਚ ਪਏ ਇਸ਼ਤਿਹਾਰ ਨੂੰ ਟਟੋਲਿਆ, ਹੱਥ ਕੋਟ ਦੀ ਜੇਬ ਵਿਚੋਂ ਬਾਹਰ ਕੱਢ ਲਿਆ ਅਤੇ ਖੱਬੇ ਹੱਥ ਨਾਲ ਆਪਣੇ ਕੋਟ ਦੀ ਜੇਬ ਵਿਚ ਪਏ ਇਸ਼ਤਿਹਾਰ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। ਆਪਣੇ ਦਿਲ ਦੇ ਐਨ ਲਾਗੇ ਲੱਗੀ ਹੋਈ ਜੇਬ ਵਿਚ ਪਏ ਇਸ਼ਤਿਹਾਰ ਨੂੰ ਆਪਣੇ ਸੀਨੇ ਨਾਲ ਲਾਈ, ਉਹ ਕਹਾਣੀਕਾਰ ਵੱਲ ਵੇਖ ਰਿਹਾ ਸੀ। ਉਹ ਆਪਣੀ ਕਹਾਣੀ ਦੀ ਭੂਮਿਕਾ ਬੰਨ੍ਹ ਰਹੇ ਸਨ ਅਤੇ ਮੈਂ ਉਸ ਆਦਮੀ ਬਾਰੇ ਸੋਚ ਰਿਹਾ ਸਾਂ—ਉਸਦਾ ਨਾਂ ਜੀਵਨ ਸੀ; ਜੀਵਨ ਸਿੰਘ ਜਾਂ ਜੀਵਨ ਰਾਮ, ਮੈਨੂੰ ਪਤਾ ਨਹੀਂ। ਉਹ ਫੋਰਡ ਕਾਰ ਫ਼ੈਕਟਰੀ ਵਿਚ ਇਲੈਕਟ੍ਰੀਕਲ ਇੰਜੀਨੀਅਰ ਸੀ। ਉਸਦੇ ਸਕੇ-ਸੰਬੰਧੀ ਅਤੇ ਮਿੱਤਰ ਦੂਰ-ਪੂਰਬ ਦੇ ਦੇਸ਼ਾਂ ਵਿਚ ਵੱਸਦੇ ਸਨ। ਉਹ ਪੜ੍ਹਨ ਲਈ ਵਲੈਤ ਆਇਆ ਸੀ ਅਤੇ ਇੰਜੀਨੀਅਰਿੰਗ ਪਾਸ ਕਰਕੇ ਏਥੇ ਹੀ ਫੋਰਡ ਵਿਚ ਕੰਮ ਕਰਨ ਲੱਗ ਪਿਆ ਸੀ। ਫੋਰਡ ਫ਼ੈਕਟਰੀ ਦੇ ਲਾਗੇ ਹੀ ਡੈਗਨ੍ਹਮ ਵਿਚ ਉਸਦਾ ਸੈਮੀ ਡਿਟੈਚਡ ਘਰ ਸੀ। ਉਸ ਦੀ ਪਤਨੀ ਦੇ ਮਾਤਾ-ਪਿਤਾ ਵੀ ਦੂਰ-ਪੂਰਬ ਵਿਚ ਰਹਿੰਦੇ ਸਨ।

ਜੀਵਨ ਵਾਂਗ ਉਸਦੀ ਪਤਨੀ ਜੋਤੀ ਵੀ ਉਚੇਰੀ ਵਿਦਿਆ ਲਈ ਵਲੈਤ ਆਈ ਸੀ। ਇਥੇ ਹੀ ਜੀਵਨ ਨਾਲ ਉਸਦੀ ਜਾਣ-ਪਛਾਣ, ਮਿੱਤਰਤਾ ਅਤੇ ਸ਼ਾਦੀ ਹੋਈ ਸੀ। ਜੀਵਨ ਅਤੇ ਜੋਤੀ ਦਾ ਇਹ ਸੰਬੰਧ ਉਨ੍ਹਾਂ ਦੇ ਮਾਪਿਆਂ ਨੂੰ ਪਸੰਦ ਨਹੀਂ ਸੀ। ਜੀਵਨ ਦੇ ਮਾਤਾ-ਪਿਤਾ ਨੇ ਉਸ ਨਾਲੋਂ ਕਾਨੂੰਨੀ ਤੌਰ ਉੱਤੇ ਨਾਤਾ ਤੋੜਨ ਦੀ ਹਿੰਮਤ ਜਾਂ ਹਿਮਾਕਤ ਕਰ ਲਈ ਸੀ। ਉਨ੍ਹਾਂ ਦੇ ਤਿੰਨ ਪੁੱਤਰ ਹੋਰ ਸਨ। ਆਪਣਾ ਸਭ ਕੁਝ ਉਨ੍ਹਾਂ ਨੂੰ ਦੇ ਕੇ ਉਹ ਆਸਾਰ ਸੰਸਾਰ ਤੋਂ ਵਿਦਾ ਹੋ ਚੁੱਕੇ ਸਨ। ਜੋਤੀ ਆਪਣੇ ਮਾਪਿਆਂ ਦੀ ਇਕੋ ਇਕ ਔਲਾਦ ਹੋਣ ਕਰਕੇ, ਮਾਪਿਆਂ ਅਤੇ ਜੋਤੀ ਵਿਚਲਾ ਸੰਬੰਧ-ਸੂਤ ਏਨਾ ਸੌਖਾ ਟੁੱਟਣ ਵਾਲਾ ਨਹੀਂ ਸੀ। ਏਸੇ ਭਰੋਸੇ ਦੇ ਸਹਾਰੇ, ਜੋਤੀ ਆਪਣੇ ਜੀਵਨ ਦੀਆਂ ਦੋ 'ਕਿਰਨਾਂ' ਨੂੰ ਨਾਲ ਲੈ ਕੇ ਆਪਣੇ ਮਾਪਿਆਂ ਨੂੰ ਜਾ ਮਿਲੀ। ਇਸ ਮਿਲਾਪ ਦੀ ਰੌਸ਼ਨੀ ਨੇ ਸ਼ੱਕਾਂ ਅਤੇ ਗਿਲਿਆਂ ਦੇ ਸਾਰੇ ਹਨੇਰੇ ਹਟਾ ਕੇ ਮਾਪਿਆਂ ਦੇ ਮਨਾਂ ਨੂੰ ਪ੍ਰਸੰਨਤਾ ਦੇ ਪ੍ਰਕਾਸ਼ ਨਾਲ ਭਰ ਦਿੱਤਾ। ਆਪਣੀ ਪ੍ਰਸੰਨਤਾ ਨੂੰ ਆਪਣੇ ਸਨੇਹੀਆਂ ਨਾਲ ਸਾਂਝੀ ਕਰਨ ਲਈ ਜੋਤੀ ਆਪਣੇ ਮਾਤਾ-ਪਿਤਾ ਅਤੇ ਦੋ ਬੱਚਿਆਂ ਸਮੇਤ ਓਸੇ ਕੋਰੀਅਨ ਹਵਾਈ ਜਹਾਜ਼ ਵਿਚ ਸਫ਼ਰ ਕਰ_ਰਹੀ ਸੀ, ਜਿਸ ਨਾਲ ਸੰਬੰਧਤ ਕਹਾਣੀ ਸਾਡੇ ਸ੍ਰੇਸ਼ਟ ਕਹਾਣੀਕਾਰ ਦੁਆਰਾ ਲਿਖੀ ਗਈ ਸੀ ਅਤੇ ਇਸ ਸਮੇਂ ਸੁਣਾਈ ਜਾਣ ਵਾਲੀ ਸੀ।

ਕਹਾਣੀਕਾਰ ਜੀ ਕਹਿ ਰਹੇ ਸਨ, "ਆਪਣੀ ਕਹਾਣੀ ਰਾਹੀਂ ਰੂਸ ਦ ਪੱਖ ਨੂੰ, ਲੋਕਾਂ ਦੇ ਪੱਖ ਨੂੰ, ਮਾਨਵਤਾ ਦੇ ਪੱਖ ਨੂੰ, ਨਿਆਏ ਅਤੇ ਸੱਚ ਦੇ ਪੱਖ ਨੂੰ, ਮੈਂ, ਕਿੰਨਾ ਕੁ ਉਭਾਰ ਸਕਿਆ ਹਾਂ, ਇਸਦਾ ਨਿਰਣਾ ਵਿਦਵਾਨ, ਸਾਹਿਤਕਾਰਾਂ ਅਤੇ ਸਮਾਲੋਚਕਾਂ ਨੇ ਕਰਨਾ ਹੈ।"



WWW.SIKHBOOKCLUB.COM 

ਜੀਵਨ ਨੇ, ਉਸਦੀ ਪੀੜ ਤੋਂ ਅਣਜਾਣ ਅਤੇ ਅਭਿੱਜ ਵਿਦਵਾਨਾਂ, ਸਾਹਿਤਕਾਰਾਂ ਅਤੇ ਸਮਾਲੋਚਕਾਂ ਦੀ ਇਕੱਤਰਤਾ ਨੂੰ ਸ਼ਰਧਾ ਅਤੇ ਸ਼ੱਕ ਦੇ ਰਲੇ ਮਿਲੇ ਭਾਵਾਂ ਨਾਲ ਵੇਖਿਆ। ਸ਼ਰਧਾ ਉਸਦੇ ਸੁਭਾ ਦਾ ਹਿੱਸਾ ਸੀ, ਉਸਦਾ ਅਸਲਾ ਸੀ ਅਤੇ ਸ਼ੱਕ ਉਸਦੇ ਸਮਾਜਕ ਚੌਗਿਰਦੇ ਦੀ ਦੇਣ ਸੀ, ਉਸਦੇ ਸੱਟ-ਖਾਧੇ ਮਨ ਦੀ ਰੋਗੀ, ਸੋਗੀ ਪ੍ਰਤੀਕਿਰਿਆ ਸੀ। ਉਹ ਆਪਣੀ ਮਰਜ਼ੀ ਦੇ ਵਿਰੁੱਧ, ਆਪਣੇ ਅਸਲੇ ਦੇ ਉਲਟ, ਸ਼ਰਧਾ ਤੋਂ ਸ਼ੱਕ ਵੱਲ ਧੱਕਿਆ ਜਾ ਰਿਹਾ ਸੀ। ਆਪਣੇ ਪਰਿਵਾਰ ਦੇ ਜੀਆਂ ਦੀ ਮੌਤ ਦੇ ਸਦਮੇ ਨੂੰ ਉਹ ਝੱਲ ਨਹੀਂ ਸੀ ਸਕਿਆ। ਕਈ ਦਿਨ ਹਸਪਤਾਲ ਵਿਚ ਬੇਹੋਸ਼ ਪਿਆ ਰਿਹਾ ਸੀ। ਡਾਕਟਰਾਂ ਦੀ ਸਿਆਣਪ, ਮਿਹਨਤ ਅਤੇ ਲਗਨ ਨੇ ਉਸਦੀ ਜਾਨ ਭਾਵੇਂ ਬਚਾ ਲਈ ਸੀ ਪਰ ਉਸਦੇ ਮਾਨਸਿਕ ਸੰਤੁਲਨ ਨੂੰ ਉਹ ਠੀਕ ਨਹੀਂ ਸਨ ਕਰ ਸਕੇ। ਉਸਨੂੰ ਮਾਨਸਿਕ ਰੋਗੀਆਂ ਦੇ ਹਸਪਤਾਲ ਵਿਚ ਰੱਖ ਲਿਆ ਗਿਆ ਸੀ। ਉਹ ਖ਼ਤਰਨਾਕ ਨਹੀਂ ਸੀ, ਇਸ ਲਈ ਉਸਨੂੰ ਇਧਰ ਉਧਰ ਆਉਣ ਜਾਣ ਦੀ ਖੁੱਲ੍ਹ ਸੀ। ਉਹ ਪੂਰਬੀ ਲੰਡਨ ਦੀਆਂ ਮਾਰਕੀਟਾਂ ਅਤੇ ਪਾਰਕਾਂ ਵਿਚ ਚੁੱਪ-ਚਾਪ ਅਤੇ ਨਿਰ-ਉਦੇਸ਼ ਘੁੰਮਦਾ ਫਿਰਦਾ ਰਹਿੰਦਾ ਸੀ। ਥੋੜਾ ਜਿਹਾ ਤੁਰ ਕੇ ਰੁਕ ਜਾਣਾ ਅਤੇ ਰੁਕ ਕੇ ਆਕਾਸ਼ ਵੱਲ ਵੇਖੀ ਜਾਣਾ, ਕੁਝ ਚਿਰ ਆਕਾਸ਼ ਵੱਲ ਵੇਖ ਕੇ ਅਚਾਨਕ ਤ੍ਰਭਕਣਾ ਅਤੇ ਤ੍ਰਭਕ ਕੇ ਮੁੜ ਆਪਣੇ ਆਪ ਵਿਚ ਆਉਣਾ ਅਤੇ ਅਗੇਰੇ ਤੁਰ ਪੈਣਾ ਉਸਦੀ ਆਦਤ ਤੋਂ ਅਗੇਰੇ ਲੰਘ ਕੇ ਉਸਦੀ ਫ਼ਿਤਰਤ ਬਣ ਗਿਆ ਸੀ।

ਲੋਕ ਉਸ ਵੱਲੋਂ ਬੇ-ਧਿਆਨ ਰਹਿੰਦੇ ਸਨ ਪਰ ਉਹ ਲੋਕਾਂ ਵੱਲੋਂ ਬੇ-ਧਿਆਨ ਨਹੀਂ ਸੀ ਹੁੰਦਾ। ਮਾਪਿਆਂ ਦੀ ਸੁਰੱਖਿਆ ਸਰਪ੍ਰਸਤੀ ਵਿਚ ਤੁਰੇ ਜਾਂਦੇ ਬੱਚਿਆਂ ਨੂੰ ਵੇਖ ਕੇ ਉਹ ਕੀਲਿਆ ਜਾਂਦਾ ਸੀ। ਕੁਝ ਚਿਰ ਲਈ ਉਸਦਾ ਚਿਹਰਾ ਚਮਕ ਉੱਠਦਾ ਸੀ। ਉਸਨੂੰ ਸਾਰਾ ਆਪਾ ਭੁੱਲ ਜਾਂਦਾ ਸੀ। ਕੁਝ ਚਿਰ ਇਸ ਅਵਸਥਾ ਵਿਚ ਰਹਿ ਕੇ ਉਹ ਮੁੜ ਆਪਣੀ ਨਿਰਾਸ਼, ਉਦਾਸ ਅਤੇ ਨਿਰ-ਉਦੇਸ਼ ਦੁਨੀਆਂ ਵਿਚ ਪਰਤ ਆਉਂਦਾ ਸੀ। ਅਜਿਹੀ ਅਵਸਥਾ ਵਿਚੋਂ ਪਰਤ ਕੇ ਉਹ ਤੇਜ਼ ਤੇਜ਼ ਤੁਰਦਾ ਹੋਇਆ ਹਸਪਤਾਲ ਵਿਚ ਵਾਪਸ ਆ ਜਾਂਦਾ ਸੀ ਅਤੇ ਘੰਟਿਆਂ ਬੱਧੀ ਉਸਦੀ ਹਾਲਤ ਤਰਸਯੋਗ ਬਣੀ ਰਹਿੰਦੀ ਸੀ।

ਇਕ ਸਨਿਚਰਵਾਰ ਈਸਟ ਹੈਮ ਦੀ ਹਾਈ ਸਟ੍ਰੀਟ ਵਿਚ ਤੁਰਦਿਆਂ ਉਸਨੇ ਪੰਜ ਕੁ ਸਾਲ ਦੇ ਇਕ ਬੱਚੇ ਨੂੰ ਕਲਾਵੇ ਵਿਚ ਲੈ ਲਿਆ। ਬੱਚੇ ਦੇ ਮਾਤਾ-ਪਿਤਾ ਵੀ ਨਾਲ ਸਨ। ਉਹ ਬਹੁਤ ਘਬਰਾ ਗਏ ਅਤੇ ਬੱਚੇ ਨੂੰ ਉਸ ਕੋਲੋਂ ਛੁਡਾਉਣ ਦਾ ਜਤਨ ਕਰਨ ਲੱਗੇ। ਇਸ ਹਫੜਾ ਦਫੜੀ ਵਿਚ ਬੱਚੇ ਨੇ ਰੋਣਾ ਸ਼ੁਰੂ ਕਰ ਦਿੱਤਾ। ਲੋਕਾਂ ਦੀ ਭੀੜ ਇਸ ਘਟਨਾ ਦੁਆਲੇ ਇਕੱਠੀ ਹੋ ਗਈ। ਪੁਲੀਸ ਦੇ ਦੋ ਸਿਪਾਹੀ ਵੀ ਆ ਗਏ। ਉਨ੍ਹਾਂ ਨੇ ਲੋਕਾਂ ਨੂੰ ਜ਼ਰਾ ਪਰੇ ਕਰ ਕੇ ਜੀਵਨ ਨਾਲ ਗੱਲ ਕਰਨੀ ਚਾਹੀ। ਉਹ ਬੱਚੇ ਨੂੰ ਗਲ ਨਾਲ ਲਾਈ ਖੜਾ ਸੀ। ਉਸਦੇ ਚਿਹਰੇ ਉਤਲੀ ਸ਼ਾਂਤੀ ਅਤੇ ਅੱਖਾਂ ਵਿਚਲੀ ਮਮਤਾ ਦੱਸ ਰਹੀ ਸੀ ਕਿ ਬੱਚੇ ਨੂੰ ਉਸ ਕੋਲੋਂ ਕੋਈ ਖ਼ਤਰਾ ਨਹੀਂ। ਛੇਤੀ ਹੀ ਬੱਚਾ ਰੋਣੋ ਹਟ ਗਿਆ। ਪੁਲੀਸ ਕਰਮਚਾਰੀ ਸਾਵਧਾਨੀ ਨਾਲ ਇਹ ਸਭ ਕੁਝ ਵੇਖਦੇ ਰਹੇ। ਉਸਨੇ ਅੱਖਾਂ ਬੰਦ ਕਰ ਲਈਆਂ, ਹੌਲੀ ਹੌਲੀ ਬੱਚੇ ਨੂੰ ਆਪਣੇ ਮੋਢੇ ਨਾਲੋਂ ਸਰਕਾ ਕੇ ਸੜਕ ਉੱਤੇ ਖੜਾ ਕਰ ਦਿੱਤਾ ਅਤੇ ਤੇਜ਼ ਤੁਰਦਾ ਹੋਇਆ ਹਸਪਤਾਲ ਪੁੱਜ ਗਿਆ।


WWW.SIKHBOOKCLUB.COM

ਉਸ ਦਿਨ ਤੋਂ ਪਿੱਛੋਂ, ਹਸਪਤਾਲੋਂ ਬਾਹਰ, ਇਕ ਆਦਮੀ ਦਾ ਉਸ ਨਾਲ ਰੱਖਿਆ ਜਾਣਾ ਜ਼ਰੂਰੀ ਹੋ ਗਿਆ। ਉਹ ਅੱਜ ਵੀ ਨਾਲ ਹੈ। ਹਾਲ ਦੇ ਬਾਹਰ ਕਿਧਰੇ ਬੈਠਾ ਹੋਵੇਗਾ। ਹੁਣ ਬਾਜ਼ਾਰਾਂ ਪਾਰਕਾਂ ਵਿਚ ਤੁਰੇ ਫਿਰਦੇ ਲੋਕ ਉਸ ਵੱਲੋਂ ਬੇ-ਧਿਆਨ ਨਹੀਂ ਰਹਿੰਦੇ। ਵਿਦਵਾਨਾਂ ਅਤੇ ਸਾਹਿਤਕਾਰਾਂ ਦੀ ਗੱਲ ਹੋਰ ਹੈ। ਉਸਦੇ ਨਾਲ ਰਹਿਣ ਵਾਲੇ ਆਦਮੀ ਨੂੰ ਮੈਂ ਜਾਣਦਾ ਹਾਂ ਅਤੇ ਉਸੇ ਆਦਮੀ ਰਾਹੀਂ ਮੈਨੂੰ 'ਉਸ ਬਾਰੇ' ਪਤਾ ਲੱਗਾ ਹੈ ਕਿ "ਇਕ ਦਿਨ ਆਕਾਸ਼ ਵੱਲ ਵੇਖਦੇ ਜੀਵਨ ਨੂੰ ਇਕ ਹਵਾਈ ਜਹਾਜ਼ ਨਜ਼ਰੇ ਪੈ ਗਿਆ। ਉਹ ਗਦ ਗਦ ਹੋ ਗਿਆ; ਪ੍ਰਸੰਨਤਾ ਨਾਲ ਭਰ ਗਿਆ, ਪ੍ਰਸੰਨਤਾ ਦਾ ਰੂਪ ਬਣਿਆ ਉਹ ਹਵਾਈ ਜਹਾਜ਼ ਵੱਲ ਵੇਖਦਾ ਰਿਹਾ। ਜਹਾਜ਼ ਅੱਖੋਂ ਉਹਲੇ ਹੋ ਗਿਆ; ਉਸਨੇ ਮੇਰੇ ਵੱਲ ਵੇਖਿਆ। ਹੌਲੀ ਹੌਲੀ ਉਸਦਾ ਮਨ ਉਦਾਸੀ ਨਾਲ ਭਰਦਾ ਗਿਆ; ਭਰਦਾ ਭਰਦਾ ਏਨਾ ਭਾਰਾ ਹੋ ਗਿਆ ਕਿ ਉਸ ਦੀਆਂ ਲੱਤਾਂ ਉਸਦਾ ਭਾਰ ਝੱਲਣ ਦੇ ਯੋਗ ਨਾ ਰਹੀਆਂ। ਮੈਂ ਛੇਤੀ ਨਾਲ ਉਸਨੂੰ ਕਲਾਵੇ ਵਿਚ ਲੈ ਲਿਆ। ਐਂਬੂਲੈਂਸ ਸਾਨੂੰ ਹਸਪਤਾਲ ਲੈ ਗਈ। ਉਹ ਦੋ ਘੰਟੇ ਬੇਹੋਸ਼ ਰਿਹਾ।"

ਮੈਂ ਸੋਚ ਰਿਹਾ ਸਾਂ ਕਿ ਜੇ ਕਿਸੇ ਹਵਾਈ ਜਹਾਜ਼ ਦਾ ਦਿਸ ਪੈਣਾ ਇਸ ਆਦਮੀ ਦੇ ਮਨ ਦੀ ਦੁਨੀਆਂ ਵਿਚ ਏਨੀ ਹਲਚਲ ਮਚਾ ਸਕਦਾ ਹੈ ਤਾਂ ਉਸ ਹਵਾਈ ਜਹਾਜ਼ ਸੰਬੰਧੀ ਲਿਖੀ ਗਈ ਕਹਾਣੀ ਕੀ ਨਹੀਂ ਕਰ ਸਕਦੀ, ਜਿਸ ਦੀ ਤਬਾਹੀ ਨੇ ਇਸਨੂੰ ਜੀਉਂਦੇ-ਜੀ ਮਾਰ ਦਿੱਤਾ ਹੈ। ਇਸ ਕੋਲ ਸਭਾ ਦਾ ਇਸ਼ਤਿਹਾਰ ਹੈ। ਇਹ ਸਭ ਕੁਝ ਜਾਣਦਾ ਹੋਇਆ ਏਥੇ ਆਇਆ ਹੈ। ਇਹ ਇਥੇ ਕਿਉਂ ਆਇਆ ਹੈ?

ਸਾਡੇ ਲੇਖਕ ਨੇ ਕਹਾਣੀ ਸੁਣਾਈ, ਜਿਸ ਦਾ ਸਾਰੰਸ਼ ਸੀ—"ਮੈਂ ਫ਼ਰਾਂਸ ਦੀ ਯਾਤਰਾ ਲਈ ਜਾ ਰਿਹਾ ਸਾਂ। ਰਸਤੇ ਵਿਚ ਇਕ ਗੋਰੀ ਮੁਟਿਆਰ ਨੇ ਮੇਰੇ ਕੋਲੋਂ ਲਿਫ਼ਟ ਮੰਗੀ। ਮੈਂ ਕਾਰ ਰੋਕੀ ਅਤੇ ਉਹ ਮੇਰੇ ਲਾਗਲੀ ਸੀਟ ਉੱਤੇ ਆ ਬੈਠੀ। ਕਾਰ ਦਾ ਸਫ਼ਰ ਮੁਕਾ ਕੇ ਅਸੀਂ ਫ਼ੈਰੀ ਵਿਚ ਸਵਾਰ ਹੋ ਗਏ। ਸਮੁੰਦਰ ਕੁਝ ਅਸ਼ਾਂਤ ਸੀ। ਜਹਾਜ਼ ਦੇ ਮੁਸਾਫ਼ਰਾਂ ਨੂੰ ਆਪਣੇ ਸਫ਼ਰ ਦੇ ਅਸੁਖਾਵੇਂ ਹੋ ਜਾਣ ਦਾ ਦੁੱਖ ਸੀ। ਮੈਂ ਅਤੇ ਮੁਟਿਆਰ ਗੱਲੀਂ ਪੈ ਗਏ। ਉਸਨੇ ਦੱਸਿਆ ਕਿ ਉਹ ਆਸਟ੍ਰੇਲੀਆ ਦੀ ਵਸਨੀਕ ਸੀ ਅਤੇ ਵਿਦੇਸ਼ਾਂ ਦੀ ਯਾਤਰਾ ਉੱਤੇ ਨਿਕਲੀ ਸੀ। ਸਾਡੀ ਗੱਲ ਬਾਤ ਸਾਗਰ ਦੀਆਂ ਤੂਫ਼ਾਨੀ ਲਹਿਰਾਂ ਤੋਂ ਆਰੰਭ ਹੋ ਕੇ ਸੰਸਾਰ ਦੀਆਂ ਸਿਆਸੀ ਲਹਿਰਾਂ ਉੱਤੇ ਆ ਟਿਕੀ ਅਤੇ ਦੁਨੀਆਂ ਦੇ ਦੇਸ਼ਾਂ ਵਾਂਗ ਪੂੰਜੀਵਾਦੀ ਅਤੇ ਸਮਾਜਵਾਦੀ ਵੰਡਾਂ ਵਿਚ ਵੰਡੀ ਗਈ। ਪੂੰਜੀਵਾਦੀ ਧੜੇ ਨਾਲ ਸੰਬੰਧਤ ਹੋਣ ਕਰਕੇ ਉਹ ਇਹ ਮੰਨਦੀ ਸੀ ਕਿ ਕੋਰੀਆ ਦੇ ਜਿਸ ਜਹਾਜ਼ ਨੂੰ, ਢਾਈ ਸੌ ਮੁਸਾਫ਼ਰਾਂ ਸਮੇਤ, ਰੂਸੀ ਸੈਨਿਕਾਂ ਨੇ ਆਕਾਸ਼ੋਂ ਲਾਹ ਕੇ ਸਾਗਰੀ ਡੂੰਘਾਈਆਂ ਦੇ ਹਵਾਲੇ ਕਰ ਦਿੱਤਾ ਸੀ, ਉਹ ਜਾਸੂਸੀ ਨਹੀਂ ਸੀ ਕਰ ਰਿਹਾ। ਜੇ ਕਰ ਵੀ ਰਿਹਾ ਹੁੰਦਾ ਤਾਂ ਕਿਸੇ ਦੇਸ਼ ਦੀ ਸਿਆਸੀ ਭੁੱਲ ਦੀ ਸਜ਼ਾ ਨਿਰਦੋਸ਼ਾਂ ਨੂੰ ਦਿੱਤੀ ਜਾਣੀ ਉਚਿਤ ਨਹੀਂ। ਮੈਂ ਸਾਰੀ ਵਾਹ ਲਾ ਕੇ ਵੀ ਉਸਨੂੰ ਇਹ ਗੱਲ ਨਾ ਮਨਾ ਸਕਿਆ ਕਿ ਰੂਸ ਨੇ ਉਸ ਜਹਾਜ਼ ਨੂੰ ਤਬਾਹ ਕਰ ਕੇ ਅਤੇ ਉਸ ਵਿਚਲੇ ਢਾਈ ਸੌ ਮੁਸਾਫ਼ਰਾਂ ਨੂੰ ਮਾਰਨ ਦੀ ਦਲੇਰੀ ਕਰ ਕੇ ਦੁਨੀਆਂ ਦੇ ਕਰੋੜਾਂ ਕਿਰਤੀਆਂ ਅਤੇ ਕਾਮਿਆਂ ਨਾਲ ਆਪਣੀ ਮਿੱਤਰਤਾ ਅਤੇ ਸਹਾਨੁਭੂਤੀ ਦਾ ਸਬੂਤ ਦਿੱਤਾ ਸੀ। ਉਹ ਢਾਈ ਸੌ ਜਾਨਾਂ ਅਜਾਈਂ ਨਹੀਂ


WWW.SIKHBOOKCLUB.COM 

ਗਈਆਂ, ਸਗੋਂ ਰੂਸੀ ਦ੍ਰਿੜ੍ਹਤਾ ਦੀ ਦਲੀਲ ਹੋ ਨਿੱਬੜੀਆਂ ਸਨ। ਮੈਨੂੰ ਉਸਦੀ ਪੂੰਜੀਵਾਦੀ ਸੋਚ ਦੀ ਸੰਕੀਰਣਤਾ ਉੱਤੇ ਗ਼ੁੱਸਾ ਵੀ ਆਇਆ ਅਤੇ ਤਰਸ ਵੀ; ਪਰ ਗ਼ੁੱਸੇ ਨਾਲੋਂ ਤਰਸ ਬਹੁਤਾ।"

ਕਹਾਣੀ ਬਹੁਤੀ ਲੰਮੀ ਨਹੀਂ ਸੀ; ਵੀਹਾਂ ਕੁ ਮਿੰਟਾਂ ਵਿਚ ਪੜ੍ਹੀ ਗਈ। ਆਪਣੇ ਲਾਗੇ ਬੈਠੇ ਆਦਮੀ ਬਾਰੇ ਚਿੰਤਾਤੁਰ ਹੋਣ ਕਰਕੇ ਮੈਂ ਕਹਾਣੀ ਦਾ ਆਨੰਦ ਨਹੀਂ ਸਾਂ ਮਾਣ ਸਕਿਆ। ਮੇਰੀ ਚਿੰਤਾ ਇਹ ਸੀ ਕਿ ਜੇ ਅਤੇ ਜਦੋਂ ਇਸ ਕਹਾਣੀ ਵਿਚ ਮੌਤ ਦੇ ਹਨੇਰਿਆਂ ਵਿਚ ਗੁਆਚਦੀਆਂ ਢਾਈ ਸੌ ਨਿਰਦੋਸ਼, ਨਿਮਾਣੀਆਂ ਅਤੇ ਮਾਸੂਮ ਜਾਨਾਂ ਦਾ ਜ਼ਿਕਰ ਆਇਆ; ਜਦੋਂ ਢਾਈ ਸੌ ਮਨੁੱਖੀ ਮੂੰਹਾਂ ਉੱਤੇ ਮਲੀ ਗਈ ਮੌਤ ਦੀ ਭਿਆਨਕਤਾ ਦਾ ਵਰਣਨ ਹੋਇਆ; ਜਦੋਂ ਮਹਾਂਬਲੀ ਮਹਾਂਕਾਲ ਤੋਂ ਰੱਖਿਆ ਕਰਨ ਦੇ ਨਿਸਫਲ ਜਤਨ ਕਰਦੀਆਂ ਅਬਲਾਵਾਂ ਦੁਆਰਾ ਆਪਣੇ ਮਾਸੂਮ ਬੱਚਿਆਂ ਨੂੰ ਆਪਣੀ ਗੋਦ ਵਿਚ ਲੁਕਾਉਣ ਦੀ ਗੱਲ ਕੀਤੀ ਗਈ, ਜਦੋਂ ਜੀਵਨ ਦੇ ਮੋਹ ਵਿਚੋਂ ਉਪਜੀਆਂ ਹੋਈਆਂ ਅਫਲ ਅਰਦਾਸਾਂ ਨੇ ਅਖੌਤੀ ਸਰਵ-ਸ਼ਕਤੀਮਾਨ ਨੂੰ ਮਨੁੱਖੀ ਪਾਗਲਪਨ ਸਾਹਮਣੇ ਸ਼ਕਤੀਹੀਣ ਸਿੱਧ ਕਰ ਦਿੱਤਾ ਅਤੇ ਜਦੋਂ ਕਹਾਣੀਕਾਰ ਨੇ ਢਾਈ ਸੌ ਮਨੁੱਖੀ ਹਿਰਦਿਆਂ ਨੂੰ ਆਪਣੇ ਸਨੇਹੀਆਂ ਨੂੰ ਅੰਤਲੀ ਅਲਵਿਦਾ ਆਖਦਿਆਂ ਉਲੀਕਿਆ; ਤਾਂ ਅਤੇ ਤਦੋਂ ਮੇਰੇ ਲਾਗੇ ਬੈਠਾ ਇਹ ਆਦਮੀ ਕਿਵੇਂ ਜੀ ਸਕੇਗਾ। ਪਰੰਤੂ ਕਹਾਣੀ ਵਿਚ ਅਜਿਹੀ ਕੋਈ ਗੱਲ ਨਹੀਂ ਸੀ ਕੀਤੀ ਗਈ। ਸਿਆਸੀ ਸਿਧਾਂਤਾਂ ਦੀ ਦਾਰਸ਼ਨਿਕ ਪੁਣ-ਛਾਣ ਹੀ ਕਹਾਣੀ ਦਾ ਮਨੋਰਥ ਸੀ; ਮਨੁੱਖੀ ਹਿਰਦੇ ਦੇ ਮਰਮ ਦੀ ਗੱਲ ਨਹੀਂ ਸੀ ਹੋਈ। ਮੈਂ ਆਪਣੇ ਲਾਗੇ ਬੈਠੇ ਆਦਮੀ ਵੱਲ ਵੇਖਿਆ; ਉਹ ਮੂੰਹ ਚੁੱਕੀ ਹਾਲ ਦੀ ਛੱਤ ਵੱਲ ਵੇਖ ਰਿਹਾ ਸੀ।

ਪੜ੍ਹੀ ਜਾਣ ਪਿੱਛੋਂ ਕਹਾਣੀ ਦੀ ਪ੍ਰਸੰਸਾਤਮਕ ਆਲੋਚਨਾ ਆਰੰਭ ਹੋਈ। ਕਿਸੇ ਨੇ ਕਹਾਣੀ ਦੀ ਦਾਰਸ਼ਨਿਕਤਾ ਨੂੰ ਸਲਾਹਿਆ ਅਤੇ ਕਿਸੇ ਨੇ ਇਸਦੀ ਅੰਤਰ-ਰਾਸ਼ਟ੍ਰੀਅਤਾ ਨੂੰ। ਕਿਸੇ ਨੇ ਲੇਖਕ ਦੀ ਲੋਕ-ਹਿਤਾਂ ਪ੍ਰਤੀ ਬਚਨ-ਬੱਧਤਾ ਦਾ ਜ਼ਿਕਰ ਕੀਤਾ ਅਤੇ ਕਿਸੇ ਨੇ ਇਸ ਕਹਾਣੀ ਦੁਆਰਾ ਕਹਾਣੀ-ਕਲਾ ਵਿਚ ਆਏ ਤਕਨੀਕੀ ਮੋੜ ਦੀ ਮਹਾਨਤਾ ਵੱਲ ਇਸ਼ਾਰਾ ਕੀਤਾ। ਕਿਸੇ ਨੂੰ ਕਹਾਣੀ ਦੇ ਵਿਸ਼ੇ-ਵਸਤੂ ਦੀ ਆਧੁਨਿਕਤਾ ਪਸੰਦ ਆਈ ਅਤੇ ਕਿਸੇ ਨੂੰ ਇਸਦੀ ਵਿਗਿਆਨਿਕਤਾ ਨੇ ਅਚੰਭਿਤ ਕੀਤਾ। ਕਿਸੇ ਨੇ ਇਸਦੀ ਭਾਸ਼ਾਈ ਪ੍ਰਬੀਨਤਾ ਦੀ ਉਸਤਤ ਕੀਤੀ ਅਤੇ ਕਿਸੇ ਨੇ ਵਾਰਤਾਲਾਪੀ ਵਿਚਿੱਤ੍ਰਤਾ ਦੀ। ਮੇਰੇ ਲਾਗੇ ਬੈਠੇ ਆਦਮੀ ਦਾ ਸਿਰ ਹੌਲੀ ਹੌਲੀ ਝੁਕਦਾ ਗਿਆ ਅਤੇ ਆਲੋਚਕਾਂ ਦੀਆਂ ਮੁਬਾਰਕਾਂ ਦੇ ਮੁੱਕਣ ਤਕ ਸਾਹਮਣੇ ਪਏ ਡੈਸਕ ਉੱਤੇ ਆ ਟਿਕਿਆ।

ਮੀਟਿੰਗ ਸਮਾਪਤ ਹੋ ਗਈ। ਹਾਲ ਦੇ ਨਾਲ ਲੱਗਦੇ ਕਮਰੇ ਵਿਚ 'ਖਾਣ-ਪੀਣ' ਦਾ ਪ੍ਰਬੰਧ ਕੀਤਾ ਗਿਆ ਸੀ। ਸਾਰੇ ਸਾਹਿਤਕਾਰ ਉੱਠ ਕੇ ਉਧਰ ਚਲੇ ਗਏ; ਮੇਰਾ ਮਿੱਤਰ ਵੀ। 'ਖਾਣ ਪੀਣ' ਤੋਂ ਪ੍ਰਹੇਜ਼ ਕਰਦਾ ਹੋਣ ਕਰਕੇ ਮੈਂ ਹਾਲ ਵਿਚ ਹੀ ਇਧਰ ਉਧਰ ਟਹਿਲਣ ਲੱਗ ਪਿਆ। ਕੁਝ ਮਿੰਟਾਂ ਵਿਚ ਹੀ ਸਾਰੇ ਸਾਹਿਤਕਾਰ ਉਚੇਰੇ ਸਾਹਿਤਕ ਮੰਡਲਾਂ ਵਿਚੋਂ ਹੇਠਾਂ ਆਉਂਦੇ ਆਉਂਦੇ ਨਸ਼ੇ ਦੀ ਤਾਮਸਿਕਤਾ ਦੀਆਂ ਨਿਵਾਣਾਂ ਵੱਲ ਨਿਘਰਦੇ ਗਏ।

ਪਤਾ ਨਹੀਂ ਕਿਵੇਂ ਅਤੇ ਕਿਉਂ ਮੇਰੇ ਮਿੱਤਰ ਨੂੰ ਮੇਰਾ ਚੇਤਾ ਆ ਗਿਆ ਅਤੇ ਉਸਨੇ

ਹਾਲ ਵਿਚ ਆ ਕੇ ਆਖਿਆ, "ਮੀਟਿੰਗ ਸਮਾਪਤ ਹੋ ਚੁੱਕੀ ਹੈ; ਤੁਸੀਂ ਚਾਹੋ ਤਾਂ ਜਾ ਸਕਦੇ ਹੋ। ਮੈਂ ਜ਼ਰਾ ਮੌਜ-ਮੇਲਾ ਵੇਖ ਕੇ ਆਵਾਂਗਾ। ਇਨ੍ਹਾਂ ਨੂੰ ਜਗਾ ਕੇ ਪੁੱਛ ਲਵੋ ਜੇ ਕੁਝ ਛਕਣਾ ਛਕਾਉਣਾ ਹੋਵੇ ਤਾਂ।"

ਮਿੱਤਰ ਦਾ ਇਸ਼ਾਰਾ ਸਮਝ ਕੇ ਮੈਂ ਉਸ ਆਦਮੀ ਨੂੰ ਆਵਾਜ਼ ਦੇ ਕੇ ਉਠਾਉਣ ਦਾ ਜਤਨ ਕੀਤਾ। ਉਹ ਹਿੱਲਿਆ-ਜੁੱਲਿਆ ਨਾ। ਮੈਂ ਉਸਦਾ ਮੋਢਾ ਫੜ ਕੇ ਹਲੂਣਿਆ। ਉਸਦੀ ਨਿਰਜਿੰਦ ਬਾਂਹ ਡੈਸਕ ਉੱਤੋਂ ਡਿੱਗ ਕੇ ਕੁਰਸੀ ਦੇ ਪਾਵੇ ਨਾਲ ਪਲਮਣ ਲੱਗ ਪਈ। ਮੈਂ ਦੌੜ ਕੇ ਉਸਦੇ ਸਾਥੀ ਵੱਲ ਗਿਆ। ਆਪਣੀ ਜੇਬ ਵਿਚ ਪਏ ਮੋਬਾਇਲ ਫ਼ੋਨ ਰਾਹੀਂ ਉਸਨੇ ਹਸਪਤਾਲ ਨੂੰ ਉਸ ਬਾਰੇ ਦੱਸਿਆ। ਪੰਦਰਾਂ ਕੁ ਮਿੰਟਾਂ ਵਿਚ ਐਂਬੂਲੈਂਸ ਆ ਗਈ। ਉਸ ਐਂਬੂਲੈਂਸ ਵਿਚ ਉਹ ਡਾਕਟਰ ਵੀ ਆਇਆ, ਜਿਸ ਕੋਲ ਉਸਦਾ ਕੇਸ ਸੀ।

"ਇਹ ਮਰ ਚੁੱਕਾ ਹੈ," ਡਾਕਟਰ ਨੇ ਪੁੱਛਿਆ ਜਾਣ ਉੱਤੇ ਦੱਸਿਆ, "ਜਦੋਂ ਇਸਨੂੰ ਇਸਦੇ ਪਰਿਵਾਰ ਦੇ ਮਰਨ ਦੀ ਖ਼ਬਰ ਮਿਲੀ ਸੀ, ਉਦੋਂ ਇਸਦੇ ਲਾਗੇ ਕੋਈ ਅਜਿਹਾ ਹਮਦਰਦ, ਮਿੱਤਰ ਜਾਂ ਰਿਸ਼ਤੇਦਾਰ ਨਹੀਂ ਸੀ, ਜਿਸ ਦੇ ਗਲ ਲੱਗ ਕੇ ਇਹ ਆਪਣਾ ਦੁੱਖ ਰੋ ਸਕਦਾ। ਹਮਦਰਦੀ ਦੀ ਅਣਹੋਂਦ ਨੇ ਹੀ ਸਾਡੀ ਕਿਸੇ ਦਵਾਈ ਨੂੰ ਵੀ ਕਾਰਗਰ ਨਹੀਂ ਹੋਣ ਦਿੱਤਾ।"

ਐਂਬੂਲੈਂਸ ਦੇ ਜਾਣ ਪਿੱਛੋਂ ਮੇਰਾ ਮਿੱਤਰ ਮੁੜ ਆਪਣੇ ਸਾਹਿਤਕਾਰ ਸਾਥੀਆਂ ਵਿਚ ਜਾ ਰਲਿਆ।

SIKHBOOKCLUB.COM

# ਹਮਸਾਏ ਮਾਂ ਪਿਉ ਜਾਏ

ਸਨਿਚਰਵਾਰ ਦਾ ਦਿਨ ਪੱਛਮੀ ਦੁਨੀਆਂ ਵਿਚ ਛੁੱਟੀ ਦਾ ਦਿਨ ਹੋਣ ਉੱਤੇ ਵੀ ਰੁਝੇਵੇਂ ਦਾ ਦਿਨ ਹੁੰਦਾ ਹੈ। ਇਸ ਦਿਨ ਹਰ ਕਿਸੇ ਨੇ, ਪੂਰੇ ਹਫ਼ਤੇ ਲਈ ਰਸੋਈ ਦਾ ਸਾਮਾਨ ਖ਼ਰੀਦਣ ਦੇ ਨਾਲ ਨਾਲ ਹੋਰ ਹਰ ਪ੍ਰਕਾਰ ਦੇ ਅਜਿਹੇ ਕੰਮ ਕਰਨੇ ਹੁੰਦੇ ਹਨ, ਜਿਨ੍ਹਾਂ ਲਈ ਬਾਕੀ ਦਿਨਾਂ ਦੇ ਰੁਝੇਵੇਂ ਵਿਚੋਂ ਸਮਾਂ ਕੱਢਣਾ ਔਖਾ ਹੁੰਦਾ ਹੈ। ਸ਼ਾਪਿੰਗ ਦੀ ਪੂਰੀ ਵਿਉਂਤ ਬਣਾ ਕੇ ਮੈਂ ਅਤੇ ਮੇਰੇ ਘਰ ਵਾਲੀ, ਦੋਵੇਂ, ਰਸੋਈ ਵੱਲ ਗਏ ਕਿਉਂਜੁ ਕੁਝ ਖਾਧੇ ਬਿਨਾਂ, ਭੁੱਖੇ ਢਿੱਡ, ਕਿਚਨ ਦੀ ਸ਼ਾਪਿੰਗ ਕਰਨ ਜਾਣ ਨਾਲ ਆਦਮੀ ਕਈ ਪ੍ਰਕਾਰ ਦੀਆਂ ਚੀਜ਼ਾਂ ਖ਼ਰੀਦਣ ਲਈ ਪ੍ਰੇਰਿਤ ਹੋ ਜਾਂਦਾ ਹੈ ਅਤੇ ਫ਼ਜ਼ੂਲ-ਖ਼ਰਚੀ ਕਰ ਬੈਠਦਾ ਹੈ, ਅਜਿਹਾ ਮੇਰਾ ਵਿਸ਼ਵਾਸ ਹੈ।

ਚਾਹ ਲਈ ਪਾਣੀ ਦਾ ਪਤੀਲਾ ਚੁੱਲ੍ਹੇ ਉੱਤੇ ਰੱਖ ਕੇ, ਘਰ ਵਾਲੀ, ਦੁੱਧ ਦੀਆਂ ਬੋਤਲਾਂ ਲਿਆਉਣ ਲਈ ਬਾਹਰ ਗਈ। ਦੁੱਧ ਦੀਆਂ ਤਿੰਨ ਬੋਤਲਾਂ ਚੁੱਕੀ ਆਉਂਦੀ ਨੇ ਮੈਨੂੰ ਪੁੱਛਿਆ, "ਕਿਉਂ ਜੀ, ਤੁਸੀਂ ਅੱਜ ਪਹਿਲਾਂ ਵੀ ਹੇਠਾਂ ਆਏ ਸੀ ?"

"ਨਹੀਂ, ਹੁਣੇ ਤੁਹਾਡੇ ਨਾਲ ਹੀ ਆਇਆ ਹਾਂ। ਕੀ ਗੱਲ ਹੈ ?"

"ਬੱਸ, ਹੋ ਗਿਆ ਸ਼ੁਰੂ ਏਥੇ ਵੀ ਉਹੋ ਕੁਝ।"

"ਕੀ ਹੋ ਗਿਆ ? ਕੁਝ ਦੱਸੋ ਵੀ।"

"ਦੱਸਾਂ ਕੀ ? ਅਸੀਂ ਸਮਝਦੇ ਸਾਂ ਕਿ ਸਾਡੀ ਸੜਕ ਉੱਤੇ ਅਮਨ ਅਮਾਨ ਹੈ; ਪਰ ਹੁਣ ਨਹੀਂ ਰਹਿਣਾ ਇਹ ਅਮਨ ਅਮਾਨ। ਅਠਵੰਜਾ ਨੰਬਰ ਵਿਚ ਜਦੋਂ ਦੇ ਕਾਲੇ (ਜਮਾਇਕਾ ਦੇ ਵਸਨੀਕ) ਆਏ ਹਨ, ਏਥੇ ਵੀ ਉਹੋ ਕੁਝ ਹੋਣ ਲੱਗ ਪਿਆ ਹੈ। ਪੰਦਰਾਂ ਵੀਹ ਦਿਨ ਪਹਿਲਾਂ ਪੈਂਤੀ ਨੰਬਰ ਵਾਲਿਆਂ ਦੀ ਖਿੜਕੀ ਦਾ ਸ਼ੀਸ਼ਾ ਟੁੱਟਾ ਸੀ। ਪਿਛਲੇ ਹਫ਼ਤੇ ਗੁਜਰਾਤੀਆਂ ਦੀ ਕਾਰ ਦਾ ਸ਼ੀਸ਼ਾ ਤੋੜ ਕੇ ਟੇਪ ਚੋਰੀ ਕੀਤੀ ਗਈ ਸੀ। ਅੱਜ ਸਾਡੇ ਦਰਵਾਜ਼ੇ ਸਾਹਮਣਿਉਂ ਦੁੱਧ ਦੀ ਬੋਤਲ ਚੋਰੀ ਹੋਈ ਹੈ। ਅਜੇ ਮਹੀਨਾ ਹੀ ਹੋਇਆ ਹੈ, ਸੁਖ ਨਾਲ, ਏਥੇ ਆਇਆਂ ਨੂੰ; ਹੈ ਵੀ ਅਜੇ ਇਕੋ ਟੱਬਰ, ਜੇ ਦੋ ਚਾਰ ਹੋਰ ਆ ਗਏ ਤਾਂ ਰੱਬ ਹੀ ਰਾਖਾ; ਕੋਈ ਹੱਜ ਨਹੀਂ ਰਹਿਣਾ ਏਥੇ ਵੱਸਣ ਦਾ।"

ਘਰ ਵਾਲੀ ਦੀਆਂ ਗੱਲਾਂ ਨੇ ਮੈਨੂੰ ਸੋਚੀਂ ਪਾ ਦਿੱਤਾ—"ਇਸ ਦੇਸ਼ ਦੇ ਹਾਲਾਤ ਕਿੰਨੇ ਬਦਲ ਗਏ ਹਨ। ਕੋਈ ਸਮਾਂ ਸੀ ਜਦੋਂ ਦੁੱਧ ਦੀਆਂ ਖ਼ਾਲੀ ਬੋਤਲਾਂ ਲਾਗੇ ਰੱਖੇ ਹੋਏ, ਦੁੱਧ ਦੇ ਪੈਸੇ ਵੀ ਕੋਈ ਨਹੀਂ ਸੀ ਛੇੜਦਾ; ਹੁਣ ਦੁੱਧ ਹੀ ਗ਼ਾਇਬ ਹੋਣ ਲੱਗ ਪਿਆ ਹੈ। ਏਸੇ ਤਰ੍ਹਾਂ ਧੋਣ ਵਾਲੇ ਕੱਪੜੇ ਅਤੇ ਧੁਆਈ ਦੇ ਪੈਸੇ ਵੀ ਦਰਵਾਜ਼ੇ ਅੱਗੇ ਰੱਖ ਦਿੱਤੇ ਜਾਂਦੇ ਸਨ। ਸ਼ੁਕਰ ਹੈ ਹੁਣ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਘਰੋ ਘਰੀ ਲੱਗਦੀਆਂ ਜਾ

ਰਹੀਆਂ ਹਨ, ਨਹੀਂ ਤਾਂ ਲੋਕਾਂ ਦੇ ਕੱਪੜੇ ਵੀ ਚੋਰੀ ਹੋਣ ਲੱਗ ਪੈਣੇ ਸਨ।" ਇਹ ਖ਼ਿਆਲ ਆਉਂਦਿਆਂ ਹੀ ਮੇਰੀ ਨਜ਼ਰ ਕਿਚਨ ਵਿਚ ਲੱਗੀ ਹੋਈ ਵਾਸ਼ਿੰਗ ਮਸ਼ੀਨ ਉੱਤੇ ਜਾ ਟਿਕੀ।

ਘਰ ਵਾਲੀ ਦੀਆਂ ਗੱਲਾਂ ਨੇ ਮੇਰਾ ਧਿਆਨ ਮੋੜ ਲਿਆ। ਉਹ ਕਹਿ ਰਹੇ ਸਨ, "ਇਨ੍ਹਾਂ ਦੇ ਏਥੇ ਆਉਣ ਤੋਂ ਪਹਿਲੇ ਕਦੇ ਇਹੋ ਜਿਹਾ ਕੁਝ ਨਹੀਂ ਸੀ ਹੋਇਆ। ਏਸੇ ਘਰ ਵਿਚ ਰਹਿਣ ਵਾਲੇ ਬੁੱਢਾ-ਬੁੱਢੜੀ ਕਿੰਨੇ ਚੰਗੇ ਸਨ। ਸਦਾ ਹੱਸ ਕੇ ਮਿਲਦੇ ਸਨ, ਖਿੜੇ ਮੱਥੇ। ਇਨ੍ਹਾਂ ਦੀਆਂ ਸ਼ਕਲਾਂ ਵੇਖਣ ਨੂੰ ਜੀ ਨਹੀਂ ਕਰਦਾ। ਖ਼ਬਰੇ ਉਨ੍ਹਾਂ ਨੂੰ ਘਰ ਵੇਚਣ ਦੀ ਕੀ.....?"

ਉਨ੍ਹਾਂ ਦੀ ਗੱਲ ਟੋਕ ਕੇ ਮੈਂ ਪੁੱਛਿਆ, "ਤੁਸਾਂ ਚੰਗੀ ਤਰ੍ਹਾਂ ਵੇਖਿਆ ਸੀ ਕਿ ਬੋਤਲਾਂ ਤਿੰਨ ਹੀ ਸਨ ?" ਅਤੇ ਉਨ੍ਹਾਂ ਦਾ ਉੱਤਰ ਉਡੀਕਣ ਦੀ ਥਾਂ ਆਪ ਦਰਵਾਜ਼ੇ ਵੱਲ ਤੁਰ ਪਿਆ ਇਹ ਵੇਖਣ ਕਿ ਕਿਧਰੇ ਅਜਿਹਾ ਨਾ ਹੋਇਆ ਹੋਵੇ ਕਿ ਇਕ ਬੋਤਲ ਬਾਕੀਆਂ ਨਾਲੋਂ ਜ਼ਰਾ ਪਰੇ ਰੱਖੀ ਗਈ ਹੋਣ ਕਰਕੇ ਘਰ ਵਾਲੀ ਦੀ ਨਜ਼ਰੇ ਨਾ ਪਈ ਹੋਵੇ। ਮੇਰਾ ਇਹ ਮੰਨਣ ਨੂੰ ਜੀ ਨਹੀਂ ਸੀ ਕਰਦਾ ਕਿ ਕੋਈ ਦੁੱਧ ਦੀ ਬੋਤਲ ਵੀ ਚੁਰਾ ਸਕਦਾ ਹੈ। ਮੈਂ ਤਸੱਲੀ ਕਰ ਕੇ ਕਿਚਨ ਵਿਚ ਪਰਤਿਆ ਤਾਂ ਘਰ ਵਾਲੀ ਕਹਿ ਰਹੀ ਸੀ, "ਮੇਰੀ ਨਜ਼ਰ ਅਜੇ ਏਨੀ ਕਮਜ਼ੋਰ ਨਹੀਂ ਹੋਈ ਕਿ ਮੈਨੂੰ ਦੁੱਧ ਦੀ ਬੋਤਲ ਨਾ ਦਿਸੇ; ਅਤੇ ਦਸ ਤਕ ਗਿਣਤੀ ਵੀ ਮੈਨੂੰ ਆਉਂਦੀ ਹੈ।"

"ਤੁਹਾਡੀ ਨਜ਼ਰ ਦੀ ਗੱਲ ਨਹੀਂ। ਮੇਰਾ ਇਹ ਮੰਨਣ ਨੂੰ ਜੀ ਨਹੀਂ ਕਰਦਾ ਕਿ ਕੋਈ ਆਪਣੇ ਗੁਆਂਢੀ ਦੇ ਬੂਹੇ ਅੱਗੋਂ ਦੁੱਧ ਦੀ ਬੋਤਲ ਚੋਰੀ ਕਰ ਸਕਦਾ ਹੈ। ਹੋ ਸਕਦਾ ਹੈ ਦੁੱਧ ਦੇਣ ਵਾਲੇ ਅੱਜ ਤਿੰਨ ਹੀ ਬੋਤਲਾਂ ਦੇ ਕੇ ਗਏ ਹੋਣ।"

"ਭਲਾ ਕਿਉਂ ?"

"ਉਨ੍ਹਾਂ ਕੋਲ ਦੁੱਧ ਘੱਟ ਹੋਵੇ; ਕਿਸੇ ਘਰ ਬਹੁਤਾ ਦੇਣਾ ਪੈ ਗਿਆ ਹੋਵੇ।"

"ਦੁੱਧ ਘੱਟ ਹੋਵੇ ? ਇਸ ਮੁਲਕ ਵਿਚ ? ਆਹ ਲਉ, ਚਾਹ ਪੀਉ। ਪਿਛਲੇ ਸੱਤਾਂ ਸਾਲਾਂ ਵਿਚ ਦੁੱਧ ਨਾ ਘਟਿਆ; ਅੱਜ ਉਨ੍ਹਾਂ ਦੀ ਗਾਂ ਤੁੰਘਾ ਗਈ ?"

"ਚਲੋ ਛੱਡੋ, ਦੁੱਧ ਦੀ ਇਕ ਬੋਤਲ ਹੀ ਤਾਂ ਹੈ।"

"ਦੁੱਧ ਦੀ ਇਕ ਬੋਤਲ ? ਪਹਿਆ ਪੈ ਗਿਆ ਹੈ; ਵੇਖੋ ਕੀ ਕੁਝ ਹੁੰਦਾ ਹੈ। ਲੰਡਨ ਦੇ ਪੁਲੀਸ ਕਮਿਸ਼ਨਰ ਨੇ ਤਾਂ ਵਾਰਨਿੰਗ ਦੇ ਦਿੱਤੀ ਹੋਈ ਹੈ।"

ਨਾਸ਼ਤਾ ਕਰ ਕੇ ਅਸੀਂ ਬਾਜ਼ਾਰ ਜਾਣ ਲਈ ਤੁਰ ਪਏ। ਸਾਡੀ ਗੱਡੀ ਅਠਵੰਜਾ ਨੰਬਰ ਦੇ ਐਨ ਸਾਹਮਣੇ ਪਾਰਕ ਕੀਤੀ ਹੋਈ ਸੀ। ਗੱਡੀ ਤਕ ਪਹੁੰਚਦਿਆਂ ਪਹੁੰਚਦਿਆਂ ਘਰ ਵਾਲੀ ਨੇ ਮੇਰੇ ਕੋਲੋਂ ਇਹ ਇਕਰਾਰ ਲੈ ਲਿਆ ਕਿ ਅੱਗੇ ਨੂੰ ਕਦੇ ਵੀ ਆਪਣੀ ਕਾਰ ਇਨ੍ਹਾਂ ਦੇ ਘਰ ਸਾਹਮਣੇ ਪਾਰਕ ਨਹੀਂ ਕੀਤੀ ਜਾਵੇਗੀ। ਕਾਰ ਵਿਚ ਬੈਠੇ ਅਸੀਂ ਕ੍ਰੋਧ ਅਤੇ ਘਿਰਣਾ ਦੇ ਰਲੇ ਮਿਲੇ ਭਾਵਾਂ ਨਾਲ ਅਠਵੰਜਾ ਨੰਬਰ ਵੱਲ ਵੇਖਦੇ ਰਹੇ। ਸਾਡੀ ਗੱਡੀ ਤੁਰਨ ਹੀ ਵਾਲੀ ਸੀ ਕਿ ਅਠਵੰਜਾ ਨੰਬਰ ਦਾ ਦਰਵਾਜ਼ਾ ਖੁੱਲ੍ਹਿਆ ਅਤੇ ਇਕ ਆਦਮੀ ਦੋ ਕੁ ਕਦਮ ਬਾਹਰ ਆ ਕੇ ਮੁੜ ਅੰਦਰ ਚਲਾ ਗਿਆ। ਅਸਾਂ ਉਸਨੂੰ ਬਾਹਰ ਆਉਂਦਿਆਂ ਅਤੇ ਅੰਦਰ ਜਾਂਦਿਆਂ ਵੇਖਿਆ ਅਤੇ ਉਸਦੀ ਇਸ ਹਰਕਤ ਦਾ ਭਾਵ,


WWW.SIKHBOOKCLUB.COM 

ਘਰ ਵਾਲੀ ਨੇ ਇਉਂ ਪ੍ਰਗਟ ਕੀਤਾ, "ਚੋਰ ਨੂੰ ਆਪਣਾ ਪਾਲਾ ਮਾਰਦਾ ਹੈ। ਸਾਨੂੰ ਵੇਖ ਕੇ ਝੱਟ ਅੰਦਰ ਜਾ ਵੜਿਆ ਹੈ। ਅਸਾਂ ਤਾਂ ਉਹਨੂੰ ਬੋਤਲ ਚੁਰਾਉਂਦਿਆਂ ਨਹੀਂ ਵੇਖਿਆ ਪਰ ਉਸਨੂੰ ਆਪ ਨੂੰ ਤਾਂ ਪਤਾ ਹੀ ਹੈ। ਆਪਣੇ ਆਪ ਕੋਲੋਂ ਲੁਕ ਕੇ ਕਿਥੇ ਜਾਵੇਗਾ ?"

ਬਾਜ਼ਾਰ ਦੇ ਕੰਮਾਂ ਵਿਚ ਤਿੰਨ ਚਾਰ ਘੰਟੇ ਲੱਗ ਗਏ। ਖ਼ਰੀਦਾ-ਖ਼ਰਾਦੀ ਦੇ ਝਮੇਲੇ ਵਿਚੋਂ ਜਦੋਂ ਵੀ ਕੁਝ ਸਮਾਂ ਮਿਲਦਾ ਸੀ, ਘਰ ਵਾਲੀ ਦੁੱਧ ਦੀ ਬੋਤਲ ਦੀ ਚੋਰੀ ਦਾ ਚੇਤਾ ਕਰਵਾ ਦਿੰਦੀ ਸੀ। ਹੌਲੀ ਹੌਲੀ ਇਹ ਖ਼ਿਆਲ ਮੇਰੇ ਮਨ ਵਿਚ ਘਰ ਕਰਦਾ ਜਾ ਰਿਹਾ ਸੀ। ਥੋੜਾ ਜਿਹਾ ਸ਼ੱਕ ਮੈਨੂੰ ਅਜੇ ਵੀ ਸੀ ਕਿ ਕਿਧਰੇ ਦੁੱਧ ਦੇਣ ਵਾਲਿਆਂ ਨੇ ਹੀ ਅੱਜ ਤਿੰਨ ਬੋਤਲਾਂ ਨਾ ਰੱਖੀਆਂ ਹੋਣ। ਘਰ ਮੁੜਨ ਉੱਤੇ ਮੈਂ ਪਹਿਲਾ ਕੰਮ ਦੋਧੀਆਂ ਨੂੰ ਟੈਲੀਫ਼ੂਨ ਕਰ ਕੇ ਇਹ ਪਤਾ ਕਰਨ ਦਾ ਕੀਤਾ ਕਿ ਉਹ ਅੱਜ ਸਵੇਰੇ ਸਾਨੂੰ ਕਿੰਨੀਆਂ ਬੋਤਲਾਂ ਦੇ ਕੇ ਗਏ ਸਨ। ਉਨ੍ਹਾਂ ਦਾ ਉੱਤਰ ਸੀ, "ਚਾਰ"। ਕਿੰਨਾ ਚੰਗਾ ਹੁੰਦਾ ਜੇ ਚਾਰ ਦੀ ਥਾਂ ਤਿੰਨ ਆਖਿਆ ਗਿਆ ਹੁੰਦਾ।

"ਹੁਣ ਹੋ ਗਿਆ ਯਕੀਨ ?" ਕਹਿ ਕੇ ਘਰ ਵਾਲੀ ਨੇ ਸ਼ਾਪਿੰਗ ਸਾਂਭਣ ਤੋਂ ਪਹਿਲਾਂ ਆਪਣੀ ਇਕ ਸਹੇਲੀ ਨੂੰ ਟੈਲੀਫ਼ੂਨ ਕਰ ਕੇ ਇਸ ਚੋਰੀ ਦਾ ਅਤੇ ਇਸ ਤੋਂ ਪਹਿਲਾਂ ਹੋ ਚੁੱਕੀਆਂ ਚੋਰੀਆਂ ਦਾ ਪੂਰਾ ਪੂਰਾ ਵਿਸਥਾਰ ਸੁਣਾਇਆ। ਇਹ ਸਭ ਕੁਝ ਸੁਣ ਕੇ ਮੇਰਾ ਮਨ ਭਾਰਾ ਹੋ ਗਿਆ। ਮੈਂ ਡ੍ਰਾਇੰਗ ਰੂਮ ਵਿਚ ਬੈਠ ਗਿਆ; ਘਰ ਵਾਲੀ ਰਸੋਈ ਦੇ ਆਹਰ ਵਿਚ ਲੱਗ ਗਈ। ਮੈਂ ਸੋਚ ਰਿਹਾ ਸਾਂ, "ਅੱਜ ਦਾ ਇਹ ਨਿੱਕਾ ਜਿਹਾ ਸਿਆਲੀ ਦਿਨ ਕਿੰਨਾ ਉਦਾਸ ਬੀਤਿਆ ਹੈ! ਕਿੰਝ ਹੌਲੀ ਹੌਲੀ ਤੁਰਿਆ ਹੈ ਅੱਜ ਸਮਾਂ!! ਜਿਵੇਂ ਇਸ ਨਿੱਕੀ ਜਿਹੀ ਘਟਨਾ ਦੇ ਭਾਰ ਹੇਠ ਦੱਬਿਆ ਗਿਆ ਹੋਵੇ। ਉਂਞ ਇਹ ਘਟਨਾ ਏਨੀ ਨਿੱਕੀ ਵੀ ਨਹੀਂ। ਜਦੋਂ ਇਸ ਨਾਲ ਦੋ ਹੋਰ ਘਟਨਾਵਾਂ ਆ ਜੁੜਦੀਆਂ ਹਨ, ਉਦੋਂ ਇਸਦਾ ਆਕਾਰ ਵੱਡਾ ਹੋ ਜਾਣਾ ਕੁਦਰਤੀ ਹੈ। ਅਠਵੰਜਾ ਘਰਾਂ ਦੀ ਨਿੱਕੀ ਜਿਹੀ ਸੜਕ ਉੱਤੇ ਤਿੰਨ ਕੁ ਹਫ਼ਤਿਆਂ ਦੇ ਥੋੜੇ ਜਿਹੇ ਸਮੇਂ ਵਿਚ ਇਨ੍ਹਾਂ ਘਟਨਾਵਾਂ ਦਾ ਵਾਪਰਨਾ ਇਨ੍ਹਾਂ ਨੂੰ ਆਪੋ ਵਿਚ ਜੋੜਨ ਦੀ ਸਲਾਹ ਵੀ ਦੇਂਦਾ ਹੈ। ਇਸ ਤੋਂ ਪਹਿਲਾਂ ਸੱਤ ਅੱਠ ਸਾਲ ਦੇ ਸਮੇਂ ਵਿਚ ਏਥੇ ਰਹਿੰਦਿਆਂ ਹੋਇਆਂ ਮੈਂ ਅਜਿਹਾ ਕੁਝ ਹੋਇਆ ਵਾਪਰਿਆ ਨਹੀਂ ਵੇਖਿਆ। ਏਥੇ ਇਸ ਸੜਕ ਉੱਤੇ ਅੰਗਰੇਜ਼, ਭਾਰਤੀ, ਪਾਕਿਸਤਾਨੀ, ਟਰਕਿਸ਼, ਸ੍ਰੀ ਲੰਕਨ, ਆਇਰਿਸ਼ ਅਤੇ ਇਟੈਲੀਅਨ ਰਲੇ ਮਿਲੇ ਵੱਸਦੇ ਹਨ। ਇਨ੍ਹਾਂ ਪਰਿਵਾਰਾਂ ਵਿਚ ਉਚੇਚੀ ਮਿੱਤਰਤਾ ਭਾਵੇਂ ਨਹੀਂ ਤਾਂ ਵੀ ਇਕ ਦੂਜੇ ਪ੍ਰਤੀ ਕਿਸੇ ਪ੍ਰਕਾਰ ਦੀ ਨਫ਼ਰਤ ਜਾਂ ਕੁਦਰਤੋਂ ਵੀ ਕਦੇ ਵੇਖਣ ਵਿਚ ਨਹੀਂ ਆਈ। ਇਕ ਦੂਜੇ ਨੂੰ ਮਿਲਣ ਉੱਤੇ, ਹੈਲੋ, ਗੁੱਡ ਮਾਰਨਿੰਗ, ਹਊ ਆਰ ਯੂ ਤੋਂ ਇਲਾਵਾ ਕਦੇ ਕਦੇ ਮੌਸਮ ਬਾਰੇ ਵੀ ਗੱਲ-ਬਾਤ ਕਰਦੇ ਆਏ ਹਾਂ। ਇਹ ਮੰਨਿਆ ਕਿ ਮਹਾਂਨਗਰ ਦੇ ਗੁਆਂਢੀਆਂ ਵਿਚ ਗੁਆਂਢ ਦਾ ਗੂੜ੍ਹ ਹੁਣ ਨਹੀਂ ਰਿਹਾ ਤਾਂ ਵੀ ਇਕ ਦੂਜੇ ਦੇ ਘਰ ਚੋਰੀ ਕਰਨ ਤਕ ਨੌਬਤ ਆ ਜਾਣੀ ਤਾਂ ਇਕ ਪ੍ਰਕਾਰ ਦਾ ਹਨੇਰ ਹੈ। ਕਿਉਂ ਵਧਦਾ ਜਾ ਰਿਹਾ ਹੈ ਹਨੇਰ। ਖੁੱਲ੍ਹਾ ਖਾਣ ਨੂੰ ਹੈ; ਪ੍ਰਾਪਤੀ ਦਾ ਭਰੋਸਾ ਹੈ। ਸ਼ਾਇਦ ਇਸੇ ਕਰਕੇ ਹੀ ਅਮਿੱਤਰਤਾ ਦਾ ਹਨੇਰਾ ਵਧਦਾ ਜਾ ਰਿਹਾ ਹੈ। ਲੋੜਾਂ ਅਤੇ ਥੁੜਾਂ ਸਾਡੇ ਰਿਸ਼ਤਿਆਂ ਦਾ ਆਧਾਰ ਹੁੰਦੀਆਂ ਹਨ; ਇਹ ਜਨਮ ਭੂਮੀ ਹਨ

ਮਨੁੱਖੀ ਰਿਸ਼ਤਿਆਂ ਦੀ। ਲੋੜ-ਥੋੜ ਤੋਂ ਮੁਕਤ ਹੋ ਕੇ ਮਨੁੱਖ ਨੇ ਮਨੁੱਖੀ ਰਿਸ਼ਤਿਆਂ ਦਾ ਨਿਰਾਦਰ ਕਰਨ ਦਾ ਹੀਆ ਕਰ ਲਿਆ ਹੈ।"

ਇਥੇ ਪੁੱਜ ਕੇ ਮੇਰੀ ਸੋਚ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਉਹ ਬੰਦ ਗਲੀ ਵਿਚ ਪੁੱਜ ਗਈ ਹੈ ਅਤੇ ਅੱਗੇ ਜਾਣ ਨੂੰ ਕੋਈ ਰਾਹ ਨਹੀਂ। ਮੇਰੀ ਸੋਚ ਪਿੱਛੇ ਮੁੜੀ, "ਨਹੀਂ, ਨਹੀਂ; ਵਸਤੂਆਂ ਦੀ ਹੋਂਦ ਅਤੇ ਪ੍ਰਾਪਤੀ ਦਾ ਭਰੋਸਾ ਆਪਣੇ ਆਪ ਵਿਚ ਮਾੜੀਆਂ ਚੀਜ਼ਾਂ ਨਹੀਂ ਹਨ। ਇਹ ਮਨੁੱਖ ਨੂੰ ਰਿਸ਼ਤਿਆਂ ਦੇ ਨਿਰਾਦਰ ਦੀ ਪ੍ਰੇਰਣਾ ਨਹੀਂ ਦੇ ਸਕਦੇ; ਨਾ ਹੀ ਮਨੁੱਖੀ ਰਿਸ਼ਤਿਆਂ ਦੇ ਆਦਰ ਲਈ ਮਜਬੂਰੀਆਂ ਅਤੇ ਮੁਥਾਜੀਆਂ ਦਾ ਸਹਾਰਾ ਲਿਆ ਜਾਣਾ ਚਾਹੀਦਾ ਹੈ। ਕਿਹੋ ਜਿਹਾ ਉਦਾਸ ਦਿਨ ਹੈ ਅੱਜ; ਠੀਕ ਠੀਕ ਸੋਚਿਆ ਵੀ ਨਹੀਂ ਜਾ ਰਿਹਾ; ਦਾਮਨੇ ਖ਼ਿਆਲੇ ਯਾਰ ਭੀ ਛੂਟਾ ਜਾਏ.....।"

ਦਰਵਾਜ਼ੇ ਦੀ ਘੰਟੀ ਵੱਜੀ। ਘਰ ਵਾਲੀ ਨੇ ਰਸੋਈ ਵਿਚੋਂ ਹੀ ਆਖਿਆ, "ਵੇਖਿਓ ਜੀ, ਬਾਹਰ ਕੌਣ ਹੈ?"

ਮੈਂ ਦਰਵਾਜ਼ਾ ਖੋਲ੍ਹਿਆ। ਅਠਵੰਜਾ ਨੰਬਰ ਵਾਲਾ ਮੇਰੇ ਸਾਹਮਣੇ ਖੜਾ ਸੀ। ਮੇਰੇ ਤੋਂ ਪਹਿਲਾਂ ਉਹ ਬੋਲਿਆ, "ਤੁਹਾਡੇ ਨਾਲ ਇਕ ਗੱਲ ਕਰਨੀ ਹੈ; ਕੀ ਮੈਂ ਅੰਦਰ ਆ ਸਕਦਾ ਹਾਂ?"

ਘਰ ਵਾਲੀ ਰਸੋਈ ਵਿਚੋਂ ਡ੍ਰਾਇੰਗ ਰੂਮ ਵਿਚ ਆ ਚੁੱਕੀ ਸੀ। ਮੈਂ ਉਸ ਵੱਲ ਵੇਖਿਆ, ਪਰ ਉਸਦੀ ਆਗਿਆ ਲਏ ਬਗ਼ੈਰ ਹੀ ਆਖਿਆ, "ਹਾਂ, ਹਾਂ, ਕਿਉਂ ਨਹੀਂ, ਆਉ।"

SIKHBOOKCLUB.COM

ਉਹ ਅੰਦਰ ਆ ਗਿਆ। ਮੈਂ ਬੈਠਣ ਲਈ ਕਿਹਾ; ਉਹ ਧੰਨਵਾਦ ਕਰ ਕੇ ਬੈਠ ਗਿਆ। ਘਰ ਵਾਲੀ ਮੁੜ ਕਿਚਨ ਵਿਚ ਚਲੀ ਗਈ। ਮੈਂ ਪੁੱਛਿਆ, "ਦੱਸੋ ਕੀ ਕਹਿਣਾ ਚਾਹੁੰਦੇ ਹੋ?"

"ਮੈਂ ਤੁਹਾਡੇ ਕੋਲੋਂ ਮੁਆਫ਼ੀ ਮੰਗਣੀ ਚਾਹੁੰਦਾ ਹਾਂ।"

"ਮੁਆਫ਼ੀ ਕਾਹਦੇ ਲਈ?"

"ਸਵੇਰੇ ਤੁਸੀਂ ਛੇਤੀ ਨਾਲ ਕਾਰ ਚਲਾ ਕੇ ਚਲੇ ਗਏ ਸੀ। ਮੈਂ ਬਾਹਰ ਨਿਕਲਿਆ ਸਾਂ, ਪਰ ਜ਼ਰਾ ਲੇਟ ਹੋ ਗਿਆ। ਸੋਚਿਆ, ਸ਼ਾਮ ਨੂੰ ਘਰ ਜਾ ਕੇ ਗੱਲ ਕਰਾਂਗਾ। ਅਸੀਂ ਕੁਆਪ੍ਰੇਟਿਵ ਡੇਰੀ ਵਾਲੇ ਕੋਲੋਂ ਦੁੱਧ ਲੈਂਦੇ ਹਾਂ। ਉਹ ਇਸ ਸੜਕ ਉੱਤੇ ਲੇਟ ਆਉਂਦਾ ਹੈ। ਤੁਹਾਡਾ ਦੋਧੀ ਸਵਖਤੇ ਦੁੱਧ ਦੇ ਜਾਂਦਾ ਹੈ। ਸਾਡੇ ਦੁੱਧ ਖ਼ਤਮ ਸੀ ਅਤੇ ਸਵੇਰੇ ਸਵੇਰੇ ਬੱਚੇ ਲਈ ਦੁੱਧ ਦੀ ਲੋੜ ਪੈ ਗਈ ਸੀ। ਮੈਂ ਤੁਹਾਡੀ ਇਕ ਬੋਤਲ ਲੈ ਗਿਆ ਸਾਂ। ਛੁੱਟੀ ਦਾ ਦਿਨ ਹੋਣ ਕਰਕੇ ਸਵੇਰੇ ਸਵੇਰੇ ਤੁਹਾਨੂੰ ਜਗਾਉਣਾ ਮੁਨਾਸਿਬ ਨਹੀਂ ਸੀ ਸਮਝਿਆ। ਤੁਸੀਂ ਜ਼ਰੂਰ ਪ੍ਰੇਸ਼ਾਨ ਹੋਏ ਹੋਵੋਗੇ। ਇਸ ਲਈ ਮੈਂ ਖਿਮਾਂ ਦਾ ਜਾਚਕ ਹਾਂ। ਇਹ ਮੈਨੂੰ ਪਤਾ ਹੈ ਕਿ ਦੁੱਧ ਦੀ ਬੋਤਲ ਦੀ ਕੀਮਤ ਉੱਤੇ ਤੁਹਾਡਾ ਪੂਰਾ ਪੂਰਾ ਹੱਕ ਹੈ। ਪਰ ਮੈਂ ਇਹ ਕੀਮਤ ਤੁਹਾਡੇ ਸਾਹਮਣੇ ਰੱਖ ਕੇ 'ਗੁਆਂਢ' ਦੇ ਰਿਸ਼ਤੇ ਦਾ ਨਿਰਾਦਰ ਨਹੀਂ ਕਰ ਸਕਦਾ। ਕੇਵਲ ਧੰਨਵਾਦ ਹੀ ਕਰਨਾ ਚਾਹੁੰਦਾ ਹਾਂ।"

ਮੇਰੇ ਮਨ ਤੋਂ ਜਿਵੇਂ ਇਕ ਭਾਰ ਲਹਿ ਕੇ ਦੂਜਾ ਚੜ੍ਹ ਗਿਆ। ਮੇਰਾ ਜੀ ਕੀਤਾ,

ਕੁਰਸੀ ਤੋਂ ਉੱਠ ਕੇ, ਦੋਵੇਂ ਹੱਥ ਜੋੜ ਕੇ, ਸਿਰ ਝੁਕਾ ਕੇ ਉਸਨੂੰ ਨਮਸਕਾਰ ਕਰਾਂ। ਫਿਰ ਖਿਆਲ ਆਇਆ, "ਇਹ ਮਸੀਹਾ ਨਹੀਂ, ਹਮਸਾਇਆ ਹੈ।" ਆਪਣੇ ਆਪ ਨੂੰ ਸੰਭਾਲ ਕੇ ਮੈਂ ਆਖਿਆ, "ਚਾਹ ਦੀ ਸੇਵਾ.....।"

"ਨਹੀਂ ਜੀ, ਅੱਜ ਨਹੀਂ। ਫਿਰ ਕਿਸੇ ਦਿਨ ਆਵਾਂਗਾ, ਟੱਬਰ ਸਮੇਤ; ਪੜੋਸੀ ਬਣ ਕੇ। ਅੱਜ ਤਾਂ ਇਕ ਦੋਸ਼ੀ ਦੇ ਰੂਪ ਵਿਚ ਆਇਆ ਹਾਂ। ਤੁਸਾਂ ਮੁਆਫ਼ ਕਰ ਦਿੱਤਾ; ਮੇਰੇ ਧੰਨ ਭਾਗ।"

ਉਹ ਉੱਠ ਕੇ ਚਲਾ ਗਿਆ। ਮੈਂ ਆਪਣੇ ਦਰਵਾਜ਼ੇ ਵਿਚ ਖਲੋਤਾ ਓਨਾ ਚਿਰ ਉਸਨੂੰ ਵੇਖਦਾ ਰਿਹਾ, ਜਿੰਨਾ ਚਿਰ ਉਹ ਹੱਥ ਹਿਲਾ ਕੇ ਮੈਨੂੰ ਅਲਵਿਦਾ ਕਹਿ ਕੇ ਆਪਣੇ ਘਰ ਵਿਚ ਦਾਖ਼ਲ ਨਾ ਹੋ ਗਿਆ।

SIKHBOOKCLUB.COM

# ਲੱਭੂ ਰਾਮ

ਬਚਪਨ ਤੋਂ ਲੈ ਕੇ ਹੁਣ ਤਕ ਜਿਸ ਜੀਵਨ ਦੀ ਗੋਦ ਵਿਚ ਮੈਂ ਲੇਟਿਆ ਹਾਂ; ਜਿਸ ਜੀਵਨ ਦੇ ਕੰਧਾੜੇ ਮੈਂ ਚੜ੍ਹਿਆ ਹਾਂ; ਜਿਸ ਜੀਵਨ ਨਾਲ ਮੈਂ ਖੇਡਿਆ ਹਾਂ; ਜਿਸ ਜੀਵਨ ਦੀਆਂ ਸਾਂਝਾਂ ਅਤੇ ਸੁੰਦਰਤਾਵਾਂ ਨੂੰ ਮੈਂ ਮਾਣਿਆ ਹੈ; ਅਤੇ ਜਿਸ ਜੀਵਨ ਦੀਆਂ ਕਠਨਾਈਆਂ ਨੂੰ ਮੈਂ ਭੋਗਿਆ ਹੈ; ਉਹ ਜੀਵਨ ਨਾ ਅਸਾਧਾਰਣ ਸੀ ਨਾ ਮਹਾਨ। ਮਹਾਨਤਾ ਅਤੇ ਅਸਾਧਾਰਣਤਾ ਨਾਲ ਜਦੋਂ ਵੀ ਮੇਰਾ ਵਾਹ ਪਿਆ ਹੈ, ਮੈਂ ਇਨ੍ਹਾਂ ਨੂੰ ਸਾਧਾਰਣਤਾ ਦੇ ਦ੍ਰਿਸ਼ਟੀਕੋਣ ਤੋਂ ਹੀ ਵੇਖਿਆ ਹੈ। ਤਾਜ ਮਹੱਲ ਦੀ ਆਲੀਸ਼ਾਨ ਇਮਾਰਤ ਦੀ ਅਸਾਧਾਰਣ ਸੁੰਦਰਤਾ ਜਿਨ੍ਹਾਂ ਲੀਹਾਂ ਉੱਤੇ ਉੱਸਰੀ ਹੋਈ ਹੈ, ਉਨ੍ਹਾਂ ਦਾ ਚੇਤਾ ਰੱਖਣਾ ਮੈਂ ਸਦਾ ਜ਼ਰੂਰੀ ਸਮਝਿਆ ਹੈ। ਅਸਾਧਾਰਣ ਪ੍ਰਾਪਤੀਆਂ ਵਾਲੇ ਲੋਕ ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹਨ; ਮੇਰਾ ਜੀ ਕਰਦਾ ਹੈ ਉਨ੍ਹਾਂ ਬੁਨਿਆਦਾਂ ਦੀ ਗੱਲ ਕਰਨ ਨੂੰ ਜਿਨ੍ਹਾਂ ਦੇ ਅਣਦਿੱਸਦੇ ਸਹਾਰੇ ਉੱਤੇ ਪ੍ਰਾਪਤੀਆਂ ਦੇ ਮਹਾਂ-ਮੰਦਰ ਉਸਰਦੇ ਆਏ ਹਨ।

SIKHBOOKCLUB.COM

ਗੁਰਦਾਸਪੁਰ ਨਿੱਕਾ ਜਿਹਾ ਸ਼ਹਿਰ ਹੈ। ਇਸ ਦੇ ਇਕ ਬਾਜ਼ਾਰ ਦਾ ਨਾਂ ਹੈ ਅੰਦਰੂਨੀ ਬਾਜ਼ਾਰ। ਬਾਜ਼ਾਰ ਨਹੀਂ ਸਗੋਂ ਅੱਧ ਕੁ ਮੀਲ ਲੰਮੀ ਤੰਗ ਜਿਹੀ ਗਲੀ ਹੈ ਇਹ। ਇਸ ਬਾਜ਼ਾਰ ਵਿਚ ਦਾਖ਼ਲ ਹੋਣ ਲਈ ਇਸ ਦੇ ਦੱਖਣੀ ਸਿਰੇ ਉੱਤੇ ਇਕ ਦਰਵਾਜ਼ਾ ਹੈ, ਜਿਸਨੂੰ ਕਬੂਤਰੀ ਦਰਵਾਜ਼ਾ ਆਖਦੇ ਹਨ। ਇਸ ਦਰਵਾਜ਼ੇ ਦੀ ਛੱਤ ਵਿਚ ਵੱਸਦੇ ਕਬੂਤਰਾਂ ਨੇ ਇਸਨੂੰ ਇਹ ਨਾਂ ਦਿੱਤਾ ਹੋਵੇਗਾ। ਜੇ ਇਹ ਦਰਵਾਜ਼ਾ ਕਿਸੇ ਵੱਡੇ ਸ਼ਹਿਰ ਦੇ ਕਿਸੇ ਵੱਡੇ ਬਾਜ਼ਾਰ ਦੇ ਸਾਹਮਣੇ ਬਣਿਆ ਹੋਇਆ ਆਲੀਸ਼ਾਨ ਦਰਵਾਜ਼ਾ ਹੁੰਦਾ ਤਾਂ ਦੇਸ਼ ਨੂੰ ਆਜ਼ਾਦੀ ਮਿਲ ਜਾਣ ਤੋਂ ਪਿੱਛੋਂ ਇਸਦਾ ਨਾਂ ਕਿਸੇ ਦੇਸ਼-ਭਗਤ ਦੇ ਨਾਂ ਨਾਲ ਜੋੜਿਆ ਜਾਣ ਕਰਕੇ ਕਬੂਤਰਾਂ ਦੀ ਹੱਕ-ਤਲਫ਼ੀ ਹੋ ਜਾਣੀ ਸੀ। ਇਸ ਦਰਵਾਜ਼ੇ ਦੀ ਸਾਧਾਰਣਤਾ ਨੇ ਕਬੂਤਰਾਂ ਨਾਲ ਬੇ-ਇਨਸਾਫ਼ੀ ਨਹੀਂ ਹੋਣ ਦਿੱਤੀ।

ਅੱਜ ਕੱਲ ਇਸ ਦਰਵਾਜ਼ੇ ਸਾਹਮਣੇ ਬਹੁਤ ਗਹਿਮਾ-ਗਹਿਮ ਹੋ ਗਈ ਹੈ; ਜਦੋਂ ਮੈਂ ਖ਼ਾਲਸਾ ਹਾਈ ਸਕੂਲ, ਗੁਰਦਾਸਪੁਰ, ਪੰਜਵੀਂ ਜਮਾਤੇ ਦਾਖ਼ਲ ਹੋਇਆ ਸਾਂ, ਉਦੋਂ ਇਉਂ ਨਹੀਂ ਸੀ। ਇਸ ਦਰਵਾਜ਼ੇ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਸੱਜੇ ਪਾਸੇ ਪੰਜ ਸੱਤ ਦੁਕਾਨਾਂ ਵੇਖਣ ਵਿਚ ਆਉਂਦੀਆਂ ਸਨ। ਇਨ੍ਹਾਂ ਵਿਚੋਂ ਦੋ ਦੁਕਾਨਾਂ ਨਾਲ ਮੇਰਾ ਉਚੇਚਾ ਸੰਬੰਧ ਸੀ। ਇਕ ਸੀ ਬਾਬਾ ਲਛਮਣ ਸਿੰਘ ਛੋਲਿਆਂ ਵਾਲੇ ਦੀ ਦੁਕਾਨ ਅਤੇ ਦੂਜੀ ਉਸਦੇ ਨਾਲ ਲੱਗਦੀ ਲੱਭੂ ਰਾਮ ਹਲਵਾਈ ਦੀ ਦੁਕਾਨ।

ਲੰਮੇ ਦਾਹੜੇ ਅਤੇ ਭਰਵੇਂ ਸਰੀਰ ਵਾਲੇ ਬਾਬਾ ਲਛਮਣ ਸਿੰਘ ਜੀ ਵਰਣ ਵਜੋਂ

ਬ੍ਰਾਹਮਣ ਸਨ ਅਤੇ ਵਿਸ਼ਵਾਸਾਂ ਵਜੋਂ ਸਿੱਖ। ਉਬਲੇ ਹੋਏ ਮਸਾਲੇਦਾਰ ਖੱਟੇ ਛੋਲੇ-ਭਠੂਰੇ ਵੇਚਣ ਕਾਰਨ ਉਨ੍ਹਾਂ ਦਾ ਨਾਂ 'ਲਛਮਣ ਸਿੰਘ ਛੋਲਿਆਂ ਵਾਲਾ' ਪੈ ਗਿਆ ਸੀ। ਲਗਭਗ ਉਨ੍ਹਾਂ ਦੀ ਉਮਰ ਦਾ ਇਕ ਹੋਰ ਆਦਮੀ ਛਾਬੜੀ ਜਾਂ ਖੋਂਚਾ ਲਾ ਕੇ ਛੋਲੇ ਕੁਲਚੇ ਵੇਚਦਾ ਹੁੰਦਾ ਸੀ। ਉਸਦਾ ਨਾਂ ਸ਼ਾਇਦ ਬਿਸ਼ਨ ਦਾਸ ਸੀ। ਖ਼ਾਲਸਾ ਸਕੂਲ ਦੇ ਸਾਰੇ ਬੱਚੇ ਉਸਨੂੰ 'ਬਿੱਸਾ ਛੋਲਿਆਂ ਵਾਲਾ' ਆਖਦੇ ਸਨ। ਅੱਧੀ ਛੁੱਟੀ ਵੇਲੇ ਉਹ ਸਕੂਲ ਦੇ ਅਹਾਤੇ ਵਿਚ ਆ ਜਾਇਆ ਕਰਦਾ ਸੀ। ਬਿਸ਼ਨ ਦਾਸ ਦਾ ਚੇਤਾ ਆਉਂਦਿਆਂ ਹੀ "ਦਿਲ ਢੂੰਡਤਾ ਹੈ ਫਿਰ ਵੁਹੀ ਫ਼ੁਰਸਤ ਕੇ ਰਾਤ ਦਿਨ।"

ਬਾਬਾ ਲਛਮਣ ਸਿੰਘ ਜੀ ਨੂੰ ਉਨ੍ਹਾਂ ਦੀ ਉਮਰ ਕਰਕੇ 'ਬਾਬਾ' ਨਹੀਂ ਸੀ ਆਖਿਆ ਜਾਂਦਾ। ਉਨ੍ਹਾਂ ਦਾ ਲੰਮਾ ਖੁੱਲ੍ਹਾ ਦਾਹੜਾ, ਉਨ੍ਹਾਂ ਦਾ ਨਿਰਮਲ, ਨਿਰਛਲ ਮਨ ਅਤੇ ਉਨ੍ਹਾਂ ਦਾ ਸਿਆਣਪਾਂ-ਸਜਿਆ ਸਿਰ, ਉਨ੍ਹਾਂ ਨੂੰ ਬਾਬਾ ਬਣਾ ਗਿਆ ਸੀ। ਸ਼ਹਿਰੋਂ ਬਾਹਰ ਸਾਡੇ ਪਾਸੇ ਵੱਲ ਦੇ ਪਿੰਡਾਂ ਵਿਚ ਉਨ੍ਹਾਂ ਦਾ ਚੋਖਾ ਆਦਰ ਮਾਣ ਸੀ। ਸਾਡੇ ਪਿੰਡ 'ਭੌਰ' ਨਾਲ ਉਨ੍ਹਾਂ ਦਾ ਉਚੇਚਾ ਸੰਬੰਧ ਸੀ। ਉਨ੍ਹਾਂ ਦਾ, ਉਨ੍ਹਾਂ ਵਰਗਾ ਨਿਰਛਲ, ਇਕਲੌਤਾ ਪੁੱਤਰ, ਸਾਡੇ ਪਿੰਡ ਦੇ ਇਕਲੌਤੇ ਬ੍ਰਾਹਮਣ ਪਰਿਵਾਰ ਦੀ ਇਕਲੌਤੀ ਧੀ ਨਾਲ ਵਿਆਹਿਆ ਗਿਆ ਸੀ। ਸਾਡੇ ਪਿੰਡ ਦੇ ਲੋਕਾਂ ਲਈ ਉਹ ਉਚੇਚੇ ਆਦਰ-ਯੋਗ ਸਨ। ਇਸ ਰਿਸ਼ਤੇ ਤੋਂ ਪਹਿਲਾਂ ਵੀ ਉਨ੍ਹਾਂ ਦਾ ਸਾਡੇ ਪਿੰਡ ਦੇ ਲੋਕਾਂ ਨਾਲ ਇਕ ਸੰਬੰਧ ਸੀ; ਉਹ ਸੀ ਸੁਤੰਤਰਤਾ ਸੰਗ੍ਰਾਮੀ ਹੋਣ ਦਾ ਸੰਬੰਧ। ਉਹ ਕਈ ਅੰਦੋਲਨਾਂ ਵਿਚ ਹਿੱਸਾ ਲੈ ਚੁੱਕੇ ਸਨ।

ਬਾਬਾ ਜੀ ਜਿੰਨੇ ਮਿਹਨਤੀ ਸਨ ਓਨੇ ਹੀ ਹੱਸਮੁਖ ਅਤੇ ਸੰਤੁਸ਼ਟ ਵੀ ਸਨ। ਉਹ ਕੁੱਬੇ ਨਹੀਂ ਸਨ ਪਰ ਆਪਣੀ ਕਮਰ ਪੂਰੀ ਤਰ੍ਹਾਂ ਸਿੱਧੀ ਨਹੀਂ ਸਨ ਕਰ ਸਕਦੇ। ਉਨ੍ਹਾਂ ਦੇ ਦੋਵੇਂ ਮੋਢੇ ਪੀੜ ਕਰਦੇ ਸਨ ਅਤੇ ਇਸ ਪੀੜ ਦਾ ਕੋਈ ਇਲਾਜ ਨਹੀਂ ਸੀ। ਉਹ ਆਪਣੀਆਂ ਬਾਹਾਂ, ਅੱਗੇ, ਉਪਰ ਜਾਂ ਪਾਸਿਆਂ ਵੱਲ ਨੂੰ ਸਿੱਧੀਆਂ ਨਹੀਂ ਸਨ ਕਰ ਸਕਦੇ। ਉਨ੍ਹਾਂ ਨਾਲ ਕੁਝ ਸਾਲਾਂ ਦੀ ਲੰਮੀ ਸਾਂਝ ਨੇ ਮੈਨੂੰ ਇਸਦਾ ਕਾਰਨ ਪੁੱਛਣ ਦਾ ਹੌਸਲਾ ਦੇ ਦਿੱਤਾ। ਉੱਤਰ ਵਿਚ ਉਨ੍ਹਾਂ ਨੇ ਆਖਿਆ, "ਕਾਕਾ, ਅਸੀਂ ਦੇਸ਼ ਦੇ ਸਿਪਾਹੀ ਹਾਂ। ਮੋਢਿਆਂ ਦੀ ਪੀੜ, ਕਮਰ ਦਾ ਕੁੱਬ ਸਾਡੀ ਪੈਨਸ਼ਨ ਹੈ।" ਉਨ੍ਹਾਂ ਦੇ ਚਿਹਰੇ ਉੱਤੇ ਨਿਰਛਲ ਮੁਸਕਾਨ ਸੀ; ਓਨੀ ਹੀ ਸੱਚੀ, ਜਿੰਨੀ ਮੇਰੀ ਹੈਰਾਨੀ।

ਮੇਰੀ ਹੈਰਾਨੀ ਦੂਰ ਕਰਨ ਲਈ ਉਨ੍ਹਾਂ ਨੇ ਆਖਿਆ, "ਦੇਸ਼ ਦੀ ਆਜ਼ਾਦੀ ਲਈ ਲੜਦੇ ਅਸੀਂ ਕੈਦ ਹੋ ਗਏ। ਸਰਕਾਰ ਦੀ ਇਹ ਕੋਸ਼ਿਸ਼ ਸੀ ਕਿ ਇਨ੍ਹਾਂ ਦੇਸ਼-ਭਗਤਾਂ ਕੋਲੋਂ ਮੁਆਫ਼ੀ ਮੰਗਵਾ ਕੇ ਇਨ੍ਹਾਂ ਨੂੰ ਛੱਡ ਦਿੱਤਾ ਜਾਵੇ। ਉਹ ਸਾਨੂੰ ਸ਼ਰਮਸਾਰ ਕਰਨਾ ਚਾਹੁੰਦੇ ਸਨ ਤਾਂ ਜੁ ਅਸੀਂ ਜੇਹਲੋਂ ਬਾਹਰ ਜਾ ਕੇ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਾ ਰਹੀਏ, ਮੁੜ ਆਜ਼ਾਦੀ ਦਾ ਨਾਂ ਨਾ ਲਈਏ ਅਤੇ ਹੋਰ ਲੋਕਾਂ ਨੂੰ ਵੀ ਕੰਨ ਹੋ ਜਾਣ। ਸਾਨੂੰ ਦੀਨ ਮਨਾਉਣ ਲਈ ਉਹ ਤਸੀਹੇ ਦਿੰਦੇ ਸਨ। ਸਾਡੇ ਹੱਥਾਂ ਨੂੰ ਪਿਛਲੇ ਪਾਸੇ ਕਰ ਕੇ ਹੱਥਕੜੀ ਲਾਈ ਜਾਂਦੀ ਸੀ। ਕਾਲ-ਕੋਠੜੀ ਦੀ ਛੱਤ ਨਾਲੋਂ ਇਕ ਰੱਸਾ ਹੇਠਾਂ ਨੂੰ ਲਮਕਾ ਕੇ ਉਸ ਨਾਲ ਇਕ ਕੁੰਡੀ (ਹੁੱਕ) ਬੰਨ੍ਹੀ ਹੋਈ ਹੁੰਦੀ ਸੀ। ਸਾਨੂੰ ਮੇਜ਼ ਉੱਤੇ ਖਲ੍ਹਾਰ ਕੇ ਹੱਥਕੜੀ ਨੂੰ ਉਸ ਕੁੰਡੀ ਵਿਚ ਫਸਾ ਦਿੰਦੇ ਸਨ ਅਤੇ ਮੇਜ਼ ਸਾਡੇ ਹੇਠੋਂ ਖਿੱਚ ਲੈਂਦੇ ਸਨ। ਇਉਂ


WWW.SIKHBOOKCLUB.COM 

ਲਮਕਣ ਨਾਲ ਬਹੁਤ ਪੀੜ ਹੁੰਦੀ ਸੀ ਮੋਢਿਆਂ ਨੂੰ। ਅੱਠ ਦਸ ਮਿੰਟਾਂ ਵਿਚ ਸਾਡੀ ਬੱਸ ਹੋ ਜਾਂਦੀ ਸੀ। ਮੋਢੇ ਸੁੰਨ ਹੋ ਜਾਂਦੇ ਸਨ। ਬੱਸ ਏਸੇ ਤਰ੍ਹਾਂ ਖੋਚਲੇ ਹੋ ਗਏ ਸਾਡੇ ਮੋਢੇ; ਅਤੇ ਅਸੀਂ ਨਾ ਆਜ਼ਾਦੀ ਦੀ ਲੜਾਈ ਲੜਨ ਜੋਗੇ ਰਹੇ, ਨਾ ਜੇਹਲ ਜਾਣ ਜੋਗੇ, ਲੀਡਰਾਂ ਨੇ ਵੀ ਸਾਡਾ ਪਿੱਛਾ ਛੱਡ ਦਿੱਤਾ ਅਤੇ ਪੁਲੀਸ ਨੇ ਵੀ। ਸਾਡੀਆਂ ਟੁੱਟੀਆਂ ਬਾਹਾਂ ਪੁੱਤਰ ਦੇ ਗਲ ਆ ਪਈਆਂ।"

ਆਪਣੀ ਗੱਲ ਸੁਣਾ ਕੇ ਬਾਬਾ ਜੀ ਮਿੱਠਾ ਮਿੱਠਾ ਮੁਸਕਰਾਉਣ ਲੱਗ ਪਏ। ਮੇਰਾ ਖੱਬਾ ਹੱਥ ਮੇਰੇ ਸੱਜੇ ਮੋਢੇ ਉੱਤੇ ਜਾ ਟਿਕਿਆ। ਮੇਰੇ ਮਨ ਦੀ ਹਾਲਤ ਨੂੰ ਜਾਣ ਕੇ ਬਾਬਾ ਜੀ ਨੇ ਆਖਿਆ, "ਪੀੜ ਤਾਂ ਮੇਰੇ ਮੋਢਿਆਂ ਨੂੰ ਹੁੰਦੀ ਹੈ; ਤੂੰ ਕਿਉਂ ਚਿੰਤਾ ਵਿਚ ਪੈ ਗਿਆਂ ?" ਮੈਂ ਸੋਚ ਹੀ ਰਿਹਾ ਸਾਂ ਕਿ ਬਾਬਾ ਜੀ ਦਾ ਪੁੱਤਰ ਆਪਣੀ ਦੁਕਾਨ ਉੱਤੋਂ ਉੱਠ ਕੇ ਕਿਸੇ ਕੰਮ ਲਈ ਉਨ੍ਹਾਂ ਕੋਲ ਆਇਆ। ਹੱਸਮੁਖ ਪਿਤਾ ਦਾ ਹੱਸਮੁਖ ਪੁੱਤਰ ਥੋੜਾ ਜਿਹਾ ਥਥਲਾਉਂਦਾ ਸੀ ਅਤੇ ਥਥਲਾਉਣ ਨਾਲੋਂ ਬਹੁਤਾ ਮੁਸਕਰਾਉਂਦਾ ਸੀ। ਉਸਨੇ ਬਾਬਾ ਜੀ ਦੇ ਸਾਹਮਣੇ ਆ ਕੇ ਉਨ੍ਹਾਂ ਨੂੰ ਨਮਸਕਾਰਨ ਲਈ ਜਾਂ ਪਤਾ ਨਹੀਂ ਕਿਉਂ, ਜ਼ਰਾ ਕੁ ਥਥਲਾ ਕੇ ਆਖਿਆ, "ਰਾਧੇ ਕ੍ਰਿਸ਼ਨਾ।"

ਅੱਗੋਂ ਬਾਬਾ ਜੀ ਨੇ ਮਿੱਤਰਤਾ ਦੇ ਸੁਰ ਵਿਚ ਆਖਿਆ, "ਕਿੰਨ ਰਾਹ ਰੋਕ ਲਿਆ ਤੇਰਾ ?"

ਪਿਤਾ-ਪੁੱਤਰ ਵਿਚ ਕੋਈ ਗੱਲ ਹੋਈ ਅਤੇ ਪੁੱਤਰ ਆਪਣੀ ਦੁਕਾਨ ਵੱਲ ਚਲਾ ਗਿਆ। ਕਿੰਨਾ ਸੁਹਣਾ ਸੰਬੰਧ ਸੀ ਪਿਤਾ ਪੁੱਤਰ ਵਿਚ; ਆਪਣੀ ਨਿੱਕੀ ਜਿਹੀ ਦੁਨੀਆਂ ਵਿਚ ਕਿੰਨੇ ਖ਼ੁਸ਼ ਸਨ ਉਹ! ਉਨ੍ਹਾਂ ਦੇ ਕਾਰੋਬਾਰ ਬਹੁਤੇ ਵੱਡੇ ਨਹੀਂ ਸਨ। ਪੁੱਤਰ ਦਰਜ਼ੀ ਦਾ ਕੰਮ ਕਰਦਾ ਸੀ। ਨਿੱਕੀ ਜਿਹੀ ਦੁਕਾਨ ਵਿਚ ਛੋਟੇ ਜਿਹੇ ਸ਼ਾਗਿਰਦ ਮੁੰਡੇ ਨਾਲ ਬੈਠ ਕੇ ਕੱਪੜੇ ਸਿਊਣ ਅਤੇ ਆਏ ਗਾਹਕ ਨਾਲ ਮਿੱਠਾ ਬੋਲਣ ਤੋਂ ਇਲਾਵਾ ਉਸਨੂੰ ਜੇ ਕੋਈ ਕੰਮ ਸੀ ਤਾਂ ਸਿਰਫ਼ ਮਿੰਨ੍ਹਾ ਮਿੰਨ੍ਹਾ ਮੁਸਕਰਾਉਣ ਦਾ।

ਇਉਂ ਲੱਗਦਾ ਸੀ ਕਿ ਬਾਬਾ ਜੀ ਨੂੰ ਜੀਵਨ ਨਾਲ ਕੋਈ ਗਿਲਾ ਸ਼ਿਕਵਾ ਨਹੀਂ ਸੀ; ਦੁਨੀਆਂ ਨਾਲ ਕਿਸੇ ਅਪਣੱਤ ਦੇ ਅਹਿਸਾਸ ਨਾਲ ਭਰਪੂਰ ਸਨ ਉਹ; ਅਤੇ ਉਸ ਅਹਿਸਾਸ ਨੇ ਉਨ੍ਹਾਂ ਦੇ ਜੀਵਨ ਵਿਚਲੀ ਸਾਰੀ ਕੁੜੱਤਣ ਚੂਸ ਲਈ ਸੀ; ਬਾਕੀ ਬਚੀ ਸੀ ਮਿਠਾਸ ਅਤੇ ਮੁਸਕਰਾਹਟ।

ਬਾਬਾ ਜੀ ਦੀ ਦੁਕਾਨ ਦੇ ਨਾਲ ਲੱਗਦੀ ਦੁਕਾਨ ਲੱਭੂ ਰਾਮ ਹਲਵਾਈ ਦੀ ਸੀ; ਚੰਗੀ ਤਰ੍ਹਾਂ ਸਜਾਈ ਹੋਈ, ਸਾਫ਼ ਸੁਥਰੀ ਅਤੇ ਬਹੁਤ ਵੱਡੀ। ਚਾਂਦੀ ਦੇ ਵਰਕਾਂ ਨਾਲ ਸਜਾਈਆਂ ਹੋਈਆਂ ਮਠਿਆਈਆਂ ਨਾਲ ਭਰੇ ਹੋਏ ਥਾਲਾਂ ਦੀਆਂ ਉੱਚੀਆਂ ਹੁੰਦੀਆਂ ਜਾਂਦੀਆਂ ਟੀਂਡਾਂ ਵਿਚ ਬੈਠੇ ਲੱਭੂ ਰਾਮ ਨੂੰ ਲੱਭਣਾ ਔਖਾ ਹੁੰਦਾ ਸੀ। ਗਾਹਕੀ ਵੀ ਬਹੁਤ ਹੁੰਦੀ ਸੀ ਅਤੇ ਕਮਾਈ ਵੀ, ਪਰ ਇਸਦਾ ਉਦੋਂ ਉਸਨੂੰ ਪਤਾ ਨਹੀਂ ਸੀ। ਉਸਨੇ ਦੁਕਾਨ ਵਿਚ ਕੰਮ ਕਰਨ ਲਈ ਦੋ ਤਿੰਨ ਨੌਕਰ ਰੱਖੇ ਹੋਏ ਸਨ।

ਖ਼ਾਲਸਾ ਸਕੂਲ ਵਿਚ ਦਾਖ਼ਲ ਹੋਣ ਦੇ ਦੋ ਤਿੰਨ ਮਹੀਨਿਆਂ ਪਿੱਛੋਂ ਅਸੀਂ, ਸਾਰੇ ਪੇਂਡੂ ਮੁੰਡੇ ਸ਼ਹਿਰ ਦੇ ਤੌਰ ਤਰੀਕਿਆਂ ਤੋਂ ਜਾਣੂੰ ਹੋ ਗਏ। ਖ਼ੁਦਮੁਖ਼ਤਾਰੀ ਨਾਲ ਪੈਸੇ ਖ਼ਰਚਣ


WWW.SIKHBOOKCLUB.COM

ਦਾ ਪਹਿਲਾ ਅਨੁਭਵ ਬਿਸ਼ਨ ਦਾਸ ਦੇ ਛੋਲੇ ਖ਼ਰੀਦ ਕੇ ਹੋਇਆ ਸੀ। ਬਾਬਾ ਲਛਮਣ ਸਿੰਘ ਜੀ ਦੀ ਦੁਕਾਨ ਸਾਹਮਣੇ ਲੋਹੇ ਦੀ ਕੁਰਸੀ ਉੱਤੇ ਬੈਠ ਕੇ, ਚੀਨੀ ਦੀ ਨਿੱਕੀ ਜਿਹੀ ਪਲੇਟ ਵਿਚ ਪਾ ਕੇ ਚੱਮਚ ਨਾਲ ਛੋਲੇ ਖਾਣਾ ਪਹਿਲੇ ਅਨੁਭਵ ਦਾ ਵਿਕਸਿਤ ਰੂਪ ਸੀ। ਪੰਜ ਛੇ ਪੇਂਡੂ ਮੁੰਡੇ ਕੁਝ ਝਕਦੇ ਝਕਦੇ ਬਾਬਾ ਜੀ ਦੀ ਦੁਕਾਨ ਸਾਹਮਣੇ ਜਾ ਖਲੋਤੇ। ਮੈਂ ਸਭ ਤੋਂ ਪਿੱਛੇ ਸਾਂ। "ਬਾਬਾ, ਪੈਸੇ ਦੇ ਛੋਲੇ ਦਈਂ," ਇਕ ਨੇ ਆਖਿਆ ਅਤੇ ਉਸਦੇ ਪਿੱਛੋਂ ਦੂਜੇ, ਤੀਜੇ ਅਤੇ ਚੌਥੇ ਨੇ। ਸਭ ਤੋਂ ਪਿੱਛੋਂ ਮੈਂ ਆਖਿਆ, "ਬਾਬਾ ਜੀ, ਮੈਨੂੰ ਵੀ ਇਕ ਪੈਸੇ ਦੇ ਛੋਲੇ ਦਿਉ।"

ਲੱਭੂ ਰਾਮ ਦੀ ਦੁਕਾਨ ਉੱਤੇ ਉਸ ਸਮੇਂ ਬਹੁਤੀ ਗਾਹਕੀ ਨਹੀਂ ਸੀ। ਨੌਕਰ ਕੰਮ ਚਲਾ ਰਹੇ ਸਨ ਅਤੇ ਉਹ ਆਪਣੀ ਗੱਦੀ ਉੱਤੇ ਬੈਠਾ, ਨਿੱਕੇ ਨਿੱਕੇ ਪੇਂਡੂ ਮੁੰਡਿਆਂ ਦੀਆਂ ਗੱਲਾਂ ਵਿਚ ਗੁਆਚਾ ਹੋਇਆ ਸੀ। ਮੇਰੀ ਗੱਲ ਸੁਣ ਕੇ ਉਸਨੇ ਆਖਿਆ, "ਇਹ ਮੁੰਡਾ ਬੜੇ ਅਦਬ ਨਾਲ ਬੋਲਦਾ ਹੈ।"

ਮੈਂ ਸੁਣ ਕੇ ਸਿਰ ਝੁਕਾ ਲਿਆ ਅਤੇ ਬਾਬਾ ਜੀ ਨੇ ਉਸਨੂੰ ਕਿਹਾ, "ਗਿਆਨੀ ਦਾ ਮੁੰਡਾ ਜੁ ਹੋਇਆ।"

ਲੱਭੂ ਰਾਮ ਜਿਵੇਂ ਮੈਨੂੰ ਚੰਗੀ ਤਰ੍ਹਾਂ ਪਛਾਣਨ ਲੱਗ ਪਿਆ ਹੋਵੇ। ਪੱਤਿਆਂ ਦੇ ਇਕ ਡੂਨੇ ਵਿਚ ਬਰਫ਼ੀ ਦੀਆਂ ਪੰਜ-ਸੱਤ ਟੁਕੜੀਆਂ ਰੱਖ ਕੇ ਉਹ ਆਪਣੀ ਦੁਕਾਨੋਂ ਉੱਠ ਕੇ ਮੇਰੇ ਕੋਲ ਆ ਗਿਆ ਅਤੇ ਆਖਿਆ, "ਲੈ ਬੇਟਾ, ਥੋੜੀ ਜਿਹੀ ਬਰਫ਼ੀ ਖਾ ਲੈ।"

ਮੈਂ ਬਾਬਾ ਜੀ ਵੱਲ ਵੇਖਿਆ। ਉਨ੍ਹਾਂ ਦੇ 'ਖਾ ਲੈ, ਖਾ ਲੈ; ਕੋਈ ਗੱਲ ਨਹੀਂ' ਕਹਿਣ ਉੱਤੇ ਮੈਂ ਡੂਨਾ ਫੜ ਲਿਆ। ਪਿੰਡ ਨੂੰ ਆਉਂਦਿਆਂ ਰਾਹ ਵਿਚ ਉਹ ਬਰਫ਼ੀ ਅਸਾਂ ਸਾਰਿਆਂ ਨੇ ਵੰਡ ਕੇ ਖਾਧੀ। ਮੈਂ ਬਰਫ਼ੀ ਦੇ ਸੁਆਦ ਤੋਂ ਜਾਣੂੰ ਸਾਂ; ਸ਼ਾਇਦ ਮੇਰੇ ਸਾਥੀ ਵੀ, ਪਰੰਤੂ ਮੈਨੂੰ ਵੱਖ ਵੱਖ ਦੁਕਾਨਾਂ ਉੱਤੇ ਵੱਖ ਵੱਖ ਹਲਵਾਈਆਂ ਦੁਆਰਾ ਬਣਾਈਆਂ ਗਈਆਂ ਬਰਫ਼ੀਆਂ ਦੇ ਸੁਆਦਾਂ ਵਿਚਲੇ ਫ਼ਰਕ ਦਾ ਪਤਾ ਨਹੀਂ ਸੀ। ਦਸਵੀਂ ਜਮਾਤ ਤਕ ਪੁੱਜਦਿਆਂ ਪੁੱਜਦਿਆਂ ਮੈਂ ਪੂਰੇ ਭਰੋਸੇ ਨਾਲ ਇਹ ਕਹਿਣ ਦੇ ਯੋਗ ਹੋ ਗਿਆ ਸਾਂ ਕਿ ਲੱਭੂ ਰਾਮ, ਗੁਰਦਾਸਪੁਰ ਦੇ ਸਾਰੇ ਹਲਵਾਈਆਂ ਨਾਲੋਂ ਵੱਧ ਸੁਆਦੀ ਬਰਫ਼ੀ ਬਣਾਉਂਦਾ ਸੀ। ਹੁਣ ਤਾਂ ਮੈਂ ਇਹ ਵੀ ਕਹਿੰਦਾ ਹਾਂ ਕਿ ਲੱਭੂ ਰਾਮ ਦੀ ਬਰਫ਼ੀ ਨਾਲੋਂ ਵੱਧ ਸੁਆਦੀ ਬਰਫ਼ੀ ਜੇ ਕਿਧਰੇ ਬਣਦੀ ਹੈ ਤਾਂ ਸਿਰਫ਼ ਆਰੀਆਂ ਦੀ ਹੱਟੀ, ਜਲੰਧਰ ਵਿਚ।

ਪਤਲੇ ਮਾੜਕੂ ਸਰੀਰ, ਲੰਮੇ ਕੱਦ ਅਤੇ ਤਿੱਖੇ ਨਕਸ਼ਾਂ ਵਾਲੇ ਲੱਭੂ ਰਾਮ ਦੀਆਂ ਅੱਖਾਂ ਵਿਚ ਅਜੀਬ ਜਿਹੀ ਉਦਾਸੀ ਵੇਖ ਸਕਣਾ ਹਰ ਕਿਸੇ ਲਈ ਸੰਭਵ ਸੀ। ਉਹ ਬੋਲਦਾ ਬਹੁਤ ਘੱਟ ਸੀ ਅਤੇ ਮੁਸਕਰਾਉਂਦਾ ਉਸ ਤੋਂ ਵੀ ਘੱਟ। ਉਸਨੂੰ ਹੱਸਦਿਆਂ ਮੈਂ ਕਦੇ ਨਹੀਂ ਸੀ ਵੇਖਿਆ। ਚਲੋ ਨਾ ਬੋਲੇ, ਨਾ ਹੱਸੇ, ਕਾਰੋਬਾਰੀ ਆਦਮੀ ਜੁ ਹੋਇਆ। ਪਰ ਕਾਰੋਬਾਰੀ ਆਦਮੀ ਨੂੰ ਉਦਾਸ ਹੋਣ ਦੀ ਵਿਹਲ ਵੀ ਨਹੀਂ ਹੋਣੀ ਚਾਹੀਦੀ। ਸ਼ਾਇਦ ਉਦਾਸੀ ਨੂੰ ਹੀ ਲੱਭੂ ਰਾਮ ਦੀਆਂ ਅੱਖਾਂ ਵਿਚ ਬੈਠੀ ਰਹਿਣ ਤੋਂ ਸਿਵਾ ਕੋਈ ਕੰਮ ਨਹੀਂ ਸੀ। ਲੱਭੂ ਰਾਮ ਦੀਆਂ ਉਦਾਸ ਅੱਖਾਂ ਦੁਨੀਆਂ ਨੂੰ ਬਹੁਤ ਧਿਆਨ ਨਾਲ ਵੇਖਦੀਆਂ ਸਨ, ਜਿਵੇਂ ਕੁਝ ਲੱਭ ਰਹੀਆਂ ਹੋਣ। ਕੀ ? ਇਹ ਮੈਂ ਦੱਸ ਨਹੀਂ ਸਕਦਾ। ਹਾਂ, ਏਨਾ ਮੈਨੂੰ ਪਤਾ ਹੈ

ਕਿ ਮੈਨੂੰ ਵੇਖ ਕੇ ਉਸ ਦੀਆਂ ਅੱਖਾਂ ਵਿਚਲੀ ਉਦਾਸੀ ਕੁਝ ਘਟ ਜਾਂਦੀ ਸੀ ਅਤੇ ਉਸਦੇ ਬੁੱਲ੍ਹ ਮੁਸਕਰਾਉਣ ਦਾ ਜਤਨ ਕਰਨ ਲੱਗ ਪੈਂਦੇ ਸਨ।

ਇਸ ਜਤਨ ਕਾਰਣ ਉਹ ਬਹੁਤ ਸੁਹਣਾ ਹੋ ਜਾਂਦਾ ਸੀ। ਜੀ ਕਰਦਾ ਸੀ ਕਿ ਅਜਿਹਾ ਕੁਝ ਹੋ ਜਾਵੇ, ਜਿਸ ਕਰਕੇ ਇਹ ਹੱਸੇ, ਖ਼ੁਸ਼ ਹੋਵੇ, ਇਸਦੀ ਖ਼ੂਬਸੂਰਤੀ ਦੀ ਸੁੰਦਰਤਾ ਵਿਚ ਵਾਧਾ ਹੋ ਜਾਵੇ। ਲੱਭੂ ਰਾਮ ਦੀ ਖ਼ੁਸ਼ੀ ਉਸਦੀ ਬਰਫ਼ੀ ਨਾਲੋਂ ਵੀ ਵੱਧ ਸੁਆਦਲੀ ਹੁੰਦੀ ਸੀ। ਪੰਜ ਕੁ ਸਾਲਾਂ ਦੀ ਜਾਣ-ਪਛਾਣ ਪਿੱਛੋਂ ਇਕ ਦਿਨ ਮੈਂ ਲੱਭੂ ਰਾਮ ਨੂੰ ਅੰਦਰੋਂ ਖ਼ੁਸ਼ ਵੇਖਣ ਵਿਚ ਸਫ਼ਲ ਹੋ ਗਿਆ।

ਮੈਂ ਨੌਂਵੀਂ ਜਮਾਤ ਵਿਚ ਪੜ੍ਹਦਾ ਸਾਂ ਉਦੋਂ। ਬਚਪਨ ਪਿੱਛੇ ਰਹਿੰਦਾ ਜਾਂਦਾ ਸੀ ਅਤੇ ਆਲੇ ਦੁਆਲੇ ਦੇ ਜੀਵਨ ਨਾਲ ਬਣੇ ਰਿਸ਼ਤਿਆਂ ਵਿਚ ਤਬਦੀਲੀ ਆ ਰਹੀ ਸੀ। ਚਾਰ ਕੁ ਸਾਲ ਪਹਿਲਾਂ ਬਾਬਾ ਲਛਮਣ ਸਿੰਘ ਜੀ ਨੇ "ਗਿਆਨੀ ਦਾ ਮੁੰਡਾ ਜੁ ਹੋਇਆ" ਕਹਿ ਕੇ ਮੇਰੇ ਅਤੇ ਮੇਰੇ ਸਾਥੀਆਂ ਵਿਚਲੇ ਜਿਸ ਫ਼ਰਕ ਵੱਲ ਇਸ਼ਾਰਾ ਕੀਤਾ ਸੀ, ਉਸ ਫ਼ਰਕ ਦੀ ਚੇਤਨਾ ਮੇਰੇ ਮਨ ਵਿਚ ਵੀ ਉੱਭਰ ਆਈ ਸੀ। ਹਰ ਦੂਜੇ ਚੌਥੇ ਦਿਨ ਲੱਭੂ ਰਾਮ ਕੋਲੋਂ ਪਾ-ਡੇਢ ਪਾ ਬਰਫ਼ੀ ਖ਼ਰੀਦ ਕੇ ਆਪਣੇ ਸਾਥੀਆਂ ਨੂੰ ਖੁਆਉਣ ਵਿਚ ਮੈਨੂੰ ਉਚੇਚੀ ਖ਼ੁਸ਼ੀ ਹੁੰਦੀ ਸੀ। ਆਪਣੇ ਅਤੇ ਆਪਣੇ ਸਾਥੀਆਂ ਵਿਚਲੇ ਫ਼ਰਕ ਦੀ ਚੇਤਨਾ ਦਾ ਇਹ ਪ੍ਰਗਟਾਵਾ ਹੌਲੀ ਹੌਲੀ ਮੈਨੂੰ ਲੱਭੂ ਰਾਮ ਦੀ ਬਰਫ਼ੀ ਨਾਲੋਂ ਵੀ ਵੱਧ ਸੁਆਦੀ ਲੱਗਣ ਲੱਗ ਪਿਆ। ਖ਼ਰਚਣ ਲਈ ਪੈਸੇ ਤਾਂ ਵੱਧ ਨਹੀਂ ਸਨ ਮਿਲਦੇ ਪਰ ਬਰਫ਼ੀ ਦੀ ਖ਼ਰੀਦਾਰੀ ਵਧਦੀ ਗਈ। "ਪੈਸੇ ਕੱਲ ਦੇ ਦਿਆਂਗਾ" ਦਾ ਨਿੱਕਾ ਜਿਹਾ ਵਾਕ ਲੱਭੂ ਰਾਮ ਦੀ ਉਦਾਰਤਾ ਸਦਕਾ, ਉਸਦੀ ਕਾਪੀ ਵਿਚ, ਮੇਰੇ ਨਾਂ ਦੇ ਲੰਮੇ ਚੌੜੇ ਖਾਤੇ ਦਾ ਰੂਪ ਧਾਰ ਗਿਆ।

ਖਾਤੇ ਵਿਚ ਵਾਧਾ ਹੋਈ ਜਾ ਰਿਹਾ ਸੀ, ਪਰ ਮੈਨੂੰ ਇਸ ਦੀ ਚਿੰਤਾ ਨਹੀਂ ਸੀ। ਪਿਤਾ ਜੀ ਆਮ ਕਰਕੇ ਘਰੋਂ ਗ਼ੈਰ-ਹਾਜ਼ਰ ਰਹਿੰਦੇ ਸਨ ਅਤੇ ਮਾਤਾ ਜੀ ਕੋਲੋਂ ਕਿਸੇ ਵੀ ਬਹਾਨੇ, ਕਿੰਨੇ ਵੀ ਪੈਸੇ ਲਏ ਜਾ ਸਕਦੇ ਸਨ। ਨਿਸ਼ਚਿੰਤਤਾ ਦਾ ਵੱਡਾ ਕਾਰਣ ਸੀ ਲੱਭੂ ਰਾਮ ਦੀ ਉਦਾਰਤਾ, ਇੱਛੁਕਤਾ ਅਤੇ ਤੱਤਪਰਤਾ। ਜੇ ਉਹ ਵਿਹਲਾ ਬੈਠਾ ਹੋਵੇ ਤਾਂ ਮੈਨੂੰ ਦੂਰੋਂ ਵੇਖ ਕੇ ਤੱਕੜੀ ਨੂੰ ਹੱਥ ਪਾ ਲੈਂਦਾ ਸੀ; ਜੇ ਉਹ ਕਿਸੇ ਗਾਹਕ ਲਈ ਮਠਿਆਈ ਤੱਕੜੀ ਵਿਚ ਪਾ ਰਿਹਾ ਹੋਵੇ ਤਾਂ ਮੇਰੇ ਆਉਣ ਉੱਤੇ ਉਸ ਮਠਿਆਈ ਨੂੰ ਥਾਲ ਵਿਚ ਉਲੱਦ ਕੇ ਮੇਰੇ ਲਈ ਬਰਫ਼ੀ ਤੋਲਣ ਲੱਗ ਪੈਂਦਾ ਸੀ। ਉਸਨੇ ਕਦੇ ਵੀ ਮੈਨੂੰ ਇਹ ਨਹੀ ਸੀ ਕਹਿਣ ਦਿੱਤਾ, "ਲੱਭੂ ਰਾਮ ਜੀ, ਮੈਨੂੰ ਅੱਧ ਸੇਰ ਜਾਂ ਡੇਢ ਪਾ ਬਰਫ਼ੀ ਦਿਉ।" ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਅੱਧ ਸੇਰ ਜਾਂ ਡੇਢ ਪਾ ਬਰਫ਼ੀ ਤੋਲਣ ਲੱਗ ਪੈਂਦਾ ਸੀ; ਆਮ ਕਰ ਕੇ ਡੇਢ ਪਾ, ਕਦੇ ਕਦੇ ਅੱਧ ਸੇਰ, ਨਾ ਇਸ ਤੋਂ ਵੱਧ, ਨਾ ਇਸ ਤੋਂ ਘੱਟ; ਹਫ਼ਤੇ ਵਿਚ ਦੋ ਤਿੰਨ ਵੇਰ ਅਤੇ ਹਰ ਦਿਨ ਦਿਹਾਰ ਉੱਤੇ।

ਇਸ ਸਿਲਸਿਲੇ ਦੇ ਆਰੰਭ ਵਿਚ ਮੈਂ ਉਸਨੂੰ 'ਲੱਭੂ ਰਾਮ ਜੀ' ਕਹਿ ਕੇ ਸੰਬੋਧਨ ਹੋਇਆ ਸਾਂ ਪਰ ਛੇਤੀ ਹੀ ਉਸਨੇ ਇਸ ਸੰਬੋਧਨ ਦਾ ਸਿਲਸਿਲਾ ਤੋੜ ਦਿੱਤਾ ਸੀ। ਮੈਨੂੰ ਬਰਫ਼ੀ ਵਾਲਾ ਲਿਫ਼ਾਫ਼ਾ ਪਕੜਾਉਂਦਿਆਂ ਉਸ ਦੀਆਂ ਅੱਖਾਂ ਕੁਝ ਕਹਿੰਦੀਆਂ ਜਾਪਦੀਆਂ

ਸਨ, ਪਰ ਮੈਂ ਉਸ ਵੱਲ ਧਿਆਨ ਦੇਣ ਜੋਗੀ ਸੂਝ ਦਾ ਸੁਆਮੀ ਨਹੀਂ ਸਾਂ।

ਇਸ ਵੇਰ ਪਿਤਾ ਜੀ ਘਰ ਆਏ ਅਤੇ ਲੰਮੇ ਸਮੇਂ ਤਕ ਰਹੇ। ਹੋ ਸਕਦਾ ਹੈ ਪਹਿਲਾਂ ਵੀ ਉਹ ਏਨਾ ਲੰਮਾ ਸਮਾਂ ਘਰ ਰਹਿੰਦੇ ਹੋਣ, ਪਰੰਤੂ ਇਸ ਵੇਰ ਉਨ੍ਹਾਂ ਦੀ ਹਾਜ਼ਰੀ ਕੁਝ ਵਧੇਰੇ ਹੀ ਲੰਮੇਰੀ ਹੁੰਦੀ ਜਾਪਦੀ ਸੀ। ਹੁਣ ਜਦੋਂ ਮੈਂ ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਹਾਜ਼ਰੀ ਲੰਮੇਰੀ ਨਹੀਂ ਸੀ, ਸਗੋਂ ਮੇਰੇ ਵੱਲ ਨੂੰ ਉਨ੍ਹਾਂ ਦਾ ਬਦਲਿਆ ਹੋਇਆ ਵਤੀਰਾ ਉਨ੍ਹਾਂ ਦੀ ਹਾਜ਼ਰੀ ਨੂੰ ਮੇਰੇ ਲਈ ਬੋਝਲ ਅਤੇ ਲੰਮੇਰੀ ਬਣਾ ਰਿਹਾ ਸੀ। ਜਿਸ ਉਮਰ ਨੇ ਮੈਨੂੰ, ਮੇਰੇ ਅਤੇ ਮੇਰੇ ਸਾਥੀਆਂ ਵਿਚਲੇ ਫ਼ਰਕ ਤੋਂ ਜਾਣੂ ਕਰਵਾਇਆ ਸੀ, ਉਸ ਉਮਰ ਨੇ ਮੇਰੇ ਵਤੀਰੇ ਵਿਚ ਹੋਰ ਕਿਹੜੀਆਂ ਤਬਦੀਲੀਆਂ ਲੈ ਆਂਦੀਆਂ ਸਨ, ਇਸਦੀ ਮੈਨੂੰ ਸੋਝੀ ਨਹੀਂ ਸੀ ਪਰ ਉਨ੍ਹਾਂ ਤਬਦੀਲੀਆਂ ਦੇ ਕਾਰਣ ਪਿਤਾ ਜੀ ਦੇ ਬਦਲੇ ਹੋਏ ਵਤੀਰੇ ਨੂੰ ਮੈਂ ਭਲੀ ਭਾਂਤ ਅਨੁਭਵ ਕਰ ਰਿਹਾ ਸਾਂ। ਇਸ ਤੋਂ ਪਹਿਲਾਂ ਉਨ੍ਹਾਂ ਨੇ ਮੇਰੀ ਪੜ੍ਹਾਈ ਦੀ ਚਿੰਤਾ ਕਦੇ ਨਹੀਂ ਸੀ ਕੀਤੀ। ਇਸ ਵੇਰ ਉਨ੍ਹਾਂ ਨੇ ਇਸ ਸੰਬੰਧ ਵਿਚ ਕਈ ਸੁਆਲ ਪੁੱਛੇ। ਮੈਂ ਕਿਥੇ ਕਿਥੇ ਜਾਂਦਾ ਸਾਂ, ਕਿਨ੍ਹਾਂ ਮੁੰਡਿਆਂ ਨਾਲ ਮੇਰੀ ਮਿੱਤਰਤਾ ਸੀ, ਮੇਰੀਆਂ ਕਿਤਾਬਾਂ ਵਿਚ ਨਾਨਕ ਸਿੰਘ ਦੇ ਨਾਵਲ ਕਿਉਂ ਸਨ, ਇਹ ਸਭ ਕੁਝ ਜਾਣਨਾ ਉਨ੍ਹਾਂ ਲਈ ਜ਼ਰੂਰੀ ਹੋ ਗਿਆ ਸੀ। ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਮੈਂ ਸ਼ਹਿਰ ਵਿਚ ਆਈ ਹੋਈ ਟੂਰਿੰਗ ਟਾਕੀ ਵਿਚ ਫ਼ਿਲਮਾਂ ਵੇਖਣ ਵੀ ਜਾਣ ਲੱਗ ਪਿਆ ਸਾਂ।

ਫ਼ਿਲਮਾਂ ਵਾਲੇ ਅਪਰਾਧ ਲਈ ਮਾਤਾ ਜੀ ਦੋਸ਼ੀ ਠਹਿਰਾਏ ਗਏ; ਪੈਸੇ ਦੇਣ ਕਰਕੇ। ਨਾਵਲਾਂ ਸੰਬੰਧੀ ਸ਼ਿਕਾਇਤ ਲੈ ਕੇ ਪਿਤਾ ਜੀ ਸਕੂਲ ਗਏ। "ਨਾਨਕ ਸਿੰਘ ਦੇ ਨਾਵਲ ਪੜ੍ਹਨਾ ਬੁਰਾਈ ਨਹੀਂ ਹੈ" ਆਖਿਆ ਜਾਣ ਉੱਤੇ ਮੈਂ ਬਾ-ਇੱਜ਼ਤ ਬਰੀ ਕੀਤਾ ਗਿਆ। ਮੇਰੇ 'ਅਣ-ਪਛਾਤੇ' ਮਿੱਤਰਾਂ ਦਾ ਕੋਈ ਅਤਾ-ਪਤਾ ਨਾ ਮਿਲਣ ਕਰਕੇ ਕੇਸ ਰਫ਼ਾ-ਦਫ਼ਾ ਹੋ ਗਿਆ। ਪਰ ਲੱਭੂ ਰਾਮ ਦੇ ਖਾਤੇ ਵਿਚ ਬਣੇ ਸੱਠ-ਪੈਂਹਠ ਰੁਪਿਆਂ ਦੇ ਉਧਾਰ ਸੰਬੰਧੀ ਮੇਰੇ ਕੋਲ ਕੋਈ ਉੱਤਰ ਨਹੀਂ ਸੀ। ਮਨ ਹੀ ਮਨ ਇਹ ਮੈਨੂੰ ਪਤਾ ਸੀ ਕਿ ਮੇਰੀ ਸ਼ਿਕਾਇਤ ਕਿਸ ਨੇ ਕੀਤੀ ਸੀ ਪਰ ਜਦੋਂ ਪਿਤਾ ਜੀ ਮੈਨੂੰ ਪੁੱਛ ਰਹੇ ਸਨ, "ਲੱਭੂ ਰਾਮ ਦੇ ਕਿੰਨੇ ਪੈਸੇ ਦੇਣੇ ਹਨ ਤੂੰ ?" ਉਦੋਂ ਮੈਨੂੰ ਉਸ ਮੁਖ਼ਬਰ ਨਾਲੋਂ ਵੱਧ ਕਸੂਰਵਾਰ ਲੱਭੂ ਰਾਮ ਲੱਗ ਰਿਹਾ ਸੀ, ਜਿਹੜਾ ਬਿਨਾਂ ਸੋਚੇ-ਸਮਝੇ ਮੈਨੂੰ ਉਧਾਰ ਦਿੰਦਾ ਰਿਹਾ ਸੀ। ਪਿਤਾ ਜੀ ਦੇ ਸੁਆਲ ਦਾ ਸੱਚਾ ਅਤੇ ਝੂਠਾ ਉੱਤਰ ਦਿੰਦਿਆਂ ਹੋਇਆਂ ਮੈਂ ਆਖਿਆ, "ਮੈਨੂੰ ਪਤਾ ਨਹੀਂ।"

ਮੇਰਾ ਉੱਤਰ 'ਝੂਠਾ' ਸੀ ਕਿਉਂਜੁ ਮੈਨੂੰ ਪਤਾ ਸੀ ਪੈਸੇ ਮੈਂ ਦੇਣੇ ਹਨ ਅਤੇ ਰਕਮ ਚੋਖੀ ਵੱਡੀ ਸੀ; ਮੇਰਾ ਉੱਤਰ 'ਸੱਚਾ' ਇਸ ਲਈ ਸੀ ਕਿ ਮੈਨੂੰ ਵੀ ਠੀਕ ਠੀਕ ਪਤਾ ਨਹੀਂ ਸੀ ਕਿ ਮੇਰੇ ਵੱਲ ਕਿੰਨੇ ਪੈਸੇ ਬਣ ਚੁੱਕੇ ਸਨ।

"ਹੁਣੇ ਲੱਗ ਜਾਂਦਾ ਸਾਰਾ ਪਤਾ," ਕਹਿ ਕੇ ਪਿਤਾ ਜੀ ਮੈਨੂੰ ਆਪਣੇ ਸਾਈਕਲ ਦੇ ਪਿੱਛੇ ਬਿਠਾ ਕੇ, ਸਕੂਲੋਂ, ਲੱਭੂ ਰਾਮ ਦੀ ਦੁਕਾਨ ਵੱਲ ਤੁਰ ਪਏ। ਮੈਂ ਚਾਹੁੰਦਾ ਸਾਂ, ਚੱਲਦੇ ਸਾਈਕਲ ਤੋਂ ਛਾਲ ਮਾਰ ਕੇ ਕਿਧਰੇ ਨੱਸ ਜਾਵਾਂ। ਬਾਕੀ ਸਭ ਕੁਝ ਸਾਂਭਿਆ



WWW.SIKHBOOKCLUB.COM 

ਸੁਤਿਆ ਗਿਆ ਸੀ; ਇਸ ਮੁਆਮਲੇ ਵਿਚ ਬੁਰੀ ਤਰ੍ਹਾਂ ਫਸ ਗਿਆ ਸਾਂ। ਪ੍ਰਸ਼ਨ ਉਨ੍ਹਾਂ ਦੇ ਗ਼ੁੱਸੇ ਦਾ ਨਹੀਂ ਸੀ; ਗ਼ੁਸੈਲ ਉਹ ਪਹਿਲਾਂ ਤੋਂ ਹੀ ਸਨ ਅਤੇ ਮੈਂ ਇਸਦੇ ਨਤੀਜੇ ਭੁਗਤਦਾ ਆਇਆ ਸਾਂ। ਪ੍ਰਸ਼ਨ ਸੀ ਉਨ੍ਹਾਂ ਲੋਕਾਂ ਸਾਹਮਣੇ ਦੋਸ਼ੀ ਠਹਿਰਾਇਆ ਜਾਣ ਦਾ, ਜਿਨ੍ਹਾਂ ਦੁਆਰਾ 'ਗਿਆਨੀ ਦਾ ਪੁੱਤਰ' ਹੋਣ ਕਰਕੇ ਮੈਂ ਪਿਆਰਿਆ ਦੁਲਾਰਿਆ ਜਾਂਦਾ ਸਾਂ।

ਲੱਭੂ ਰਾਮ ਦੀ ਦੁਕਾਨ ਸਾਹਮਣੇ ਪਿਤਾ ਜੀ ਦਾ ਸਾਈਕਲ ਰੁਕਿਆ। ਮੈਂ ਪਹਿਲਾਂ ਹੀ ਸਾਈਕਲ ਉੱਤੋਂ ਉਤਰ ਚੁੱਕਾ ਸਾਂ। ਮੇਰੀਆਂ ਸਹਿਮੀਆਂ ਅੱਖਾਂ ਨੇ ਲੱਭੂ ਰਾਮ ਵੱਲ ਵੇਖਿਆ। ਉਸ ਦੀਆਂ ਅੱਖਾਂ ਵਿਚ ਉਦਾਸੀ ਤਾਂ ਸਦਾ ਹੀ ਹੁੰਦੀ ਸੀ ਪਰ ਉਸ ਸਮੇਂ ਉਸਦੀ ਉਦਾਸੀ ਕੁਝ ਭਿਆਨਕ ਜਿਹੀ ਹੋ ਗਈ ਸੀ। ਮੈਂ ਬਾਬਾ ਲਛਮਣ ਸਿੰਘ ਜੀ ਦੀ ਦੁਕਾਨ ਵੱਲ ਵੇਖਣ ਲੱਗ ਪਿਆ। ਪਿਤਾ ਜੀ ਨੇ ਜ਼ਰਾ ਤਲਖ਼ ਜਿਹੇ ਲਹਿਜੇ ਵਿਚ ਆਖਿਆ, "ਲੱਭੂ ਰਾਮਾ, ਖੋਲ੍ਹ ਇਹਦਾ ਖਾਤਾ ਅਤੇ ਦੱਸ ਕਿੰਨੇ ਦੀ ਮਠਿਆਈ ਖਾ ਗਿਆ ਇਹ ?" ਮੇਰੀਆਂ ਲੱਤਾਂ ਕੰਬ ਰਹੀਆਂ ਸਨ।

ਬਾਬਾ ਲਛਮਣ ਸਿੰਘ ਜੀ ਆਪਣੀ ਦੁਕਾਨ ਵਿਚ ਬੈਠੇ, ਪਿਤਾ ਜੀ ਵੱਲ ਵੇਖਦੇ ਰਹੇ ਪਰ ਬੋਲੇ ਕੁਝ ਨਾ। ਲੱਭੂ ਰਾਮ ਨੇ ਕਿਹਾ, "ਲਉ ਜੀ, ਇਸ ਦਾ ਹਿਸਾਬ ਮੈਂ ਵੱਖਰੀ ਕਾਪੀ ਉੱਤੇ ਲਿਖਿਆ ਹੋਇਆ ਹੈ। ਜ਼ਰਾ ਜਮ੍ਹਾ ਕਰ ਕੇ ਦੱਸਦਾ ਹਾਂ।" ਲੱਭੂ ਰਾਮ ਦੇ ਹੱਥਾਂ ਵਿਚ ਫੜੀ ਹੋਈ ਕਾਪੀ ਮੈਨੂੰ ਦਿੱਸਣੋਂ ਹਟਦੀ ਜਾ ਰਹੀ ਸੀ।

"ਲਓ ਗਿਆਨੀ ਜੀ, ਕੁਲ ਮਿਲਾ ਕੇ ਬਣੇ ਤਿੰਨ ਰੁਪਏ ਬਾਰਾਂ ਆਨੇ।"

ਆਪਣੀ ਗੱਲ ਮੁਕਾ ਲੈਣ ਪਿੱਛੋਂ ਲੱਭੂ ਰਾਮ ਦੇ ਮੂੰਹ ਉੱਤੇ ਮੁਸਕਰਾਹਟ ਫੈਲ ਗਈ ਅਤੇ ਉਸਦੀਆਂ ਅੱਖਾਂ ਦੀ ਉਦਾਸੀ ਆਪਣਾ ਨਿਵਾਸ ਅਸਥਾਨ ਛੱਡ ਗਈ।

"ਬੱਸ ਏਨੇ ਹੀ ?"

"ਹਾਂ ਜੀ, ਏਨੇ ਹੀ, ਗਿਆਨੀ ਜੀ। ਪਿਛਲੇ ਛਿਆਂ ਮਹੀਨਿਆਂ ਦਾ ਹਿਸਾਬ ਹੈ ਇਹ। ਕਦੇ ਕਦੇ ਕੋਈ ਚੀਜ਼ ਲੈ ਕੇ ਖਾ ਲੈਂਦਾ ਹੈ ਜਾਂ ਦੁੱਧ ਪੀ ਲੈਂਦਾ ਹੈ।"

"ਕਿਉਂ ਉਏ, ਘਰ ਦੋ ਮੱਝਾਂ ਲਵੇਰੀਆਂ ਹਨ; ਉਨ੍ਹਾਂ ਦਾ ਦੁੱਧ ਕੌੜਾ ਲੱਗਦਾ ਤੈਨੂੰ ?"

ਮੈਂ ਚੁੱਪ ਰਿਹਾ। ਪਿਤਾ ਜੀ ਨੇ ਲੱਭੂ ਰਾਮ ਨੂੰ ਆਖਿਆ, "ਇਸਨੂੰ ਅੱਧ ਪਾ ਬਰਫ਼ੀ ਦੇ ਦੇ ਅਤੇ ਔਹ ਲੈ ਚਾਰ ਰੁਪਏ। ਅੱਗੇ ਤੋਂ ਉਧਾਰ ਬਿਲਕੁਲ ਨਾ ਦੇਵੀਂ।" ਲੱਭੂ ਰਾਮ ਅੰਦਰੋਂ ਬਾਹਰੋਂ, ਸਾਰਾ ਦਾ ਸਾਰਾ ਆਨੰਦ, ਆਨੰਦ ਹੋ ਗਿਆ। ਉਸਦੇ ਚਿਹਰੇ ਉੱਤੇ ਆਈ ਦੈਵੀ ਖ਼ੁਸ਼ੀ ਵੱਲ ਬਹੁਤਾ ਧਿਆਨ ਦੇਣ ਦੀ ਮੈਨੂੰ ਵਿਹਲ ਨਹੀਂ ਸੀ। ਮੇਰੀ ਆਪਣੀ ਹਾਲਤ ਉਸ ਆਦਮੀ ਵਰਗੀ ਸੀ ਜਿਹੜਾ ਕਿਸੇ ਮਜਬੂਰੀ ਜਾਂ ਭੈ ਕਾਰਨ ਵੱਡੀ ਛਾਲ ਮਾਰਨ ਦੀ ਦਲੇਰੀ ਕਰ ਕੇ ਸੌ ਫੁਟ ਡੂੰਘੀ ਖਾਈ ਨੂੰ ਟੱਪ ਤਾਂ ਗਿਆ ਹੋਵੇ ਪਰ ਟੱਪ ਜਾਣ ਪਿੱਛੋਂ ਖਾਈ ਦੀ ਡੂੰਘਾਈ ਵੱਲ ਝਾਤੀ ਮਾਰ ਕੇ ਅਤੇ ਇਹ ਸੋਚ ਕੇ ਭੈ-ਭੀਤ ਹੋ ਜਾਵੇ ਕਿ ਜੇ ਇਸ ਵਿਚ ਡਿੱਗ ਪਿਆ ਹੁੰਦਾ ਤਾਂ।

"ਸਿੱਧਾ ਘਰ ਜਾਵੀਂ; ਅੱਗੇ ਤੋਂ ਕੋਈ ਸ਼ਿਕਾਇਤ ਨਾ ਆਵੇ," ਕਹਿ ਕੇ ਪਿਤਾ ਜੀ ਚਲੇ ਗਏ। ਲੱਭੂ ਰਾਮ ਨੇ ਮੈਨੂੰ ਆਪਣੀ ਦੁਕਾਨ ਦੇ ਅੰਦਰ ਬੁਲਾ ਲਿਆ; ਬਰਫ਼ੀ ਦੀ ਪਲੇਟ ਭਰ ਕੇ ਮੇਜ਼ ਉੱਤੇ ਰੱਖੀ; ਮੈਨੂੰ ਬਾਹੋਂ ਪਕੜ ਕੇ ਕੁਰਸੀ ਉੱਤੇ ਬਿਠਾ ਲਿਆ


WWW.SIKHBOOKCLUB.COM

ਅਤੇ ਆਪ ਮੇਰੇ ਸਾਹਮਣੇ ਵਾਲੀ ਕੁਰਸੀ ਉੱਤੇ ਬੈਠ ਗਿਆ। ਮੈਂ ਸਿਰ ਚੁੱਕ ਕੇ ਆਪਣੇ ਰੱਖਿਅਕ ਵੱਲ ਵੇਖਿਆ। ਖ਼ੁਸ਼ੀ ਨੇ ਜਿਵੇਂ ਉਸਦੇ ਚਿਹਰੇ ਨੂੰ ਚਾਰ ਚੰਨ ਲਾ ਦਿੱਤੇ ਸਨ। ਇਕ ਵੇਰ ਬਾਬਾ ਲਛਮਣ ਸਿੰਘ ਜੀ ਨੇ ਮੈਨੂੰ ਆਖਿਆ ਸੀ, "ਖਾ ਲੈ, ਖਾ ਲੈ; ਕੋਈ ਗੱਲ ਨਹੀਂ।" ਅੱਜ ਇਹੋ ਕੁਝ ਲੱਭੂ ਰਾਮ ਨੇ ਵੀ ਆਖਿਆ ਪਰ ਮੂੰਹੋਂ ਬੋਲ ਕੇ ਨਹੀਂ, ਸਗੋਂ ਆਪਣੇ ਸਿਰ ਨੂੰ ਆਪਣੇ ਸੱਜੇ ਮੋਢੇ ਵੱਲ ਨੂੰ ਨਿੱਕੇ ਜਿਹੇ ਝਟਕੇ ਨਾਲ ਨਿਵਾ ਕੇ ਅਤੇ ਆਪਣੇ ਖੱਬੇ ਭਰਵੱਟੇ ਨੂੰ ਇਕ ਇਸ਼ਾਰੇ ਦੇ ਰੂਪ ਵਿਚ ਉੱਚਾ ਕਰ ਕੇ।

ਮੈਂ ਖਾਣ ਲੱਗ ਪਿਆ। ਇਕ ਅੱਧਾ ਮਿੰਟ ਲੱਭੂ ਰਾਮ ਮੇਰੇ ਮੂੰਹ ਵੱਲ ਵੇਖਦਾ ਰਿਹਾ ਅਤੇ ਨੌਕਰ ਨੂੰ ਦੁੱਧ ਲਿਆਉਣ ਲਈ ਕਹਿ ਕੇ ਆਪ ਵੀ ਖਾਣ ਲੱਗ ਪਿਆ। ਦੋਹਾਂ ਨੇ ਇਕ ਦੂਜੇ ਦੇ ਸਾਹਮਣੇ ਬੈਠ ਕੇ ਬਰਫ਼ੀ ਖਾਧੀ ਅਤੇ ਦੁੱਧ ਪੀਣਾ ਸ਼ੁਰੂ ਕਰ ਦਿੱਤਾ। ਇਕ ਘੁੱਟ ਭਰ ਕੇ ਉਹ ਉਠਿਆ ਅਤੇ ਖੰਡ ਦਾ ਇਕ ਵੱਡਾ ਚੱਮਚ ਮੇਰੀ ਬਾਟੀ ਵਿਚ ਘੋਲਦਿਆਂ ਆਖਣ ਲੱਗਾ, "ਤੇਰੇ ਲਈ ਮਿੱਠਾ ਪੂਰਾ ਨਹੀਂ।" ਮੈਂ ਹੈਰਾਨ ਸਾਂ ਕਿ ਇਸਨੂੰ ਕਿਵੇਂ ਪਤਾ ਹੈ ਕਿ ਮੈਨੂੰ ਬਹੁਤਾ ਮਿੱਠਾ ਪੀਣ ਦੀ ਆਦਤ ਹੈ। ਮੇਰੀ ਹੈਰਾਨੀ ਦੂਰ ਹੋ ਗਈ ਜਦੋਂ ਉਸਨੇ ਆਪਣੀ ਗੱਲ ਪੂਰੀ ਕਰਦਿਆਂ ਆਖਿਆ, "ਤੇਰੇ ਪਹਿਲਾ ਘੁੱਟ ਭਰਨ ਤੋਂ ਹੀ ਮੈਨੂੰ ਪਤਾ ਲੱਗ ਗਿਆ ਸੀ।"

ਦੁਕਾਨੋਂ ਬਾਹਰ ਆ ਕੇ ਵਿਦਾ ਲੈਣ ਲਈ ਮੈਂ ਉਸਦੇ ਚਿਹਰੇ ਵੱਲ ਵੇਖਿਆ। ਉਸਦੇ ਬੁੱਲ੍ਹ ਮੁਸਕਰਾਉਣ ਦਾ ਜਤਨ ਕਰ ਰਹੇ ਸਨ ਅਤੇ ਅੱਖਾਂ ਪਹਿਲਾਂ ਨਾਲੋਂ ਵੱਧ ਉਦਾਸ ਹੋ ਚੁੱਕੀਆਂ ਸਨ।

SIKHBOOKCLUB.COM

ਹੁਣ ਮੈਂ ਲੱਭੂ ਰਾਮ ਦਾ ਉਧਾਰ ਲਾਹੁਣ ਦੀ ਚਿੰਤਾ ਕਰਨ ਲੱਗ ਪਿਆ, ਪਰ ਪਿਤਾ ਜੀ ਨੇ ਮਾਤਾ ਜੀ ਨੂੰ ਕਰੜੇ ਆਦੇਸ਼ ਦੇ ਦਿੱਤੇ ਸਨ; ਇਸ ਲਈ ਮੇਰਾ ਹੱਥ ਹੋਰ ਵੀ ਤੰਗ ਹੋ ਗਿਆ ਸੀ। ਮੇਰੀ ਕੋਸ਼ਿਸ਼ ਹੁੰਦੀ ਸੀ ਕਿ ਸਦਰ ਬਾਜ਼ਾਰ ਵਿਚੋਂ ਲੰਘਦਾ ਹੋਇਆ ਜਰਨੈਲੀ ਸੜਕੇ ਪੈ ਕੇ ਸਿੱਧਾ ਪਿੰਡ ਨੂੰ ਚਲਾ ਜਾਵਾਂ, ਤਾਂ ਜੁ ਲੱਭੂ ਰਾਮ ਦੀ ਦੁਕਾਨ ਸਾਹਮਣਿਉਂ ਲੰਘਣਾ ਨਾ ਪਵੇ। ਜੇ ਕਦੀ ਸਾਥੀਆਂ ਦੇ ਆਖੇ ਵੇਖੇ ਜਾਂ ਘਰ ਦੀ ਲੋੜ ਦਾ ਕੋਈ ਸਾਮਾਨ ਖ਼ਰੀਦਣ ਲਈ ਅੰਦਰੂਨੀ ਬਾਜ਼ਾਰ ਵੱਲੋਂ ਲੰਘਣਾ ਪੈ ਜਾਂਦਾ ਸੀ ਤਾਂ ਕਬੂਤਰੀ ਦਰਵਾਜ਼ੇ ਹੇਠੋਂ ਲੰਘਦਿਆਂ ਹੀ ਮਨ ਭਾਰਾ ਹੋਣ ਲੱਗ ਪੈਂਦਾ ਸੀ। ਪਰੰਤੂ ਲੱਭੂ ਰਾਮ ਦੀਆਂ ਅੱਖਾਂ ਮੈਨੂੰ ਵੇਖਦਿਆਂ ਹੀ ਉਸਦੇ ਹੱਥਾਂ ਨੂੰ ਤੱਕੜੀ ਪਕੜਨ ਦਾ ਹੁਕਮ ਦੇ ਦਿੰਦੀਆਂ ਸਨ। ਉਸਦੀ ਉਦਾਰਤਾ ਨੇ ਛੇਤੀ ਹੀ ਮੇਰੇ ਮਨ ਨੂੰ ਮੁੜ ਹਲਕਾ ਕਰ ਦਿੱਤਾ।

ਦਸਵੀਂ ਪਾਸ ਕਰਕੇ ਮੈਂ ਸਿਖ ਨੈਸ਼ਨਲ ਕਾਲਜ ਲਾਹੌਰ ਪੜ੍ਹਨ ਚਲਾ ਗਿਆ। ਲੱਭੂ ਰਾਮ ਦੇ ਪੈਸੇ ਮੇਰੇ ਸਿਰ ਜਿਉਂ ਦੇ ਤਿਉਂ ਸਨ; ਕੁਝ ਵਧ ਵੀ ਗਏ ਸਨ। ਕਾਲਜ ਦਾ ਵਿਦਿਆਰਥੀ ਬਣ ਜਾਣ ਉੱਤੇ ਮੇਰੇ ਕੋਲ ਏਨੇ ਪੈਸੇ ਹੋਣ ਲੱਗ ਪਏ ਸਨ ਕਿ ਮੈਂ ਲੱਭੂ ਰਾਮ ਦਾ ਸਾਰਾ ਉਧਾਰ ਇਕੋ ਵੇਰ ਚੁਕਤਾ ਕਰ ਸਕਦਾ ਸਾਂ। ਗਰਮੀਆਂ ਦੀਆਂ ਛੁੱਟੀਆਂ ਵਿਚ ਮੈਂ ਇਉਂ ਹੀ ਕਰਨਾ ਚਾਹੁੰਦਾ ਸਾਂ।

ਗਰਮੀਆਂ ਦੀਆਂ ਛੁੱਟੀਆਂ ਹੋਈਆਂ। ਮੈਂ ਕਾਲਜੋਂ ਘਰ ਆਇਆ। ਅਗਲੇ ਦਿਨ ਲੱਭੂ ਰਾਮ ਦਾ ਹਿਸਾਬ ਚੁਕਾਉਣ ਲਈ, ਮੈਂ ਗੁਰਦਾਸਪੁਰ ਗਿਆ। ਲੱਭੂ ਰਾਮ ਓਥੇ ਨਹੀਂ

ਸੀ। ਉਸਦੀ ਦੁਕਾਨ ਹਲਵਾਈ ਦੀ ਥਾਂ ਪੰਸਾਰੀ ਦੀ ਦੁਕਾਨ ਬਣ ਚੁੱਕੀ ਸੀ। ਮੈਂ ਬਾਬਾ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ, "ਪੂਰਨ ਸਿਆਂ, ਲੱਭੂ ਰਾਮ ਨੂੰ ਗੁਜ਼ਰਿਆਂ ਮਹੀਨਾ ਹੋ ਗਿਆ।"

ਇਕ ਧੱਕਾ ਜਿਹਾ ਲੱਗਾ; ਆਪਣੇ ਆਪ ਨੂੰ ਸੰਭਾਲ ਕੇ ਮੈਂ ਪੁੱਛਿਆ, "ਇਹ ਨਵੇਂ ਦੁਕਾਨਦਾਰ ਉਨ੍ਹਾਂ ਦੇ.....? ਗੱਲ ਇਹ ਹੈ ਬਾਬਾ ਜੀ, ਮੈਂ ਉਨ੍ਹਾਂ ਦੇ ਪੈਸੇ ਦੇਣੇ ਹਨ। ਉਨ੍ਹਾਂ ਦੇ ਘਰ.....।"

"ਕਾਕਾ, ਲੱਭੂ ਰਾਮ ਦਾ ਕੋਈ ਨਹੀਂ; ਨਾ ਧੀ ਨਾ ਪੁੱਤ, ਨਾ ਭੈਣ ਨਾ ਭਰਾ। ਉਹ ਇਕੱਲਾ ਸੀ। ਘਰ ਅਤੇ ਦੁਕਾਨ ਸਭ ਕਿਰਾਏ ਦੇ ਸਨ। ਕੁਝ ਦਿਨ ਢਿੱਲਾ ਹੋਇਆ ਸੀ। ਦਮੇਂ ਦਾ ਰੋਗ ਸੀ ਉਸਨੂੰ। ਮਰਨ ਤੋਂ ਪਹਿਲਾਂ ਤੇਰੇ ਹਿਸਾਬ ਵਾਲੀ ਕਾਪੀ ਮੈਨੂੰ ਦਿੱਤੀ ਸੀ ਉਸਨੇ, ਅਤੇ ਕਿਹਾ ਸੀ ਜਦੋਂ ਤੂੰ ਆਵੇਂ, ਤੈਨੂੰ ਦੇ ਦਿਆਂ।"

ਰੇਸ਼ਮੀ ਰੁਮਾਲ ਵਿਚ ਲਪੇਟੀ ਹੋਈ ਕਾਪੀ ਮੈਂ ਖੋਲ੍ਹੀ। ਇਹ ਉਹੋ ਕਾਪੀ ਸੀ, ਜਿਹੜੀ ਉਸਨੇ ਪਿਤਾ ਜੀ ਦੇ ਸਾਹਮਣੇ ਖੋਲ੍ਹ ਕੇ ਮੇਰਾ ਹਿਸਾਬ ਦੱਸਿਆ ਸੀ, "ਤਿੰਨ ਰੁਪਏ ਬਾਰਾਂ ਆਨੇ।" ਕਾਪੀ ਵਿਚ ਕਿਧਰੇ ਕੋਈ ਹਿਸਾਬ ਕਿਤਾਬ ਨਹੀਂ ਸੀ ਲਿਖਿਆ ਹੋਇਆ। ਸਾਰੀ ਕਾਪੀ ਕੋਰੀ ਸੀ। ਇਕ ਸਫ਼ੇ ਉੱਤੇ ਚਾਰ ਰੁਪਏ ਦੇ ਉਹੋ ਨੋਟ ਟਾਂਕੇ ਹੋਏ ਸਨ, ਜਿਹੜੇ ਪਿਤਾ ਜੀ ਨੇ ਉਸਨੂੰ ਦਿੱਤੇ ਸਨ ਅਤੇ ਹਿੰਦੀ ਅੱਖਰਾਂ ਵਿਚ ਲਿਖਿਆ ਸੀ:

"ਪੂਰਣ ਸਿੰਹ, ਤੁਮ੍ਹੇਂ ਮਨ ਹੀ ਮਨ ਅਪਣਾ ਬੇਟਾ ਮਾਨ ਕਰ ਜਿਸ ਆਨੰਦ ਕਾ ਅਨੁਭਵ ਮੈਂਨੇ ਕੀਆ ਹੈ, ਉਸ ਕੇ ਬਦਲੇ ਮੇਂ ਮੈਂ ਤੁਮ੍ਹੇਂ ਕੁਛ ਨਹੀਂ ਦੇ ਸਕਾ। ਜੋ ਮੇਰੇ ਪਾਸ ਥਾ ਉਸ ਸੇ ਮੈਂਨੇ ਉਸ ਯਤੀਮਖ਼ਾਨੇ ਕਾ ਰਿਣ ਚੁਕਾਨੇ ਕੀ ਕੋਸ਼ਿਸ਼ ਕੀ ਹੈ ਜਿਸ ਮੇਂ ਮੇਰਾ ਬਚਪਨ ਗੁਜ਼ਰਾ। ਤੁਮ੍ਹਾਰੇ ਲੀਏ ਯਹ ਚਾਰ ਰੁਪਏ ਬਚੇ ਹੈਂ। ਭਲਾ ਯਹ ਭੀ ਕੋਈ ਵਿਰਾਸਤ ਹੈ?

ਲੱਭੂ ਰਾਮ"

ਲੱਭੂ ਰਾਮ ਦੇ ਬੁੱਲ੍ਹਾਂ ਉੱਤੇ ਵਰਤਮਾਨ ਕਦੀ ਕਦੀ ਮੁਸਕਾਨ ਬਣ ਕੇ ਆ ਬੈਠਦਾ ਸੀ ਪਰ ਭਵਿੱਖ ਵਿਚਲੀ ਸੁੰਞ ਦਾ ਅਹਿਸਾਸ ਉਸ ਦੀਆਂ ਅੱਖਾਂ ਦੀ ਸਦੀਵੀ ਉਦਾਸੀ ਬਣ ਗਿਆ ਸੀ; ਇਹ ਭੇਤ ਮੇਰੇ ਉੱਤੇ ਪਹਿਲੀ ਵੇਰ ਪਰਗਟ ਹੋਇਆ।

# ਸੋਮਾਂ

ਅੱਜ ਜਦੋਂ ਪਸ਼ੂ-ਮਨ ਬਾਰੇ ਕੁਝ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਵਿਦਵਾਨਾਂ ਦੇ ਵਿਚਾਰ ਪੜ੍ਹੇ ਹਨ ਤਾਂ ਮੇਰਾ ਮਨ ਅੱਧੀ ਕੁ ਸਦੀ ਪਿੱਛੇ ਚਲਾ ਗਿਆ ਹੈ। ਸੋਮਾਂ ਦੀ ਸੰਮ੍ਰਿਤੀ ਮੇਰੇ ਮਨ-ਆਂਙਨ ਨੂੰ ਮੱਲ ਕੇ ਬੈਠ ਗਈ ਹੈ। ਸੋਮਾਂ ਦਾ ਸਾਰਾ ਜੀਵਨ ਸਾਡੇ ਘਰ ਵਿਚ ਬੀਤਿਆ ਸੀ। ਉਹ ਸਿਰਫ਼ ਪੰਜ ਕੁ ਸਾਲ ਜੀਵੀ ਸੀ ਪਰ ਆਪਣੇ ਜੀਵਨ ਦੇ ਉਹੋ ਪੰਜ ਕੁ ਸਾਲ ਜੇ ਉਸਨੇ ਕਿਸੇ ਪਸ਼ੂ-ਵਿਗਿਆਨੀ ਦੇ ਨੇੜ ਵਿਚ ਗੁਜ਼ਾਰੇ ਹੁੰਦੇ ਤਾਂ ਹੁਣ ਤਕ ਅੱਧੀ ਦੁਨੀਆਂ ਉਸਦੇ ਨਾਂ ਤੋਂ ਵਾਕਿਫ਼ ਹੋ ਚੁੱਕੀ ਹੋਣੀ ਸੀ।

ਸੋਮਾਂ ਸਾਡੇ ਘਰ ਦੀ ਝੋਟੀ ਸੀ। ਉਹ ਬਹੁਤੀ ਸੋਹਣੀ ਨਹੀਂ ਸੀ। ਕੁੰਢੀ ਮੱਝ ਨੂੰ ਸੋਹਣੀ ਮੰਨਿਆ ਜਾਂਦਾ ਹੈ। ਸੋਮਾਂ ਕੁੰਢੀ ਨਹੀਂ ਸੀ। ਇਸ ਤੋਂ ਛੁੱਟ ਉਸਦੇ ਸਿੰਙ ਵੀ ਦੋ ਨਹੀਂ ਸਨ। ਉਸਦਾ ਸੱਜਾ ਸਿੰਙ ਨਹੀਂ ਸੀ। ਦਾਤਰੀ ਵਰਗੇ ਇਕ ਸਿੰਙ ਵਾਲੀ ਸੋਮਾਂ ਨੂੰ ਪਿੰਡ ਦਾ ਹਰ ਛੋਟਾ, ਵੱਡਾ ਪਿਆਰ ਕਰਦਾ ਸੀ। ਉਸਦੇ ਕੋਲੋਂ ਦੀ ਲੰਘਣ ਵਾਲਾ ਕੋਈ ਵੀ ਆਦਮੀ ਉਸਨੂੰ ਬੁਲਾਏ ਬਿਨਾਂ ਅਗੇਰੇ ਨਹੀਂ ਸੀ ਜਾਂਦਾ। ਉਹ ਵੀ ਹਰ ਬੁਲਾਉਣ ਵਾਲੇ ਵੱਲ ਵੇਖ ਕੇ ਉਸਦੀ ਗੱਲ ਦਾ ਹੁੰਗਾਰਾ ਭਰਦੀ ਸੀ। ਹਰ ਆਉਂਦੇ ਜਾਂਦੇ ਦਾ ਉਸਨੂੰ 'ਸੋਮਾਂ...' ਕਹਿ ਕੇ ਬੁਲਾਉਣਾ ਇਉਂ ਸੀ ਜਿਵੇਂ ਤੁਰੇ ਜਾਂਦਿਆਂ ਕਿਸੇ ਮੰਦਰ ਜਾਂ ਗੁਰਦੁਆਰੇ ਦੇ ਸਾਹਮਣਿਉਂ ਲੰਘਦੇ ਹੋਏ ਅਸੀਂ ਥੋੜਾ ਜਿਹਾ ਸਿਰ ਝੁਕਾ ਦਿੰਦੇ ਹਾਂ।

ਹਾਂ ਜੀ, ਲੋਕ ਸੋਮਾਂ ਦਾ ਆਦਰ ਕਰਦੇ ਸਨ ਅਤੇ ਉਹ ਹਰ ਤਰ੍ਹਾਂ ਉਸ ਆਦਰ ਦੀ ਹੱਕਦਾਰ ਸੀ। ਉਹ ਤਾਂ ਸ਼ਾਇਦ ਆਦਰ ਤੋਂ ਅਗੇਰੇ ਲੰਘ ਕੇ ਪਿਆਰ ਦੇ ਦੇਸ਼ ਵਿਚ ਦਾਖ਼ਲ ਹੋ ਚੁੱਕੀ ਸੀ ਪਰ ਮਨੁੱਖੀ ਹਉਮੈ ਲਈ ਆਦਰ ਤਕ ਪੁੱਜਣਾ ਵੀ ਇਕ ਵੱਡੀ ਪ੍ਰਾਪਤੀ ਹੈ। ਮਨੁੱਖ ਭੈ ਅਤੇ ਸੁਆਰਥ ਦੀ ਸੀਮਾਂ ਲੰਘਣੋਂ ਸੰਗਦਾ ਹੈ। ਸੋਮਾਂ ਦੁਆਰਾ ਕਿਸੇ ਦੇ ਸੁਆਰਥ ਦੀ ਹਾਨੀ ਹੋਣ ਦਾ ਸਵਾਲ ਹੀ ਨਹੀਂ ਸੀ ਉੱਠਦਾ ਅਤੇ ਉਹ ਵਸਤੂ, ਵਿਚਾਰ ਜਾਂ ਵਿਅਕਤੀ ਜਿਸ ਦੁਆਰਾ ਮਨੁੱਖੀ ਸੁਆਰਥ ਨੂੰ ਸੱਟ ਨਾ ਵੱਜਦੀ ਹੋਵੇ ਮਨੁੱਖ ਲਈ ਸਤਿਕਾਰਯੋਗ ਬਣ ਜਾਂਦਾ ਹੈ। ਆਰੰਭ ਵਿਚ ਤਾਂ ਸੋਮਾਂ ਇਕ ਤਰਸਯੋਗ ਪਸ਼ੂ ਸੀ ਪਰ ਹੌਲੀ ਹੌਲੀ ਉਹ ਇਕ ਸਤਿਕਾਰਯੋਗ ਵਿਅਕਤੀ ਬਣ ਗਈ ਸੀ।

ਸੰਨ ਉੱਨੀ ਸੌ ਉਨਤਾਲੀ ਜਾਂ ਚਾਲੀ ਦੀਆਂ ਸਰਦੀਆਂ ਦੀ ਗੱਲ ਹੈ ਕਿ ਮੈਂ ਅਤੇ ਮੇਰੇ ਮਾਤਾ ਜੀ ਸੋਮਾਂ ਦੀ ਮਾਂ ਨੂੰ ਖ਼ਰੀਦਣ ਥੱਥੋਹਾਲੀ ਗਏ ਸਾਂ। ਸਾਨੂੰ ਇਕ ਮੱਝ ਦੀ ਲੋੜ ਸੀ ਅਤੇ ਸੋਮਾਂ ਦੀ ਮਾਂ, ਪਹਿਲਣ ਝੋਟੀ, ਵਿਕਾਊ ਸੀ। ਇਹ ਗੱਲ ਸਾਡੇ ਮਾਤਾ ਜੀ ਨੂੰ ਚੋਖੇ ਚਿਰ ਤੋਂ ਪਤਾ ਸੀ। ਮੇਰੇ ਪਿਤਾ ਜੀ ਦੇ ਪਰਮ ਮਿੱਤਰ ਸਾਡੇ ਗੁਆਂਢੀ, ਸਾਡੇ ਪਿੰਡ ਦੇ ਨੰਬਰਦਾਰ, ਸਾਡੇ ਚਾਚਾ ਜੀ, ਸਰਦਾਰ ਹਰਨਾਮ ਸਿੰਘ ਦੀ ਭੈਣ, ਬੰਤੀ, ਸਾਡੇ

ਭੂਆ ਜੀ ਬੱਬੇਹਾਲੀ ਵਿਆਹੇ ਹੋਏ ਸਨ। ਇਹ ਝੋਟੀ ਉਨ੍ਹਾਂ ਦੀ ਸੀ। ਇਸ ਲਈ ਸੌਦਾ ਇਕ ਤਰ੍ਹਾਂ ਨਾਲ ਪੱਕਾ ਸੀ। ਸਵਾ ਤਿੰਨ ਸੌ ਰੁਪਿਆ ਦੇ ਕੇ ਅਸੀਂ ਦੋਵੇਂ ਮਾਂ-ਪੁੱਤ, ਅਗਲੀ ਸਵੇਰ, ਤੜਕੇ ਤੜਕੇ ਸੱਜਰ ਸੂ ਝੋਟੀ ਲੈ ਕੇ ਪਿੰਡ ਨੂੰ ਤੁਰ ਪਏ। ਰਾਹ ਵਿਚ ਇਕ ਦੋ ਵੇਰ ਮਾਤਾ ਜੀ ਨੇ ਝੋਰੇ ਜਿਹੇ ਨਾਲ ਆਖਿਆ ਸੀ, "ਜੇ ਕਿਤੇ ਇਹਦੇ ਮਗਰ ਕੱਟੀ ਹੁੰਦੀ।" ਮੱਝ ਦਾ ਕੱਟਾ ਅਜੇ ਪੰਦਰਾਂ ਕੁ ਦਿਨਾਂ ਦਾ ਹੀ ਸੀ। ਉਹ ਬਹੁਤਾ ਤੁਰ ਨਹੀਂ ਸੀ ਸਕਦਾ ਅਤੇ ਪਿੱਛੇ ਰਹਿ ਜਾਂਦਾ ਸੀ। ਚਾਰ ਕੋਹ ਪੈਂਡੇ ਵਿਚ ਕਈ ਵੇਰ ਮੱਝ ਨੇ ਖਲੋ ਕੇ, ਪਿੱਛੇ ਵੇਖ ਕੇ ਅਤੇ ਅੜਿੰਗ ਕੇ ਆਪਣੇ ਬੱਚੇ ਨੂੰ ਉਡੀਕਿਆ ਅਤੇ ਉਤਸ਼ਾਹਿਆ ਸੀ; ਤਾਂ ਵੀ ਸੂਰਜ ਨਿਕਲਣ ਤੋਂ ਪਹਿਲਾਂ ਅਸੀਂ ਘਰ ਪੁੱਜ ਗਏ ਸਾਂ। ਝੋਟੀ ਹੇਠੋਂ ਪੰਜ ਗੜਵੀਆਂ ਦੁੱਧ ਚੋ ਕੇ ਮਾਤਾ ਜੀ ਬਹੁਤ ਖ਼ੁਸ਼ ਹੋਏ ਸਨ।

ਪਰ ਉਨ੍ਹਾਂ ਦੀ ਇਹ ਖ਼ੁਸ਼ੀ ਚਿਰ-ਜੀਵੀ ਨਹੀਂ ਸੀ। ਠੀਕ ਦੋ ਮਹੀਨਿਆਂ ਪਿੱਛੋਂ ਇਕ ਦਿਨ ਮੱਝ ਚੂੰਘਾ ਗਈ, ਕੱਟਾ ਬੀਮਾਰ ਹੋ ਗਿਆ ਅਤੇ ਛੇ-ਸੱਤ ਦਿਨਾਂ ਵਿਚ ਪੂਰਾ ਹੋ ਗਿਆ। ਕੱਟੇ ਦਾ ਮਰ ਜਾਣਾ ਸਾਡੇ ਲਈ ਬਹੁਤੇ ਦੁੱਖ ਵਾਲੀ ਗੱਲ ਨਾ ਹੁੰਦਿਆਂ ਹੋਇਆਂ ਵੀ ਇਕ ਮਹੱਤਵਪੂਰਣ ਗੱਲ ਬਣ ਗਈ। ਉਸਦੇ ਮਰ ਜਾਣ ਪਿੱਛੋਂ ਮੱਝ ਨੇ ਦੁੱਧ ਲਾਹੁਣ ਤੋਂ ਇਨਕਾਰ ਕਰ ਦਿੱਤਾ। ਦੁੱਧ ਜਿਵੇਂ ਉਸਦੇ ਜਿਸਮ ਵਿਚੋਂ ਸੁੱਕ ਹੀ ਗਿਆ ਸੀ। ਉਸਨੂੰ ਚੰਗਾ ਵੰਡ-ਵੜੇਵਾਂ ਪਾਇਆ ਗਿਆ; ਪਿਆਰ ਪੁਚਕਾਰ ਨਾਲ ਉਸ ਕੋਲੋਂ ਚਾਰ ਧਾਰਾਂ ਲੈਣ ਦਾ ਜਤਨ ਕੀਤਾ ਗਿਆ; ਪਰ ਦੁੱਧ ਨਾਂ ਦੀ ਕੋਈ ਚੀਜ਼ ਉਥੇ ਜਿਵੇਂ ਹੈ ਹੀ ਨਹੀਂ ਸੀ। ਘੰਟਿਆਂ ਬੱਧੀ, ਕਦੇ ਮਾਤਾ ਜੀ, ਕਦੇ ਪਿਤਾ ਜੀ ਅਤੇ ਕਦੇ ਘਰ ਦਾ ਨੌਕਰ ਮੱਝ ਥੱਲੇ ਬੈਠ ਕੇ ਉਸਨੂੰ ਪਸਮਾਉਣ ਦਾ ਜਤਨ ਕਰਦੇ ਰਹਿੰਦੇ ਸਨ। ਦੁੱਧ ਉਸ ਕੋਲ ਹੁੰਦਾ ਤਾਂ ਉਹ ਲਾਹੁੰਦੀ। ਅੰਤ ਪਿਤਾ ਜੀ ਦਾ ਧੀਰਜ ਟੁੱਟ ਗਿਆ। ਉਨ੍ਹਾਂ ਨੇ ਡਾਂਗ ਫੜ ਲਈ ਅਤੇ ਬੜੀ ਬੇ-ਕਿਰਕੀ ਨਾਲ ਮੱਝ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਉਹ ਕਿੱਲੇ ਦੇ ਚੁਫੇਰੇ ਘੁੰਮਣ ਅਤੇ ਅੜਿੰਗਣ ਤੋਂ ਛੁੱਟ ਕੁਝ ਨਾ ਕਰ ਸਕੀ। ਥੱਕ ਹਾਰ ਕੇ ਪਿਤਾ ਜੀ ਖਿੱਝਦੇ ਖਪਦੇ ਘਰੋਂ ਨਿਕਲ ਗਏ। ਮੱਝ ਦਾ ਸਾਰਾ ਪਿੰਡਾ ਲਾਸੋ-ਲਾਸ ਹੋ ਗਿਆ ਸੀ। ਮਾਤਾ ਜੀ ਨੇ ਉਸਦੇ ਪਿੰਡੇ ਉੱਤੇ ਹੱਥ ਫੇਰਿਆ। ਉਸਨੇ ਮੂੰਹ ਮਾਤਾ ਜੀ ਵੱਲ ਮੋੜ ਕੇ ਗਿੱਠ ਲੰਮੀ ਜੀਭ ਕੱਢੀ। ਮਾਤਾ ਜੀ ਨੇ ਆਪਣਾ ਹੱਥ ਉਸ ਵੱਲ ਕੀਤਾ। ਉਸਨੇ ਉਨ੍ਹਾਂ ਦੇ ਖੱਬੇ ਹੱਥ ਨੂੰ ਚੱਟ ਚੱਟ ਕੇ ਅਤੇ ਅੜਿੰਗ ਅੜਿੰਗ ਕੇ ਇਹ ਕਹਿਣ ਦਾ ਜਤਨ ਕੀਤਾ ਕਿ "ਦੁੱਧ ਦੇਣਾ ਮੇਰੇ ਵੱਸ ਨਹੀਂ, ਮੈਨੂੰ ਮਾਰੋ ਨਾ, ਮੈਂ ਬੇਕਸੂਰ ਹਾਂ। ਮੈਨੂੰ ਖਿਮਾ ਕਰੋ।"

ਉਸਨੂੰ ਮੁਆਫ਼ ਕਰ ਦਿੱਤਾ ਗਿਆ। ਕੁਝ ਡਾਂਗਾਂ ਉਸਦੇ ਪੁੜਿਆਂ ਉੱਤੇ ਵੱਜੀਆਂ ਸਨ। ਉਥੇ ਨਿੱਕੇ ਨਿੱਕੇ ਜ਼ਖ਼ਮ ਹੋ ਗਏ ਸਨ। ਮਾਤਾ ਜੀ ਨੇ ਓੜ੍ਹ ਪੋੜ੍ਹ ਕਰ ਕੇ ਜ਼ਖ਼ਮਾਂ ਦਾ ਇਲਾਜ ਕਰ ਦਿੱਤਾ। ਛੇਤੀ ਹੀ ਮੱਝ ਮੁੜ ਨਵੇਂ ਦੁੱਧ ਹੋ ਗਈ ਅਤੇ ਵਰ੍ਹੇ ਦੇ ਅੰਦਰ ਅੰਦਰ ਉਸਨੇ ਇਕ ਕੱਟੀ ਨੂੰ ਜਨਮ ਦੇ ਕੇ ਸਾਡੇ ਘਰ ਨੂੰ ਖ਼ੁਸ਼ੀ ਨਾਲ ਭਰ ਦਿੱਤਾ। ਇਸ ਕੱਟੀ ਦਾ ਜਨਮ ਸੋਮਵਾਰ ਨੂੰ ਹੋਇਆ ਸੀ। ਇਸ ਲਈ ਮਾਤਾ ਜੀ ਨੇ ਇਸ ਦਾ ਨਾਂ ਸੋਮਾਂ ਰੱਖ ਦਿੱਤਾ।

ਸੋਮਾਂ ਪ੍ਰਤੀ ਉਸਦੀ ਮਾਂ ਦਾ ਵਤੀਰਾ ਹੋਰ ਮੱਝਾਂ ਨਾਲੋਂ ਵੱਖਰਾ ਸੀ। ਸਵੇਰੇ-ਸ਼ਾਮ ਧਾਰ ਕੱਢਣ ਤੋਂ ਪਹਿਲਾਂ ਸੋਮਾਂ ਨੂੰ ਉਸਦੀ ਮਾਂ ਥੱਲੇ ਛੱਡਿਆ ਜਾਂਦਾ ਸੀ ਅਤੇ ਉਹ

ਉਸਨੂੰ ਚੁੰਘਣ ਦਾ ਜਤਨ ਕਰਦੀ ਸੀ, ਪਰ ਉਸਦੀ ਮਾਂ ਨੇ ਅਜਿਹਾ ਹੋਣ ਉੱਤੇ ਕਦੇ ਦੁੱਧ ਨਹੀਂ ਸੀ ਲਾਹਿਆ। ਜਦੋਂ ਸੋਮਾਂ ਨੂੰ ਪਰੇ ਹਟਾ ਕੇ ਉਸਦੀ ਮਾਂ ਦੇ ਥਣ ਧੋਤੇ ਜਾ ਰਹੇ ਹੁੰਦੇ ਸਨ ਉਦੋ ਉਹ ਦੁੱਧ ਲਾਹੁੰਦੀ। ਧਾਰ ਕੱਢ ਲੈਣ ਤੋਂ ਪਿੱਛੋਂ ਜਿੰਨਾ ਦੁੱਧ ਮਾਤਾ ਜੀ ਸੋਮਾਂ ਦੇ ਚੁੰਘਣ ਲਈ ਉਸਦੀ ਮਾਂ ਦੇ ਥਣਾਂ ਵਿਚ ਛੱਡਦੇ ਸਨ, ਓਨਾ ਹੀ ਸੋਮਾਂ ਨੂੰ ਚੁੰਘਣ ਲਈ ਮਿਲਦਾ ਸੀ। ਇਹ ਪਤਾ ਲੱਗ ਜਾਣ ਉੱਤੇ ਕਿ ਮੱਝ ਨੂੰ ਪਸਮਾਉਣ ਲਈ ਸੋਮਾਂ ਦਾ ਉਸ ਹੇਠਾਂ ਛੱਡਿਆ ਜਾਣਾ ਜ਼ਰੂਰੀ ਨਹੀਂ, ਮਾਤਾ ਜੀ ਨੇ ਇਉਂ ਕਰਨਾ ਬੰਦ ਕਰ ਦਿੱਤਾ ਸੀ। ਉਹ ਬਾਲਟੀ ਲੈ ਕੇ ਮੱਝ ਥੱਲੇ ਬੈਠ ਜਾਂਦੇ ਸਨ ਅਤੇ ਉਸਦੇ ਥਣਾਂ ਨੂੰ ਧੋਣ ਲੱਗ ਪੈਂਦੇ ਸਨ। ਮੱਝ ਝੱਟ ਦੁੱਧ ਲਾਹ ਦਿੰਦੀ ਸੀ। ਮਾਤਾ ਜੀ ਅੰਤ ਵਿਚ ਸੋਮਾਂ ਜੋਗਾ ਦੁੱਧ ਛੱਡ ਦਿੰਦੇ ਸਨ।

ਸੋਮਾਂ ਦੇ ਜਨਮ ਤੋਂ ਕੁਝ ਦਿਨ ਪਿੱਛੋਂ ਉਸਦੀ ਮਾਂ ਨੂੰ ਬਾਹਰ ਡੰਗਰਾਂ ਨਾਲ ਚੁਗਣ ਲਈ ਘੱਲਿਆ ਗਿਆ ਤਾਂ ਉਹ ਗਲੀ ਦੇ ਅੰਤ ਤਕ ਜਾ ਕੇ ਪਿੱਛੇ ਮੁੜ ਆਈ। ਨੌਕਰ ਨੇ ਜ਼ਰਾ ਕੁ ਡਰ ਦੇ ਕੇ ਮੁੜ ਬਾਹਰ ਲੈ ਜਾਣ ਦਾ ਜਤਨ ਕੀਤਾ ਤਾਂ ਉਸਨੇ ਮੁੜ ਉਹੋ ਕੁਝ ਕੀਤਾ। ਮਾਤਾ ਜੀ ਨੇ ਨੌਕਰ ਨੂੰ ਆਖਿਆ, "ਚੱਲ ਰਹਿਣ ਦੇ। ਸੋਮਾਂ ਦਾ ਹੇਰਵਾ ਕਰਦੀ ਹੈ ਕਿਤੇ ਦੁੱਧ ਹੀ ਨਾ ਸੁਕਾ ਜਾਵੇ।" ਕੁਝ ਦਿਨਾਂ ਪਿੱਛੋਂ ਮੁੜ ਜਤਨ ਕੀਤਾ ਗਿਆ, ਪਰ ਉਹ ਬਾਹਰ ਨਾ ਗਈ। ਉਸਨੂੰ ਬਾਹਰ ਛੱਡਣ ਦਾ ਖ਼ਿਆਲ ਹੀ ਛੱਡ ਦਿੱਤਾ ਗਿਆ। ਅਚਾਨਕ ਦੋ ਕੁ ਮਹੀਨਿਆਂ ਪਿੱਛੋਂ ਇਕ ਦਿਨ ਸਵੇਰੇ ਜਦੋਂ ਬਾਕੀ ਡੰਗਰਾਂ ਨੂੰ ਚਾਰਨ ਲੈ ਜਾਣ ਦਾ ਸਮਾਂ ਹੋਇਆ ਤਾਂ ਸੋਮਾਂ ਦੀ ਮਾਂ ਵੀ ਜਾਣ ਦੀ ਇੱਛਾ ਪਰਗਟ ਕਰਨ ਲੱਗੀ। ਸਾਰੇ ਡੰਗਰਾਂ ਦੇ ਚਲੇ ਜਾਣ ਪਿੱਛੋਂ ਉਹ ਕਾਹਲੀ ਪੈ ਕੇ ਰੱਸਾ ਤੁੜਾਉਣ ਲੱਗ ਪਈ। ਉਸਦੀ ਗੱਲ ਸਮਝ ਕੇ ਨੌਕਰ ਨੇ ਉਸਦਾ ਰੱਸਾ ਲਾਹ ਦਿੱਤਾ। ਉਹ ਸੋਮਾਂ ਕੋਲ ਜਾ ਖਲੋਤੀ ਅਤੇ ਨੌਕਰ ਦੇ ਆਖਣ ਉੱਤੇ ਵੀ ਬਾਹਰ ਨਾ ਗਈ। ਮਾਤਾ ਜੀ ਨੂੰ ਉਸਦੀਆਂ ਰਮਜ਼ਾਂ ਦੀ ਸਮਝ ਲੱਗ ਜਾਂਦੀ ਸੀ। ਆਖਣ ਲੱਗੇ, "ਚਰਨ, ਇਹ ਸੋਮਾਂ ਨੂੰ ਨਾਲ ਲਿਜਾਣਾ ਚਾਹੁੰਦੀ ਹੈ। ਚੱਲ, ਲੈ ਜਾ। ਪਰ ਧਿਆਨ ਰੱਖੀਂ, ਕਿਤੇ ਚੁੰਘਾਅ ਨਾ ਜਾਵੇ।" ਸੋਮਾਂ ਨਾਲ ਚਲੀ ਗਈ। ਸ਼ਾਮ ਨੂੰ ਨੌਕਰ ਨੇ ਆ ਕੇ ਦੱਸਿਆ ਕਿ "ਦੋਵੇਂ ਮਾਵਾਂ ਧੀਆਂ ਲਾਗੋ ਲਾਗ ਰਹੀਆਂ ਸਨ।" ਮਹੀਨਾ ਕੁ ਬਾਹਰ ਚੁਗ ਲੈਣ ਪਿੱਛੋਂ ਜਿਵੇਂ ਮਾਂ ਨੇ ਸਮਝ ਲਿਆ ਸੀ ਕਿ ਉਸਦੀ ਸੋਮਾਂ ਹੁਣ ਉਸਦੇ ਦੁੱਧ ਦੀ ਲੋੜਵੰਦ ਨਹੀਂ ਰਹੀ; ਇਸ ਲਈ ਉਸਨੇ ਧਾਰ ਕੱਢੀ ਜਾਣ ਪਿੱਛੋਂ ਸੋਮਾਂ ਦੁਆਰਾ ਚੁੰਘੀ ਜਾਣ ਤੋਂ ਇਨਕਾਰ ਕਰ ਦਿੱਤਾ। ਸੋਮਾਂ ਦੇ ਨੇੜੇ ਆਉਂਦਿਆਂ ਹੀ ਉਹ ਇਧਰ ਉਧਰ ਹੋਣ ਲੱਗ ਪਈ। ਸੋਮਾਂ ਨੇ ਵੀ ਆਪਣੀ ਮਾਂ ਦੀ ਮਰਜ਼ੀ ਦਾ ਆਦਰ ਕਰਦਿਆਂ ਹੋਇਆਂ ਬਹੁਤੀ ਜ਼ਿੱਦ ਨਾ ਕੀਤੀ। ਦੋ ਤਿੰਨ ਦਿਨ ਅਜਿਹਾ ਹੋਣ ਉੱਤੇ ਮਾਤਾ ਜੀ ਨੇ ਜਾਣ ਲਿਆ ਕਿ ਹੁਣ ਇਹ ਸੋਮਾਂ ਨੂੰ ਦੁੱਧ ਨਹੀਂ ਚੁੰਘਾਉਣਾ ਚਾਹੁੰਦੀ। ਮਾਤਾ ਜੀ ਨੇ ਸੋਮਾਂ ਲਈ ਹਰੇ ਅਤੇ ਕੂਲੇ ਪੱਠਿਆਂ ਦਾ ਉਚੇਚਾ ਪ੍ਰਬੰਧ ਕਰ ਦਿੱਤਾ।

ਸੋਮਾਂ ਪੌਣੇ ਕੁ ਦੋ ਸਾਲਾਂ ਦੀ ਹੋ ਗਈ। ਇਕ ਚੰਗੀ ਮੱਝ ਹੋਣ ਦੇ ਸਾਰੇ ਲੱਛਣ ਉਸ ਵਿਚ ਸਨ, ਪਰ ਉਹ ਸੋਹਣੀ ਨਹੀਂ ਸੀ। ਉਸਦੇ ਸਿੰਙ ਕੁੰਢੇ ਨਹੀਂ ਸਨ। ਉਹ ਆਪ ਵੀ ਮੋਟੀ ਤਾਜ਼ੀ ਸੀ ਪਰ ਉਸਦੇ ਦਾਤਰੀ ਨੁਮਾ ਸਿੰਙ ਕੁਝ ਜ਼ਿਆਦਾ ਹੀ ਵਡੇਰੇ ਸਨ

ਅਤੇ ਉਸਦੀ ਧੌਣ ਦੇ ਨਾਲ ਨਾਲ ਪਿਛਾਂਹ ਨੂੰ ਗਏ ਹੋਣ ਦੀ ਥਾਂ ਪਾਸਿਆਂ ਵੱਲ ਨੂੰ ਵਧੇ ਹੋਏ ਸਨ। ਉਸਨੂੰ ਵੇਖ ਕੇ ਹਰ ਕੋਈ ਉਦਾਸ ਜਿਹਾ ਹੋ ਕੇ ਆਖਦਾ ਸੀ, "ਇਹਦੀ ਮਾਂ ਵੇਖੋ, ਕਿੰਨੀ ਸੋਹਣੀ ਹੈ।" ਹੁਣ ਤਕ ਸੋਮਾਂ ਆਪਣੀ ਸੋਹਣੀ ਮਾਂ ਦੀ ਧੀ ਹੋਣ ਕਰਕੇ ਹੀ ਸਲਾਹੀ ਅਤੇ ਸਤਿਕਾਰੀ ਜਾਂਦੀ ਸੀ। ਉਸਦੀ ਮਾਂ ਹੁਣ ਤਕ ਦੋਵੇਂ ਵੇਲੇ ਦੁੱਧ ਦਿੰਦੀ ਆ ਰਹੀ ਸੀ। ਉਹ ਮੁੜ ਨਵੇਂ ਦੁੱਧ ਹੋ ਗਈ। ਦੁੱਧ ਦੇਣਾ ਉਸਨੇ ਬੰਦ ਨਾ ਕੀਤਾ। ਦੋ, ਤਿੰਨ, ਚਾਰ, ਪੰਜ, ਛੇ ਮਹੀਨੇ ਹੋ ਗਏ। ਉਹ ਦੋਵੇਂ ਵੇਲੇ ਦੁੱਧ ਦਿੰਦੀ ਰਹੀ। ਗਲੀ ਗੁਆਂਢ ਦੇ ਲੋਕ ਆਖਦੇ ਸਨ, 'ਇਹ ਪਹਿਲੇ ਸੂਏ ਦੀ ਕਸਰ ਕੱਢ ਰਹੀ ਹੈ।' ਮਾਤਾ ਜੀ ਨੇ ਆਪ ਹੀ ਉਸ ਨੂੰ ਚੋਣਾ ਛੱਡ ਦਿੱਤਾ। ਉਸ ਉੱਤੇ ਦਿਨ ਦੂਣਾ ਰੂਪ ਚੜ੍ਹਨ ਲੱਗਾ। ਜਦੋਂ ਵੀ ਉਸ ਦੀ ਗੱਲ ਹੁੰਦੀ, ਮਾਤਾ ਜੀ ਕਹਿੰਦੇ, "ਮੱਝ ਬਣਦੀ ਹੀ ਤੀਜੇ ਸੂਏ ਹੈ।" ਗਲੀ ਦੀਆਂ ਸਾਰੀਆਂ ਸਿਆਣੀਆਂ ਉਨ੍ਹਾਂ ਦੀ ਪ੍ਰੋੜ੍ਹਤਾ ਕਰਦੀਆਂ।

ਸਮਾਂ ਬੀਤਦਾ ਗਿਆ। ਮੱਝ ਦੇ ਸੂਣ ਵਿਚ ਮਹੀਨਾ ਕੁ ਬਾਕੀ ਸੀ ਕਿ ਇਕ ਦਿਨ ਦੁਪਹਿਰ ਵੇਲੇ ਬਚਨ, ਸਾਡਾ ਨੌਕਰ, ਡੰਗਰਾਂ ਨੂੰ ਵਾਹੋ ਦਾਹੀ ਦੁੜਾਉਂਦਾ ਹਵੇਲੀ ਵਿਚ ਲੈ ਆਇਆ। ਸੋਮਾਂ ਦੀ ਮਾਂ ਆਪਣੇ ਕਿੱਲੇ ਤਕ ਨਾ ਪੁੱਜ ਸਕੀ ਅਤੇ ਅੰਬਾਂ ਹੇਠ ਬੈਠੇ ਲੋਕਾਂ ਕੋਲ ਡਿੱਗ ਪਈ। ਸੋਮਾਂ ਜੀ ਭਿਆਣੀ ਉਸ ਕੋਲ ਚਲੀ ਗਈ। ਮੰਜੀਆਂ ਉੱਤੇ ਬੈਠੇ ਹੋਏ ਸਾਰੇ ਘਬਰਾ ਗਏ। "ਕੀ ਹੋਇਆ, ਕੀ ਹੋਇਆ ?" ਦੀਆਂ ਆਵਾਜ਼ਾਂ ਉਠੀਆਂ।

ਏਨੇ ਨੂੰ ਦੂਜੇ ਪਾਲੀ ਵੀ ਪੁੱਜ ਗਏ। ਉਹ ਇਕ ਟੱਪਰੀ-ਵਾਸ ਕੀਕਨ ਨੂੰ ਵੀ ਨਾਲ ਲਿਆਏ ਸਨ। ਲਿਆਏ ਹੀ ਨਹੀਂ, ਰਾਹ ਵਿਚ ਉਸਨੂੰ ਮਾਰਦੇ ਕੁੱਟਦੇ ਵੀ ਆਏ ਸਨ। ਉਹ ਤਰਲੇ ਮਿੰਨਤਾਂ ਕਰਕੇ ਆਪਣੀ ਜਾਣ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। 'ਕੀ ਹੋਇਆ' ਦੇ ਉੱਤਰ ਵਿਚ ਪਾਲੀਆਂ ਨੇ ਦੱਸਿਆ ਕਿ "ਇਸ ਕੀਕਨ ਨੇ ਸੂਏ ਵਿਚ ਬੈਠੀ ਮਹਿੰ ਨੂੰ ਕੁਝ ਦੇ ਦਿੱਤਾ ਸੀ। ਮਹਿੰ ਤੜਫ ਕੇ ਪਾਣੀ ਵਿਚੋਂ ਬਾਹਰ ਆ ਪਈ ਸੀ ਅਤੇ ਲੁਤਛਣੀਆਂ ਲੈਣ ਲੱਗ ਪਈ ਸੀ। ਪਰਸੋਂ ਦਿਨ੍ਹਾਂ ਕੀਕਨਾਂ ਨੇ ਔਜਲਿਆਂ ਵਾਲੇ ਸੋਹਣ ਸਿੰਘ ਦੀ ਮੱਝ ਜ਼ਹਿਰ ਦੇ ਕੇ ਮਾਰ ਦਿੱਤੀ ਸੀ। ਅਸਾਂ ਇਹਨੂੰ ਜੀਂਦੇ ਨਹੀਂ ਛੱਡਣਾ।" ਕੀਕਨ ਨੂੰ ਬਹੁਤ ਮਾਰਿਆ ਗਿਆ ਅਤੇ ਉਹ ਹੱਥ ਜੋੜ ਕੇ ਆਪਣੀ ਬੇ-ਗੁਨਾਹੀ ਦੇ ਵਾਸਤੇ ਪਾਉਂਦਾ ਗਿਆ। ਗੁਰਦਾਸਪੁਰ ਤੋਂ ਡਾਕਟਰ ਦੇ ਆ ਜਾਣ ਨਾਲ ਉਸ ਕੀਕਨ ਦਾ ਕਸ਼ਟ ਤਾਂ ਕੱਟਿਆ ਗਿਆ ਪਰ ਮੱਝ ਦੇ ਦੁੱਖ ਦਾ ਕੋਈ ਦਾਰੂ ਉਹ ਨਾ ਦੱਸ ਸਕਿਆ। ਉਸ ਦੇ ਅੰਗ ਅੰਗ ਵਿਚ ਜ਼ਹਿਰ ਫੈਲ ਗਿਆ ਸੀ। ਉਸਦਾ ਸਾਰਾ ਸਰੀਰ ਪੀੜ ਪੀੜ ਹੋ ਗਿਆ ਸੀ। ਉਸਦੀਆਂ ਲੱਤਾਂ ਕਦੇ ਸੁਕੜ ਕੇ ਉਸਦੇ ਪੇਟ ਨਾਲ ਜਾ ਲੱਗਦੀਆਂ ਸਨ, ਕਦੇ ਬਾਹਰ ਨੂੰ ਫੈਲ ਜਾਂਦੀਆਂ ਸਨ। ਉਸਦੀ ਧੌਣ ਪਿੱਛੇ ਨੂੰ ਮੁੜ ਜਾਂਦੀ ਸੀ ਅਤੇ ਉਸਦਾ ਮੂੰਹ ਉਸਦੇ ਮੋਢਿਆਂ ਨੂੰ ਜਾ ਲੱਗਦਾ ਸੀ। ਆਪਣੀ ਵੱਖੀ ਭਾਰ ਪਈ ਉਹ ਆਪਣਾ ਸਿਰ ਚੁੱਕ ਚੁੱਕ ਕੇ ਧਰਤੀ ਉੱਤੇ ਮਾਰਦੀ ਸੀ। ਉਸਦਾ ਦੁਖ ਦੇਖਿਆ ਨਹੀਂ ਸੀ ਜਾਂਦਾ।

ਸੋਮਾਂ ਇਹ ਸਭ ਕੁਝ ਵੇਖਦੀ ਸੀ। ਉਹ ਆਪਣੀ ਮਾਂ ਕੋਲ ਉਸੇ ਵਾਂਗ ਧਰਤੀ ਉੱਤੇ ਲੇਟ ਗਈ ਸੀ। ਜਦੋਂ ਉਸਦੀ ਮਾਂ ਦੀਆਂ ਲੱਤਾਂ ਸੁਕੜ ਕੇ ਉਸਦੇ ਸਰੀਰ ਨਾਲ ਲੱਗ ਜਾਂਦੀਆਂ, ਉਦੋਂ ਸੋਮਾਂ ਵੀ ਆਪਣੀਆਂ ਲੱਤਾਂ ਨੂੰ ਆਪਣੇ ਸਰੀਰ ਨਾਲ ਲਾ ਲੈਂਦੀ।


WWW.SIKHBOOKCLUB.COM 

ਜਦੋਂ ਉਸਦੀ ਮਾਂ ਦੀਆਂ ਲੱਤਾਂ ਆਕੜ ਕੇ ਫੈਲ ਜਾਂਦੀਆਂ, ਉਦੋਂ ਸੋਮਾਂ ਦੀਆਂ ਲੱਤਾਂ ਵੀ ਫੈਲ ਜਾਂਦੀਆਂ। ਜਦੋਂ ਉਸਦੀ ਮਾਂ ਆਪਣਾ ਸਿਰ ਧਰਤੀ ਉੱਤੇ ਮਾਰਦੀ, ਉਦੋਂ ਸੋਮਾਂ ਵੀ ਆਪਣਾ ਸਿਰ ਉਸੇ ਵਾਂਗ ਧਰਤੀ ਉੱਤੇ ਪਟਕਦੀ।

ਕਿੰਨਾ ਚਿਰ ਇਹ ਸਭ ਕੁਝ ਹੁੰਦਾ ਰਿਹਾ। ਲਗਭਗ ਸਾਰਾ ਪਿੰਡ ਉਥੇ ਆ ਗਿਆ ਸੀ। ਡਾਕਟਰ ਬੇ-ਬੱਸ ਸੀ। ਸਾਰੇ ਲੋਕ ਬੇ-ਬੱਸ ਸਨ। ਸਭ ਦੀਆਂ ਅੱਖਾਂ ਵਿਚ ਸਿੱਲ੍ਹ ਸੀ। ਸੋਮਾਂ ਉੱਠੀ ਅਤੇ ਮਾਤਾ ਜੀ ਕੋਲ ਗਈ। ਮਾਤਾ ਜੀ ਨੇ ਉਸਦੇ ਸਿਰ ਨੂੰ ਆਪਣੇ ਕਲਾਵੇ ਵਿਚ ਲੈ ਕੇ ਆਖਿਆ, "ਦੱਸ, ਸੋਮਾਂ, ਮੈਂ ਕੀ ਕਰਾਂ।" ਮਾਤਾ ਜੀ ਦੀਆਂ ਭੁੱਬਾਂ ਨਿਕਲ ਗਈਆਂ। ਸੋਮਾਂ ਵਾਪਸ ਮੁੜ ਆਈ। ਮਾਤਾ ਜੀ ਉਸ ਲਈ ਸੰਸਾਰ ਦੀ ਸਭ ਤੋਂ ਵੱਡੀ ਅਦਾਲਤ ਦਾ ਦਰਜਾ ਰੱਖਦੇ ਸਨ। ਉਨ੍ਹਾਂ ਦੀ ਅਦਾਲਤ ਵਿਚੋਂ ਸੋਮਾਂ ਦੀ ਅਪੀਲ ਖਾਰਜ ਹੋ ਗਈ ਸੀ। ਉਹ ਆਪਣੀ ਮਾਂ ਕੋਲ ਆ ਬੈਠੀ। ਆਪਣੀ ਸੱਜੀ ਵੱਖੀ ਭਾਰ ਲੇਟ ਗਈ। ਉਸਨੇ ਆਪਣੀ ਮਾਂ ਵਾਂਗ ਆਪਣਾ ਸਿਰ ਧਰਤੀ ਉੱਤੇ ਮਾਰਨਾ ਸ਼ੁਰੂ ਕਰ ਦਿੱਤਾ। ਇਕ-ਅੱਧੇ ਮਿੰਟ ਪਿੱਛੋਂ ਸੋਮਾਂ ਦੀ ਮਾਂ ਆਪਣਾ ਸਿਰ ਚੁੱਕਣ ਦੇ ਅਸਮਰੱਥ ਹੋ ਗਈ। ਪਰ ਸੋਮਾਂ ਉਵੇਂ ਹੀ ਸਿਰ ਮਾਰਦੀ ਰਹੀ। ਉਸ ਦਾ ਸੱਜਾ ਸਿੰਙ ਜੜ੍ਹੋਂ ਹਿੱਲ ਗਿਆ। ਉਸਨੇ ਧਰਤੀ ਉੱਤੇ ਸਿਰ ਪਟਕਣਾ ਜਾਰੀ ਰੱਖਿਆ। ਉਸਦਾ ਸਿੰਙ ਉਸਦੇ ਸਿਰ ਤੋਂ ਵੱਖ ਹੋ ਗਿਆ। ਉਸਨੇ ਸਿਰ ਮਾਰਨਾ ਬੰਦ ਨਾ ਕੀਤਾ। ਉਸਦੇ ਸਿਰ ਹੇਠ ਉਸਦੇ ਲਹੂ ਦੀ ਛੱਪੜੀ ਲੱਗ ਗਈ। ਉਹ ਸਿਰ ਮਾਰਦੀ ਸੀ ਅਤੇ ਲਹੂ ਦੀਆਂ ਛਿੱਟਾਂ ਦੂਰ ਤਕ ਜਾਂਦੀਆਂ ਸਨ। ਉਸਦੇ ਦੁੱਖ ਵਿਚ ਬਿਹਬਲ ਹੋਏ ਲੋਕਾਂ ਨੂੰ ਪਤਾ ਵੀ ਨਾ ਲੱਗਾ ਕਿ ਉਸਦੀ ਮਾਂ ਨੇ ਆਪਣਾ ਆਖ਼ਰੀ ਸਾਹ ਕਦੋਂ ਲਿਆ ਸੀ। ਮਾਤਾ ਜੀ ਦੌੜ ਕੇ ਉਸ ਕੋਲ ਗਏ। ਲਹੂ ਨਾਲ ਲੱਥ ਪੱਥ ਸਿਰ ਨੂੰ ਛਾਤੀ ਨਾਲ ਲਾ ਕੇ ਰੋਏ, "ਸੋਮਾਂ, ਬੱਸ ਕਰ। ਮੇਰੀ ਧੀ, ਬੱਸ ਕਰ।" ਸੋਮਾਂ ਨੇ ਸਿਰ ਮਾਰਨਾ ਬੰਦ ਕਰ ਦਿੱਤਾ। ਉਹ ਸ਼ਾਂਤ ਹੋ ਗਈ। ਉਸਦੀਆਂ ਅੱਖਾਂ ਛਮ ਛਮ ਹੰਝੂ ਕੇਰਨ ਲੱਗ ਪਈਆਂ।

ਸਿੰਙ ਨੂੰ ਮੁੜ ਜੋੜਨ ਦੀ ਕੋਸ਼ਿਸ਼ ਨੂੰ ਬੇਕਾਰ ਜਾਣ ਕੇ ਡਾਕਟਰ ਨੇ ਸੋਮਾਂ ਦੀ ਪੱਟੀ ਕਰ ਦਿੱਤੀ। ਉਸਦੀ ਮਾਂ ਦਾ ਸਰੀਰ ਦਬਵਾ ਦਿੱਤਾ ਗਿਆ। ਸੋਮਾਂ ਹੌਲੀ ਹੌਲੀ ਆਪਣਾ ਦੁਖ ਭੁੱਲ ਗਈ। ਪਿੰਡ ਦੇ ਲੋਕ ਸੋਮਾਂ ਨੂੰ ਬਹੁਤ ਹੀ ਪਿਆਰ ਕਰਨ ਲੱਗ ਪਏ। ਹਰ ਕੋਈ ਆਖਦਾ ਸੀ, "ਹੱਦ ਹੋ ਗਈ, ਏਨਾ ਮੋਹ! ਸੋਮਾਂ ਤਾਂ ਪਿਛਲੇ ਜਨਮ ਦੀ ਕੋਈ ਉੱਚੀ ਰੂਹ ਹੈ!! ਪਤਾ ਨਹੀਂ, ਇਸਨੂੰ ਪਸ਼ੂ ਦੀ ਜੂਨ ਕਿਉਂ ਮਿਲ ਗਈ!" ਜੋ ਵੀ ਸੋਮਾਂ ਦੇ ਲਾਗੋਂ ਦੀ ਲੰਘਦਾ ਉਹ ਸੋਮਾਂ ਨਾਲ ਹਮਦਰਦੀ ਕਰਨੋਂ ਨਾ ਰਹਿ ਸਕਦਾ। ਸੋਮਾਂ ਸਿਰ ਝੁਕਾ ਕੇ ਜਿਵੇਂ ਉਸਦਾ ਧੰਨਵਾਦ ਕਰਦੀ। ਸੋਮਾਂ ਸਾਰੇ ਪਿੰਡ ਦੀ ਆਪਣੀ ਬਣ ਗਈ। ਉਸਦਾ ਜ਼ਖ਼ਮ ਰਾਜ਼ੀ ਹੋ ਗਿਆ। ਹੁਣ ਉਸਦੇ ਸਿਰ ਉੱਤੇ ਖੱਬੇ ਪਾਸੇ ਵੱਲ ਨੂੰ ਪਸਰਿਆ ਹੋਇਆ ਇਕੋ ਇਕ ਸਿੰਙ ਸੀ। ਉਹ ਸੋਹਣਾ ਨਹੀਂ ਸੀ ਲੱਗਦਾ ਪਰ ਉਸਨੂੰ ਹੱਥ ਲਾ ਕੇ ਸੋਮਾਂ ਨਾਲ ਸੰਬੰਧ ਪ੍ਰਗਟ ਕਰਨਾ ਸਭ ਨੂੰ ਚੰਗਾ ਲੱਗਦਾ ਸੀ। ਲੋਕਾਂ ਨੇ ਸੋਮਾਂ ਦੇ ਸਿੰਙ ਉੱਤੇ ਹੱਥ ਫੇਰ ਫੇਰ ਕੇ ਉਸਨੂੰ ਬਹੁਤ ਹੀ ਮੁਲਾਇਮ ਕਰ ਦਿੱਤਾ ਸੀ।

ਸੋਮਾਂ ਗਰਭਵਤੀ ਹੋ ਗਈ। ਇਸ ਗੱਲ ਦੀ ਸਾਰੇ ਪਿੰਡ ਨੂੰ ਖ਼ੁਸ਼ੀ ਸੀ ਪਰ ਸਾਡੇ

ਮਾਤਾ ਜੀ ਤਾਂ ਜਿਵੇਂ ਸ਼ਗਨ ਮਨਾਉਣ ਲੱਗ ਪਏ। ਉਹ ਹਰ ਕਿਸੇ ਨੂੰ ਕਹਿੰਦੇ ਸਨ, "ਮੇਰੀ ਸੋਮਾਂ ਕੱਟੀ ਦੇਵੇਗੀ।" ਸੋਮਾਂ ਨੇ ਕੱਟੀ ਦਿੱਤੀ, ਪੰਜ ਕਲਿਆਣੀ। ਸੋਮਾਂ ਵਿਚ ਆਪਣੀ ਮਾਂ ਵਾਲੇ ਸਾਰੇ ਗੁਣ ਸਨ। ਉਹ ਸਭ ਦੀ ਮਿੱਤਰ ਸੀ। ਲੋਕ ਉਸਦੀ ਧੀ ਨੂੰ ਪਿਆਰ ਕਰਦੇ ਸਨ, ਉਹ ਉਨ੍ਹਾਂ ਦੀ ਸ਼ੁਕਰਗੁਜ਼ਾਰ ਹੁੰਦੀ ਸੀ। ਇਹ ਸਭ ਕੁਝ ਕਿਸੇ ਕੋਲੋਂ ਛੁਪਿਆ ਨਹੀਂ ਸੀ ਰਹਿੰਦਾ। ਸੋਮਾਂ ਨੂੰ ਆਪਣੀ ਸ਼ੁਕਰਗੁਜ਼ਾਰੀ ਪ੍ਰਗਟ ਕਰਨ ਦੀ ਬਹੁਤ ਜਾਚ ਸੀ। ਉਹ ਆਪਣਾ ਸਿਰ ਝੁਕਾ ਕੇ ਆਪਣਾ ਸਿੰਙ ਲੋਕਾਂ ਦੇ ਅੱਗੇ ਕਰ ਦਿੰਦੀ ਸੀ। ਉਸਨੂੰ ਇਉਂ ਕਰਦਿਆਂ ਵੇਖ ਕੇ ਹਰ ਕੋਈ ਮੁਸਕਰਾ ਪੈਂਦਾ ਸੀ। ਉਹ ਕਿਸੇ ਪਸ਼ੂ ਨਾਲ ਕਦੇ ਲੜਦੀ ਭਿੜਦੀ ਨਹੀਂ ਸੀ। ਭਿੜਨਾ ਉਸਨੂੰ ਆਉਂਦਾ ਹੀ ਨਹੀਂ ਸੀ। ਸੋਮਾਂ ਦੀ ਮਿੱਤਰਤਾ ਦਾ ਘੇਰਾ ਦਿਨੋ ਦਿਨ ਵਿਸ਼ਾਲ ਹੁੰਦਾ ਜਾ ਰਿਹਾ ਸੀ। ਸਵੇਰੇ ਸਕੂਲ ਨੂੰ ਜਾਂਦੇ ਅਤੇ ਸ਼ਾਮ ਨੂੰ ਸਕੂਲੋਂ ਆਉਂਦੇ ਮੁੰਡੇ-ਕੁੜੀਆਂ ਹਵੇਲੀ ਦੀ ਕੰਧ ਉੱਤੋਂ ਸੋਮਾਂ ਨੂੰ 'ਹੈਲੋ' ਕਹਿਣਾ ਕਦੇ ਨਾ ਭੁੱਲਦੇ। ਸੋਮਾਂ ਨੂੰ ਵੀ ਜਿਵੇਂ ਉਨ੍ਹਾਂ ਦੀ ਉਡੀਕ ਲੱਗੀ ਹੁੰਦੀ ਸੀ।

ਦੋ ਕੁ ਸਾਲ ਹੋਰ ਬੀਤ ਗਏ। ਸੋਮਾਂ ਦੂਜੇ ਸੂਏ ਸੂਣ ਵਾਲੀ ਸੀ। ਹੁਣ ਉਹ ਭਰ-ਜੁਆਨ ਮੱਝ ਬਣ ਚੁੱਕੀ ਸੀ; ਬਹੁਤ ਹੀ ਸੋਹਣੀ ਮੱਝ। ਉਸਦੇ ਸੂਣ ਵਿਚ ਇਕ ਮਹੀਨਾ ਬਾਕੀ ਰਹਿ ਗਿਆ ਸੀ। ਚਰਨਾ ਟਾਹਲੀ ਦੀ ਛਾਵੇਂ ਖੇਸੀ ਵਿਛਾ ਕੇ ਸੁੱਤਾ ਹੋਇਆ ਸੀ। ਸੋਮਾਂ ਲਾਗਲੇ ਛੱਪੜ ਵਿਚ ਵੜੀ ਹੋਈ ਸੀ। ਕੁਝ ਹੋਰ ਡੰਗਰ ਉਥੇ ਆ ਗਏ। ਉਨ੍ਹਾਂ ਦੇ ਪਾਲੀ ਪਰੇ ਜੇਹੇ ਦੂਜੀ ਟਾਹਲੀ ਦੀ ਛਾਵੇਂ ਬੈਠ ਗਏ। ਕੁਝ ਮੱਝਾਂ ਛੱਪੜ ਵਿਚ ਜਾ ਵੜੀਆਂ। ਕੁਝ ਸਮੇਂ ਪਿੱਛੋਂ ਸੋਮਾਂ ਪਾਣੀ ਵਿਚੋਂ ਬਾਹਰ ਆਈ ਤਾਂ ਇਕ ਮੱਝ ਉਸਦੇ ਪਿੱਛੇ ਪਿੱਛੇ ਛੱਪੜੋਂ ਬਾਹਰ ਆ ਕੇ ਉਸ ਨਾਲ ਭਿੜਨ ਦਾ ਇਰਾਦਾ ਪ੍ਰਗਟ ਕਰਨ ਲੱਗੀ। ਸੋਮਾਂ ਨੇ ਟਾਲ-ਮਟੋਲ ਕੀਤਾ ਪਰ ਉਹ ਲੜਾਕੀ ਕਿਸਮ ਦੀ ਮੱਝ ਸੀ। ਉਸਨੇ ਸੋਮਾਂ ਦਾ ਪਿੱਛਾ ਨਾ ਛੱਡਿਆ। ਸੋਮਾਂ ਨਾਲ ਟੱਕਰ ਡਾਹ ਕੇ ਉਹ ਉਸਨੂੰ ਧੱਕਦੀ ਹੋਈ ਲੈ ਗਈ। ਉਂਞ ਤਾਂ ਸੋਮਾਂ ਵੀ ਤਕੜੀ ਸੀ ਪਰ ਉਹ ਭੇੜੂ ਜਾਂ ਲੜਾਕੀ ਨਹੀਂ ਸੀ। ਉਹ ਪਿੱਛੇ ਹਟਦੀ ਗਈ ਅਤੇ ਅੰਤ ਨੂੰ ਉਸਦਾ ਪਿਛਲਾ ਖੁਰ ਟਾਹਲੀ ਦੀ ਛਾਵੇਂ ਸੁੱਤੇ ਚਰਨੇ ਦੀ ਛਾਤੀ ਉੱਤੇ ਧਰਿਆ ਗਿਆ। ਹੁਣ ਸੋਮਾਂ ਨੇ ਪਿੱਛੇ ਹਟਣਾ ਬੰਦ ਕਰ ਦਿੱਤਾ। ਲੜਾਕੀ ਮੱਝ ਆਪਣੇ ਪੂਰੇ ਤਾਣ ਨਾਲ ਸੋਮਾਂ ਨੂੰ ਪਿੱਛੇ ਧੱਕ ਰਹੀ ਸੀ ਅਤੇ ਸੋਮਾਂ ਆਪਣੇ ਪੂਰੇ ਤਾਣ ਨਾਲ ਉਸਨੂੰ ਰੋਕਣ ਦਾ ਜਤਨ ਕਰ ਰਹੀ ਸੀ। ਉਸਨੂੰ ਪਤਾ ਸੀ ਕਿ ਉਸਦੇ ਪਿੱਛੇ ਹਟਣ ਨਾਲ ਜਾਂ ਉਸਦੇ ਆਪਣੇ ਭਾਰ ਨਾਲ ਕਿਸੇ ਦੀ ਜਾਨ ਜਾ ਸਕਦੀ ਸੀ। ਉਹ ਡਟੀ ਰਹੀ। ਉਸਦਾ ਸਾਰਾ ਜ਼ੋਰ ਲੱਗ ਗਿਆ। ਚਰਨੇ ਦੀ ਇਕ ਪੱਸਲੀ ਟੁੱਟ ਚੁੱਕੀ ਸੀ। ਉਸ ਲਈ ਹਾਲ ਪਾਰ੍ਹਿਆ ਵੀ ਸੰਭਵ ਨਹੀਂ ਸੀ। ਇਕ ਪਾਲੀ ਨੇ ਵੇਖ ਲਿਆ। ਸਾਰੇ ਉੱਠ ਨੱਠੇ। ਭੇੜੂ ਮੱਝ ਨੂੰ ਦੋ ਡਾਂਗਾਂ ਮਾਰ ਕੇ ਭਜਾ ਦਿੱਤਾ। ਪਰ ਉਸਦੇ ਜਾਂਦਿਆਂ ਹੀ ਸੋਮਾਂ ਇਕ ਪਾਸੇ ਡਿੱਗ ਪਈ। ਉਸਨੇ ਆਪਣੇ ਬੱਚੇ ਨੂੰ ਜਨਮ ਦੇਣ ਦਾ ਜਤਨ ਕੀਤਾ ਪਰ ਉਹ ਮਾਂ ਦੇ ਪੇਟ ਵਿਚ ਹੀ ਮਰ ਚੁੱਕਾ ਸੀ। ਮੋਏ ਬੱਚੇ ਨੂੰ ਜਨਮ ਦੇਣ ਦੇ ਜਤਨ ਵਿਚ ਸੋਮਾਂ ਦੇ ਸੁਆਸਾਂ ਦੀ ਤੰਦ ਟੁੱਟ ਗਈ। ਲੋਕੀਂ ਕਹਿੰਦੇ ਸਨ, "ਸੋਮਾਂ ਨੇ ਚਰਨੇ ਦੀ ਜਾਨ ਬਚਾਉਣ ਲਈ ਆਪਣੀ ਕੁਰਬਾਨੀ ਦਿੱਤੀ ਹੈ। ਉਹ ਜ਼ਰੂਰ ਕੋਈ ਉੱਚੀ ਰੂਹ ਸੀ।"



WWW.SIKHBOOKCLUB.COM 